
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 37
December 21, 2016

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


ਅਦਾਰਾ 'ਦੇਸ਼ ਦੁਆਬਾ' ਵੱਲੋਂ ਪ੍ਰਭੂ ਯੀਸੂ ਮਸੀਹ ਜੀ ਦੇ ਸ਼ਰਧਾਲੂਆਂ ਅਤੇ ਕੁੱਲ ਲੋਕਾਈ ਨੂੰ ਮੈਰੀ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

## ਚੰਡੀਗੜ੍ਹ ਚੋਣਾਂ ਨੇ ਸੱਤਾਧਾਰੀਆਂ ਦੇ ਵਧਾਏ ਹੌਸਲੇ

### ਕੀ ਚੰਡੀਗੜ੍ਹ ਦੀ ਸਿਆਸਤ ਪ੍ਰਭਾਵਿਤ ਕਰ ਸਕਦੀ ਹੈ ਪੰਜਾਬ ਚੋਣਾਂ ਨੂੰ

**ਚੰਡੀਗੜ੍ਹ (ਬਿਊਰੋ)-** ਹਾਲ ਹੀ ਵਿਚ ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਨੂੰ ਭਾਰੀ ਜਿੱਤ ਹਾਸਲ ਹੋਈ ਹੈ। 26 ਕੌਂਸਲਰਾਂ ਵਾਲੀ ਚੰਡੀਗੜ੍ਹ ਦੀ ਸਿਟੀ ਕੌਂਸਲ ਵਿਧਾਨ ਸਭਾ ਵਾਂਗ ਹੀ ਕੰਮ ਕਰਦੀ ਹੈ। ਇਸ ਕੌਂਸਲ ਵਿਚ ਮੇਅਰ ਤੋਂ ਬਾਅਦ ਸਿੱਧਾ ਗਵਰਨਰ ਦਾ ਕੰਟਰੋਲ ਹੈ। ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਚੰਡੀਗੜ੍ਹ ਪੜ੍ਹੇ-ਲਿਖੇ ਲੋਕਾਂ ਦਾ ਸ਼ਹਿਰ ਮੰਨਿਆ ਜਾਂਦਾ ਹੈ, ਜੋ ਮੁਲਕ ਲਈ ਕਾਫੀ ਸਟੀਕ ਫਤਵਾ ਵੀ ਦਿੰਦਾ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਇਸ ਜਿੱਤ ਨੂੰ ਨੋਟਬੰਦੀ ਦੇ ਫ਼ੈਸਲੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ 'ਰਾਸ਼ਟਰ-ਪੱਖੀ ਨੀਤੀਆਂ' ਦੇ ਹੱਕ ਵਿੱਚ ਫ਼ਤਵਾ ਦੱਸਿਆ ਜਾ ਰਿਹਾ ਹੈ। ਇੱਕ ਹੱਦ ਤਕ ਅਜਿਹੀ ਸੋਚ ਸਹੀ ਹੈ ਕਿਉਂਕਿ ਜਨਤਾ ਦੇ ਜਿਹੜੇ ਵਰਗ, ਜਿਵੇਂ ਕਿ ਦਿਹਾੜੀਦਾਰ, ਸਨਅਤੀ ਕਾਮੇ, ਰੇਹੜੀਆਂ-ਫੜ੍ਹੀਆਂ ਵਾਲੇ ਤੇ ਨਿਮਨ ਮੱਧ ਸ਼੍ਰੇਣੀ ਨਾਲ ਸਬੰਧਤ ਹੋਰ ਲੋਕ, ਨਿੱਕੀਆਂ ਨਿਗੂਣੀਆਂ ਰਕਮਾਂ ਲਈ ਵੱਡੀਆਂ ਵੱਡੀਆਂ ਕਤਾਰਾਂ ਵਿੱਚ ਵੱਧ ਲੱਗੇ ਰਹੇ, ਉਹੀ ਭਾਜਪਾ ਉਮੀਦਵਾਰਾਂ ਦੇ ਹੱਕ ਵਿੱਚ ਭੁਗਤੇ। ਅਜਿਹਾ ਸਭ ਹੋਣ ਦੇ ਬਾਵਜੂਦ ਇਹ ਮੰਨਣਾ ਜਾਇਜ਼ ਨਹੀਂ ਕਿ ਆਮ ਜਨਤਾ ਨੋਟਬੰਦੀ ਤੋਂ ਔਖੀ ਨਹੀਂ। ਔਖਾ ਹਰ ਵਰਗ ਹੈ, ਪਰ ਗ਼ਰੀਬ ਬੰਦੇ ਦੇ ਅੰਦਰ ਸਬਰ ਦੀ ਮਿਕਦਾਰ ਜ਼ਿਆਦਾ ਹੁੰਦੀ ਹੈ। ਜ਼ਿੰਦਗੀ ਦੇ ਔਝੜ ਰਾਹ ਉਸ ਨੂੰ ਦੁੱਖ-ਤਕਲੀਫ਼ਾਂ ਦੇਰ ਤਕ ਸਹਿਣ ਦੇ ਕਾਬਲ ਬਣਾ ਦਿੰਦੇ ਹਨ। ਅਜਿਹੀ ਬਿਰਤੀ ਉੱਚ-ਮੱਧ ਵਰਗ ਜਾਂ ਅਖੌਤੀ ਕੁਲੀਨ ਵਰਗਾਂ ਦੀ ਨਹੀਂ ਹੁੰਦੀ। ਉਹ ਛੇਤੀ ਛਿੱਥੇ ਪੈ ਜਾਂਦੇ ਹਨ। ਛਿੱਥੀ ਪੈਣ ਦੇ ਬਾਵਜੂਦ ਇਹ ਸ਼੍ਰੇਣੀ ਵੋਟ ਪਾਉਣ ਲਈ ਕਤਾਰਾਂ ਵਿੱਚ ਲੱਗਣ ਨੂੰ ਹੱਤਕ ਸਮਝਦੀ ਹੈ। ਇਹੀ ਕਾਰਨ ਹੈ ਕਿ ਚੰਡੀਗੜ੍ਹ ਦੇ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਪ੍ਰੇਰਨ ਲਈ ਹਰ ਹੀਲਾ ਵਰਤਣ ਦੇ ਬਾਵਜੂਦ ਇਸ ਵਾਰ 60 ਫ਼ੀਸਦੀ ਤੋਂ ਘੱਟ ਵੋਟਾਂ ਹੀ ਭੁਗਤੀਆਂ ਅਤੇ ਵੱਡੇ ਬੰਗਲਿਆਂ ਵਾਲੇ ਸੈਕਟਰਾਂ ਵਿੱਚ ਵੋਟਾਂ ਭੁਗਤਣ ਦੀ ਫ਼ੀਸਦ ਘੱਟ ਰਹੀ। ਕੇਂਦਰ ਵਿੱਚ ਭਾਜਪਾ ਦੀ ਅਗਵਾਈ ਹੇਠ ਸਥਿਰ ਸਰਕਾਰ ਹੋਣ ਨੇ ਵੀ ਚੰਡੀਗੜ੍ਹ 'ਚ ਇਸੇ ਪਾਰਟੀ ਨੂੰ ਜੇਤੂ ਬਣਾਉਣ ਵਿੱਚ ਯੋਗਦਾਨ ਪਾਇਆ ਕਿਉਂਕਿ ਆਮ ਵੋਟਰ ਵੀ ਇਹ ਜਾਣਦਾ ਹੈ ਕਿ ਇਸ ਕੇਂਦਰੀ ਪ੍ਰਦੇਸ਼ ਲਈ ਫੰਡ ਤਾਂ ਦਿੱਲੀਓਂ ਹੀ ਆਉਂਦੇ ਹਨ। ਇਸ ਲਈ ਕੇਂਦਰ ਦੀ ਹੁਕਮਰਾਨ ਧਿਰ ਦੇ ਖ਼ਿਲਾਫ਼ ਕਿਉਂ ਭੁਗਤਣ! ਇਹਨਾਂ ਚੋਣਾਂ ਦੇ ਨਤੀਜਿਆਂ ਤੋਂ ਉਤਸ਼ਾਹਿਤ ਅਕਾਲੀ ਦਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਹੂੰਝਾ ਫੇਰ ਜਿੱਤ ਦੇ ਦਾਅਵੇ ਕਰਨੇ ਆਰੰਭ ਕਰ ਦਿੱਤੇ ਹਨ। ਭਾਜਪਾ ਦੇ ਸਾਬਕਾ ਪੰਜਾਬ ਪ੍ਰਧਾਨ ਅਤੇ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਸ੍ਰੀ ਕਮਲ ਸ਼ਰਮਾ ਨੇ ਇਨ੍ਹਾਂ ਚੋਣ ਨਤੀਜਿਆਂ



**(ਬਾਕੀ ਸਫਾ 9 ਤੇ)**



ਅਦਾਰਾ 'ਦੇਸ਼ ਦੁਆਬਾ' ਸਿੱਖ ਕੌਮ ਦੇ ਮਹਾਨ ਸ਼ਹੀਦਾਂ ਚਾਰੇ ਸਾਹਿਬਜ਼ਾਦਿਆਂ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਜੀ ਦੀ ਮਹਾਨ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹੈ। ਸਾਹਿਬਜ਼ਾਦਿਆਂ ਦੇ ਮਹਾਨ ਸ਼ਹੀਦੀ ਪੁਰਬ ਨੂੰ ਸਮਰਪਿਤ ਪ੍ਰੋ. ਐਚ. ਐਲ. ਕਪੂਰ ਦਾ ਲੇਖ 'ਸਿੱਖ ਇਤਿਹਾਸ ਦੇ 'ਫਖਰ-ਏ-ਕੌਮ' ਯੋਧੇ' ਅਤੇ ਅਵਤਾਰ ਸਿੰਘ ਮਿਸ਼ਨਰੀ ਜੀ ਦਾ 'ਲਾਮਿਸਾਲ ਸਾਕੇ ਵਰਤਾਏ ਬੀਰ-ਬਹਾਦਰ ਜਿੰਦਾਂ ਨੇ' ਲੇਖ **(ਦੇਖੋ ਸਫਾ 15 ਅਤੇ 19 'ਤੇ)**



ਸਹੁੰ ਚੁੱਕਣ ਉਪਰੰਤ ਸਿਟੀ ਆਫ ਲੈਥਰੋਪ ਦੇ ਨਵੇਂ ਮੇਅਰ ਸ੍ਰੀ ਸੋਨੀ ਧਾਲੀਵਾਲ, ਕੌਂਸਲ ਮੈਂਬਰ ਟਰੇਸਾ ਵਰਗਸ, ਜੈਕ ਰਾਮ, ਸ੍ਰੀ ਅਜੈਪਾਲ ਰਾਮ, ਅਤੇ ਹੋਰਾਂ ਨਾਲ।
**(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 12-13 ਤੇ)**



ਸਿਟੀ ਆਫ ਪਿਟਸਬਰਗ ਦੇ ਨਵੇਂ ਮੇਅਰ ਨੇ 13 ਦਸੰਬਰ 2016 ਨੂੰ ਸਹੁੰ ਚੁੱਕ ਸਮਾਗਮ ਦਰਮਿਆਨ ਮੇਅਰ ਮੈਰੀ ਕ੍ਰਾਫਟ ਨੂੰ ਵਧਾਈਆਂ ਦਿੰਦੇ ਹੋਏ ਕਮਿਊਨਿਟੀ ਲੀਡਰ ਅਜੈ ਪਾਲ ਰਾਮ, ਜਗਦੇਵ ਰਾਮ, ਇਕਬਾਲ ਬਡਵਾਲ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਦੇ ਗ੍ਰੰਥੀ ਭਾਈ ਓਮਪਾਲ ਸਿੰਘ ਅਤੇ ਗੁਰਨਾਮ ਸਿੰਘ। ਤਸਵੀਰ ਵਿਚ ਕੌਂਟਰਾ ਕੋਸਟਾ ਸੁਪਰਵਾਈਜ਼ਰ ਫੈਡਰਲ ਗਲੋਵਰ ਵੀ ਦਿਖਾਈ ਦੇ ਰਹੇ ਹਨ।
**(ਹੋਰ ਤਸਵੀਰਾਂ ਦੇਖੋ ਸਫਾ 11 ਤੇ)**

## ਜਰਮਨੀ ਵਿੱਚ ਫਿਰ ਦਹਿਸ਼ਤੀ ਹਮਲਾ, ਯੂਰਪ ਵਿਚ ਦਹਿਸ਼ਤ ਫੈਲੀ

**ਬਰਲਿਨ (ਬਿਊਰੋ)-** ਜਰਮਨੀ ਵਿੱਚ ਇਕ ਨੌਜਵਾਨ ਨੇ ਭੀੜ-ਭੜੱਕੇ ਵਾਲੇ ਕ੍ਰਿਸਮਸ ਬਾਜ਼ਾਰ ਵਿੱਚ ਅੰਨ੍ਹੇਵਾਹ ਟਰੱਕ ਚਾੜ੍ਹ ਕੇ ਘੱਟੋ-ਘੱਟ 12 ਜਣਿਆਂ ਨੂੰ ਮਾਰ ਸੁੱਟਿਆ ਅਤੇ 48 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਨੇ ਕਿਹਾ ਕਿ ਇਹ ਇਕ ਦਹਿਸ਼ਤੀ ਹਮਲਾ ਹੈ, ਜਿਸ ਨੂੰ ਸੰਭਵ ਤੌਰ 'ਤੇ ਇਕ ਸ਼ਰਨ ਮੰਗਣ ਵਾਲੇ ਨੇ ਅੰਜਾਮ ਦਿੱਤਾ ਹੈ।

ਪੋਲੈਂਡ ਦੇ ਨੰਬਰ ਵਾਲਾ ਇਹ ਟਰੱਕ ਲੋਹੇ ਦੀਆਂ ਗਰਿੱਲਾਂ ਨਾਲ ਲੱਦਿਆ ਹੋਇਆ ਸੀ। ਇਸ ਨੂੰ ਮੁਕਾਮੀ ਸਮੇਂ ਮੁਤਾਬਕ ਰਾਤੀਂ ਕਰੀਬ 8 ਵਜੇ ਸ਼ਹਿਰ ਦੇ ਇਕ ਮੁੱਖ ਕੇਂਦਰ ਕੈਸਰ ਵਿਲਹਮ ਮੈਮੋਰੀਅਲ ਚਰਚ ਦੇ ਸਾਹਮਣੇ ਬਰਿਟਸ਼ੀਡਪਲਾਜ਼ ਸਕੁਏਅਰ ਵਿੱਚ ਲੱਗੇ ਰਵਾਇਤੀ ਕ੍ਰਿਸਮਸ ਬਾਜ਼ਾਰ ਉਤੇ ਚਾੜ੍ਹ ਦਿੱਤਾ ਗਿਆ। ਵਾਹਨ ਸੈਲਾਨੀਆਂ ਦੇ ਇਸ ਖ਼ਾਸ ਪਸੰਦੀਦਾ ਖੇਤਰ ਵਿੱਚ 50 ਤੋਂ 80 ਮੀਟਰ ਤੱਕ ਲੋਕਾਂ ਨੂੰ ਦਰੜਦਾ ਚਲਾ ਗਿਆ।



ਪੁਲੀਸ ਮੁਤਾਬਕ ਵਾਹਨ ਦੇ ਕੈਬਿਨ ਵਿੱਚ ਦੋ ਵਿਅਕਤੀ ਸਨ। ਟਰੱਕ ਰੁਕਣ 'ਤੇ ਡਰਾਈਵਰ ਛਾਲ ਮਾਰ ਕੇ ਫ਼ਰਾਰ ਹੋ ਗਿਆ। ਪੁਲੀਸ ਨੇ ਅੰਦਰੋਂ ਇਕ ਪੋਲਿਸ਼ ਵਿਅਕਤੀ ਨੂੰ ਕਾਬੂ ਕਰ ਲਿਆ। ਬਾਅਦ ਵਿੱਚ ਡਰਾਈਵਰ ਨੂੰ ਵੀ ਫੜ ਲਿਆ ਗਿਆ, ਜੋ ਪਾਕਿਸਤਾਨੀ ਸ਼ਹਿਰੀ ਦੱਸਿਆ ਜਾ ਰਿਹਾ ਹੈ। ਬੀ ਆਈ

**(ਬਾਕੀ ਸਫਾ 9 ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538



RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



# ਖੁਦਾਵੰਦ ਜੀਸਸ ਮਸੀਹ ਜੀ ਦੇ ਪਵਿੱਤਰ ਜਨਮ ਦਿਨ 'ਤੇ ਆਪ ਸਭ ਨੂੰ ਲੱਖ-ਲੱਖ ਮੁਬਾਰਕ



## J S Chandan and Family




# MAJESTIC HOMES

## JUST LISTED

**$279,950**

**3201 Magicwoods Ct**
**Sacramento**

**3 Bedrooms and 2 Bathrooms - Home in Sacramento**

Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. New carpet and laminte flooring. Freshly painted inside. New kitchen appliances and counters. Single story home. Court location.







## SOLD

**3314 Canim Ct**
**Antioch**

**3 Bedrooms and 2 Bathrooms - Home in Antioch**

Cozy 3 Bedrooms, 2 bath and 2 car garage in a court location on a 6600 sqft lot. Dual pane windows. Storage shed in the backyard. Possible RV parking. Fire place in living room. Central heating and air conditioning. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



**Ramesh Suman, Broker**
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us



**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

**2006 A Street, Suite 219, Antioch, CA 94509**

**Service Excellence - Experience the Difference**

WWW.MajesticHomes.US Email: Ramesh@RameshSuman.com

# ਚੋਣ ਮੰਡਲ ਦੀ ਵੋਟਿੰਗ ਵਿੱਚ ਵੀ ਟਰੰਪ ਦੀ ਜਿੱਤ



**ਵਾਸ਼ਿੰਗਟਨ–** ਚੋਣ ਮੰਡਲ ਦੀ ਵੋਟਿੰਗ ਵਿੱਚ ਡੋਨਲਡ ਟਰੰਪ ਨੂੰ ਜਿੱਤ ਹਾਸਲ ਹੋਈ ਹੈ, ਜਿਸ ਨਾਲ ਉਨ੍ਹਾਂ ਦੇ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਅਹੁਦੇ ਲਈ ਹੋਈ ਚੋਣ ਉਪਰ ਮੋਹਰ ਲੱਗ ਗਈ। ਉਨ੍ਹਾਂ ਦੀ ਇਸ ਜਿੱਤ ਨਾਲ ਹੀ ਰਿਪਬਲਿਕਨ ਚੋਣਕਾਰਾਂ ਨੂੰ ਉਨ੍ਹਾਂ ਖ਼ਿਲਾਫ਼ ਕਰਨ ਦੀ ਵਿਰੋਧੀਆਂ ਦੀ ਕੋਸ਼ਿਸ਼ ਉਪਰ ਪਾਣੀ ਫਿਰ ਗਿਆ ਹੈ। ਉਨ੍ਹਾਂ ਨੂੰ ਚੋਣ ਮੰਡਲ ਵਿਚ ਲੋੜੀਂਦੀਆਂ 270 ਵੋਟਾਂ ਤੋਂ ਕਿਤੇ ਵੱਧ ਵੋਟਾਂ ਮਿਲੀਆਂ। ਆਲੋਚਕਾਂ ਨੂੰ ਆਸ ਸੀ ਕਿ ਟਰੰਪ ਨੂੰ ਚੋਣ ਮੰਡਲ ਵਿੱਚ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਪਰ ਅਜਿਹਾ ਨਹੀਂ ਹੋਇਆ। ਟਰੰਪ ਨੂੰ ਚੋਣ ਮੰਡਲ ਵਿਚ 304 ਵੋਟਾਂ ਮਿਲੀਆਂ, ਜਦ ਕਿ ਹਿਲੇਰੀ ਕਲਿੰਟਨ ਨੂੰ 227 ਵੋਟਾਂ ਹਾਸਲ ਹੋਈਆਂ। ਚੋਣ ਮੰਡਲ ਦੇ ਸੱਤ ਮੈਂਬਰ ਅਜਿਹੇ ਸਨ, ਜਿਨ੍ਹਾਂ ਨੇ ਦੋਵਾਂ ਵਿੱਚੋਂ ਕਿਸੇ ਨੂੰ ਵੀ ਵੋਟ ਨਾ ਪਾਕੇ ਹੋਰ ਉਮੀਦਵਾਰਾਂ ਨੂੰ ਆਪਣੀ ਵੋਟ ਪਾ ਦਿੱਤੀ। ਦੂਜੇ ਪਾਸੇ ਮਕਬੂਲੀਅਤ ਪੱਖੋਂ ਹਿਲੇਰੀ ਨੂੰ ਟਰੰਪ ਤੋਂ 30 ਲੱਖ ਵੱਧ ਵੋਟਾਂ ਮਿਲੀਆਂ।

# ਸੈਣੀ ਕਮਿਊਨਿਟੀ ਨੂੰ ਪੱਛੜੀਆਂ ਸ਼੍ਰੇਣੀਆਂ ਵਿੱਚ ਸ਼ਾਮਿਲ ਕਰਨ ਦੀ ਭਰਪੂਰ ਨਿੰਦਾ

**ਗ੍ਰੈਂਡ ਰੈਪਡਿ, ਮਿਸ਼ੀਗਨ (ਹੁਸਨ ਲੜੋਆ ਬੰਗਾ)–** ਵਿਦੇਸ਼ਾਂ ਵਿੱਚ ਵਸਦੀ ਸਮੁਚੀ ਸੈਣੀ ਕਮਿਉਨਿਟੀ ਜੋ ਕਿ ਆਪਣੀ ਮਿਹਨਤ, ਲਗਨ ਅਤੇ ਪ੍ਰਮਤਾਮਾ ਦੀ ਬਖਸ਼ਿਸ਼ ਸਦਕਾ ਬਹੁਤ ਵੱਡੇ ਵੱਡੇ ਅਹੁਦਿਆਂ, ਬਿਜ਼ਨਸ ਅਤੇ ਰਜਿਨੀਤਕ ਅਹੁਦਿਆਂ ਤੇ ਵਿਰਾਜ਼ਮਾਨ ਹਨ ਨੇ ਪੰਜਾਬ ਅੰਦਰ ਵਸਦੇ ਕੁਝ ਕੁ ਅਪਣੇ ਨਿੰਜੀ ਸਵਾਰਥਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ ਸੈਣੀ ਬਰਾਦਾਰੀ ਨੂੰ ਪਛੜੀਆਂ ਸ਼੍ਰੇਣੀਆਂ ਵਿੱਚ ਸ਼ਾਮਿਲ ਕਰਨ ਅਤੇ ਆਪਣੇ ਲਾਭ ਲਈ ਇਸ ਕੋਝੇ ਫੈਸਲੇ ਦੀ ਜ਼ੋਰਦਾਰ ਸ਼ਬਦਾਂ 'ਚ ਦੀ ਭਰਪੂਰ ਨਿੰਦਾ ਕੀਤੀ ਹੈ ।ਇਸ ਮੌਕੇ ਸੰਨ੍ਹੀ ਧੂੜ੍ਹ ਜੋ ਮਿਸ਼ੀਗਨ ਵਿੱਚ ਇੱਕ ਕਾਮਯਾਬ ਬਿਜ਼ਨਸ ਮੈਨ ਹਨ, ਅਮਰੀਕਾ ਦੀ ਸਿਆਸਤ ਵਿੱਚ ਬਹੁਤ ਹੀ ਉਚੇ ਅਹੁਦਿਆਂ ਤੇ ਵਿਰਾਜ਼ਮਾਨ ਅਤੇ ਬਹੁਤ ਹੀ ਸਮਾਜਿਕ, ਸਭਿਆਚਰਾਕ ਅਤੇ ਧਾਰਮਿਕ ਸਰਗਰਮੀਆਂ ਵਿੱਚ ਹਮੇਸ਼ਾਂ ਲੋਕਾਈ ਦੇ ਬਲੇ ਲਈ ਤਤਪਰ ਰਹਿੰਦੇ ਹਨ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਸਰਾਕਾਰ ਨੂੰ ਇਸ ਫੈਸਲੈ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ ਨਹੀਂ ਤਾਂ ਆਉਂਦੇ ਭਵਿੱਖ ਵਿੱਚ ਇਸ ਦੇ ਬਹੁਤ ਹੀ ਖਤਰਨਾਕ ਸਿੱਟੇ ਨਿਕਲ ਸਕਦੇ ਹਨ। ਉਨ੍ਹਾਂ ਖਾਸ ਕਰਕੇ ਸ਼੍ਰੀ ਤਰਸੇਮ ਸੈਣੀ ਨੂੰ ਮਤਲਬ ਪ੍ਰਸਤ ਆਖਦਿਆਂ ਕਿਹਾ ਕਿ ਓਹ ਆਪਣੇ ਸਵਾਰਥ ਲਈ ਕਿਸੇ ਵੀ ਹੱਦ ਤੱਕ ਗਿਰ ਸਕਦਾ ਹੈ। ਸਰਦਾਰ ਦਿਲਬਾਗ ਸਿੰਘ ਜਿਨ੍ਹਾਂ ਨੇ ਸਾਰੀ ਉਮਰ ਲੋਕਾ ਦੀ ਭਲਾਈ ਖਾਤਰ ਲਗਾ ਦਿੱਤੀ ਤੇ ਉਨ੍ਹਾਂ ਦੇ ਪੁੱਤਰ ਚਰਨਜੀਤ ਸਿੰਘ ਚੰਨੀ ਨੂੰ ਵੀ ਆਪਣੀ ਹੀ ਮਾਂ ਦੇ ਖਿਲਾਫ ਰਾਜਨੀਤੀ ਦੀ ਨਿਖੇਧੀ ਕੀਤੀ। ਕਾਂਗਰਸ ਪਾਰਟੀ ਨੂੰ ਛੱਡ ਕੇ ਆਪਣੇ ਸਵਰਥਾਂ ਲਈ ਬੀ ਜੇ ਪੀ ਦੀ ਬੁਕਲ ਵਿੱਚ ਜਾ ਬੈਠੇ ਕਮਲ ਚੌਧਰੀ ਨੇ ਵੀ ਸੈਣੀ ਹੁੰਦਿਆਂ ਸਿਰਫ ਅਤੇ ਸਿਰਫ ਆਪਣਾ ਹੀ ਭਲਾ ਸੋਚਿਆ ਹੈ । ਇਸ ਵਤਕ ਸੈਣੀ ਕਮਿਉਨਿਟੀ ਦੀਆਂ ਸਤਿਕ-'ਰਰਤ ਹਸਤੀਆਂ ਜਿਨ੍ਹਾਂ ਨੇ ਇਸ ਫੈਸਲੇ ਦੀ ਸਖਤ ਸ਼ਬਦਾਂ ਵਿੱਚ ਨਖੇਧੀ ਕੀਤੀ ਵਿਚ ਸ਼੍ਰੀ ਧੂੜ੍ਹ ਤੋਂ ਇਲਾਵਾ ਪ੍ਰੋਫੈਸਰ ਰੇਸ਼ਮ ਸਿੰਘ ਸੈਣੀ, ਸਰਦਾਰ ਮਨਮੋਹਨ ਸਿੰਘ, ਸਰਦਾਰ ਕਰਨੈਲ ਸਿੰਘ, ਮਨਦੀਪ ਸਿੰਘ, ਰਾਹੁਲ ਸਿੰਘ, ਅਮਨਦੀਪ ਸਿੰਘ, ਗਗਨਦੀਪ ਸਿੰਘ, ਉਪਦੇਸ਼ ਸਿੰਘ, ਇਕਬਾਲ ਸਿੰਘ ਸੈਣੀ, ਜਸਵੰਤ ਸਿੰਘ , ਗੁਰਦੀਪ ਸਿੰਘ ਆਦਿ ਸ਼ਾਮਿਲ ਸਨ।

# ਨਰਿੰਦਰਪਾਲ ਸਿੰਘ ਹੁੰਦਲ ਨੂੰ ਸਦਮਾ ਵੱਡੇ ਭਰਾ ਦਾ ਦਿਹਾਂਤ

**ਸੈਕਰਾਮੈਂਟੋ–** ਕੈਲੇਫੋਰਨੀਆਂ ਵਿਚ ਲੰਮੇ ਸਮੇਂ ਤੋਂ ਵਸਦੇ ਉਘੇ ਸਿੱਖ ਆਗੂ ਤੇ ਅਕਾਲੀ ਦਲ ਅਮਰੀਕਾ ਵੈਸਟ ਕੋਸਟ ਦੇ ਸੀਨੀਅਰ ਵਾਈਸ ਪ੍ਰਧਾਨ ਸ: ਨਰਿੰਦਰਪਾਲ ਸਿੰਘ ਹੁੰਦਲ ਹੁਰਾਂ ਨੂੰ ਉਦੋਂ ਅਸਹਿ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਵੱਡੇ ਭਰਾ ਸ: ਸੁਰਿੰਦਰਪਾਲ ਸਿੰਘ ਹੁੰਦਲ (63) ਦਾ ਸੰਖੇਪ ਬਿਮਾਰੀ ਪਿਛੋਂ ਦਿਹਾਂਤ ਹੋ ਗਿਆ। ਉਹ ਆਪਣੇ ਪਿੱਛੇ ਬਜੁਰਗ ਮਾਤਾ ਬਲਵਿੰਦਰ ਕੌਰ, ਪਤਨੀ ਸੁਰਜੀਤ ਕੌਰ, ਤਿੰਨ ਲੜਕੀਆਂ ਤੋਂ ਇਲਾਵਾ ਤਿੰਨ ਭਰਾਵਾਂ, ਦੋ ਭੈਣਾਂ ਦੇ ਬਹੁਤ ਵੱਡੇ ਪਰਿਵਾਰਾਂ ਸਮੇਤ ਰਿਸ਼ਤੇਦਾਰੀ ਅਤੇ ਮਿੱਤਰਤਾ ਦੇ ਬਹੁਤ ਵੱਡੇ ਦਾਇਰੇ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਗਏ ਹਨ। ਉਨ੍ਹਾਂ ਦਾ



ਅੰਤਿਮ ਸੰਸਕਾਰ ਮਿਤੀ 28 ਦਸੰਬਰ 2016 ਨੂੰ ਮਾਉਂਟ ਵਰਨਨ ਮੈਮੋਰੀਅਲ ਪਾਰਕ 8201 Greenback Ln, Fair Oaks, CA 95628, USA ਵਿਖੇ ਹੋਵੇਗਾ ਅਤੇ ਬਾਅਦ ਵਿਚ ਦੁਪਹਿਰ 1 ਤੋਂ 3 ਵਜੇ ਤੱਕ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਰੋਜ਼ਵਿਲ ਵਿਖੇ ਹੋਵੇਗੀ। ਅਦਾਰਾ 'ਦੇਸ਼ ਦੁਆਬਾ' ਹੁੰਦਲ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

# ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜਨੋ ਵਲੋਂ ਗਦਰੀ ਬਾਬਿਆ ਦੇ 17 ਵੇਂ ਮੇਲੇ ਦਾ ਐਲਾਨ



**ਫਰਿਜਨੋ–** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜਨੋ ਦੀ ਜਨਰਲ ਬਾਡੀ ਮੀਟਿੰਗ ਨਵਦੀਪ ਸਿੰਘ ਧਾਲੀਵਾਲ ਦੇ ਘਰ ਵਿਚ ਹੋਈ ਜਿਸ ਵਿਚ ਮੈਬਰਾਂ ਦੀ ਭਰਪੂਰ ਸ਼ਮੂਲੀਅਤ ਸੀ। ਇਸ ਮੀਟਿੰਗ ਵਿਚ ਫੋਰਮ ਦੇ ਸੈਕਟਰੀ ਸਰਿੰਦਰ ਸਿੰਘ ਮੰਢਾਲੀ ਨੇ ਫੋਰਮ ਵਲੋਂ ਸਾਲ 2016 ਵਿਚ ਕੀਤੇ ਕੰਮਾ ਦੀ ਇਕ ਸੰਖੇਪ ਰੀਪੋਰਟ ਪੇਸ਼ ਕੀਤੀ ਗਈ। ਸਮੂਹ ਮੈਂਬਰਾ ਨੇ ਫੋਰਮ ਦੇ ਪਿਛਲੇ ਸਮਾਗਮਾ ਬਾਰੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਇਨਾਂ ਪ੍ਰੋਗਰਾਮਾ ਨੂੰ ਹੋਰ ਵੀ ਕਾਮਯਾਬ ਬਣਾਉਣ ਲਈ ਆਪਣੇ ਸੁਝਾਅ ਵੀ ਪੇਸ਼ ਕੀਤੇ।

ਸਮੂਹ ਮੈਂਬਰਾਂ ਨੇ ਪੂਰੇ ਭਾਰਤੀ ਭਾਈਚਾਰੇ ਵਲੋਂ ਫੋਰਮ ਦੇ ਇਨਾਂ ਕੰਮਾ ਵਿਚ ਮਿਲ ਰਹੇ ਭਰਪੂਰ ਸਹਿਯੋਗ ਤੇ ਤਸੱਲੀ ਪਰਗਟ ਕੀਤੀ।

ਇਸ ਮੀਟਿੰਗ ਵਿਚ ਅਗਲੇ ਸਾਲ ਦਾ 'ਮੇਲਾ ਗਦਰੀ ਬਾਬਿਆ ਦਾ', 2 ਅਪਰੈਲ 2017 ਨੂੰ ਫਰਿਜਨੋ ਵਿਚ ਕਰਵਾਉਣ ਦਾ ਐਲਾਨ ਕੀਤਾ ਗਿਆ। ਇਹ ਮੇਲਾ ਫੋਰਮ ਵਲੋਂ ਲਗਾਤਾਰ ਕਰਵਾਏ ਜਾ ਰਹੇ ਮੇਲਿਆ ਦੀ ਲੜੀ ਵਿਚ 17 ਮੇਲਾ ਹੋਵੇਗਾ ਜੋ ਕਿ ਸੰਨ 1917 ਦੇ ਗਦਰੀ ਸ਼ਹੀਦਾਂ ਨੂੰ ਸਮਰਪਤ ਹੋਵੇਗਾ।ਇਸ ਪ੍ਰੋਗਰਾਮ ਵਿਚ ਪ੍ਰੋਫੈਸਰ ਸ੍ਰ ਨਰਿੰਜਣ ਸਿੰਘ ਢੇਸੀ ਮੁਖ ਬੁਲਾਰੇ ਹੋਣਗੇ। ਸ੍ਰ ਨਰਿੰਜਣ ਸਿੰਘ ਢੇਸੀ ਇਕ ਲੰਬਾ ਸਮਾਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪੰਜਾਬੀ ਦੇ ਪ੍ਰੋਫੈਸਰ ਹੋਣ ਦੇ ਨਾਲ ਨਾਲ ਗੁਰੂ ਗਰੰਥ ਸਾਹਿਬ ਚੇਅਰ ਦੇ ਮੁਖੀ ਵੀ ਰਹੇ ਹਨ।

ਆਉਣ ਵਾਲੇ ਦਿਨਾਂ ਵਿਚ ਇਸ ਪ੍ਰੋਗਰਾਮ ਨਾਲ ਸਬੰਧਤ ਹੋਰ ਜਾਣਕਾਰੀਆ ਵੀ ਜਾਰੀ ਕੀਤੀਆ ਜਾਣਗੀਆ। ਮੀਟਿੰਗ ਨੇ ਫਰਿਜਨੋ ਏਰੀਏ ਦੇ ਸਮੂਹ ਲੋਕਾਂ ਤੋਂ ਆਸ ਕੀਤੀ ਉਹ ਹਮੇਸ਼ਾ ਦੀ ਤਰਾਂ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪਣਾ ਹਰ ਤਰਾਂ ਦਾ ਯੋਗਦਾਨ ਦੇਣਗੇ।ਇਸ ਦੇ ਨਾਲ ਹੀ ਇਲਾਕੇ ਦੀਆਂ ਹੋਰ ਜਥੇਬੰਦੀਆਂ ਤੋਂ ਵੀ ਭਰਪੂਰ ਹੁੰਗਾਰੇ ਦੀ ਆਸ ਵਿਚ ਅਪੀਲ ਕੀਤੀ ਕਿ ਉਹ ਆਪਣੇ ਆਉਣ ਵਾਲੇ ਪ੍ਰੋਗਰਾਮ ਇਸ ਦਿਨ ਨੂੰ ਧਿਆਨ ਵਿਚ ਰਖ ਕੇ ਉਲੀਕਣਗੇ। ਮੀਟਿੰਗ ਵਲੋਂ 900 ਏ ਐਮ ਰੇਡੀਓ ਸਟੇਸ਼ਨ ਦੇ ਪੰਜਾਬੀ ਹੋਸਟ ਅਤੇ ਰੇਡੀਓ ਪੰਜਾਬ ਅਤੇ ਸਮੂਹ ਪੰਜਾਬੀ ਅਖਬਾਰਾਂ ਦਾ ਵੀ ਧੰਨਵਾਦ ਕੀਤਾ ਅਤੇ ਆਉਣ ਵਾਲੇ ਪ੍ਰੋਗਰਾਮ ਲਈ ਵੀ ਸਹਿਯੋਗ ਦੀ ਅਪੀਲ ਕੀਤੀ। ਇਨਾਂ ਪ੍ਰੋਗਰਾਮ ਦੇ ਸਬੰਧ ਵਿਚ ਕਿਸੇ ਤਰਾਂ ਦੀ ਜਾਣਕਾਰੀ ਲੈਣ ਲਈ ਨਵਦੀਪ ਸਿੰਘ ਧਾਲੀਵਾਲ (559-287-0822), ਸੁਰਿੰਦਰ ਸਿੰਘ ਮੰਢਾਲੀ (559-473-9269) ਜਾਂ ਹਰਜਿੰਦਰ ਸਿੰਘ ਢੇਸੀ (559-618-0156) ਨਾਲ ਸੰਪਰਕ ਕਰ ਸਕਦੇ ਹੋ।

# ਕਾਰਲ ਮਾਰਕਸ ਤੋਂ ਵੀ ਵੱਡੇ ਲੀਡਰ ਸਨ ਅੰਬੇਡਕਰ

**ਚੇਨਈ–** ਮਦਰਾਸ ਹਾਈ ਕੋਰਟ ਦੇ ਇਕ ਜੱਜ ਨੇ ਕਿਹਾ ਕਿ ਡਾ. ਬੀ. ਆਰ. ਅੰਬੇਡਕਰ ਕਾਰਲ ਮਾਰਕਸ ਤੋਂ ਵੀ ਵੱਡੇ ਨੇਤਾ ਸਨ। ਅੰਬੇਡਕਰ ਅਤੇ ਮਾਰਕਸ ਦੋਵਾਂ ਨੇ ਹੀ ਲੰਡਨ ਸਕੂਲ ਆਫ ਇਕਨਾਮਿਕਸ ਵਿਚ ਪੜ੍ਹਾਈ ਕੀਤੀ ਸੀ, ਜਿੱਥੇ ਅੱਜ ਵੀ ਇਹਨਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ।

ਜਸਟਿਸ ਐਸ. ਤਮਿਲਯਾਨਨ ਨੇ ਕਿਹਾ ਕਿ ਅੰਬੇਡਕਰ ਉਥੇ ਕਾਨੂੰਨ





ਦਾ ਅਧਿਐਨ ਕਰਨ ਗਏ ਸਨ ਅਤੇ ਉਸ ਤੋਂ ਬਾਅਦ ਉਹਨਾਂ ਨੇ ਸਮਾਜਿਕ ਤਬਦੀਲੀ ਅਤੇ ਅੰਦੋਲਨ ਦੀ ਸ਼ੁਰੂਆਤ ਕੀਤੀ, ਜਦਕਿ ਮਾਰਕਸ ਸਿਰਫ ਅਰਥ ਸ਼ਾਸਤਰ ਵਿਚ ਮਾਹਿਰਤਾ ਹਾਸਲ ਕਰ ਸਕੇ। ਚੇਲਈ ਵਿਚ ਆਯੋਜਿਤ ਡਾ. ਅੰਬੇਡਕਰ ਸਮਾਰਕ ਸਥਾਪਨਾ ਪ੍ਰੋਗਰਾਮ ਵਿਚ ਜਸਟਿਸ ਤਮਿਲਵਾਨਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਨੂੰ ਵੀ ਦਲਿਤ ਜਾਂ ਹੇਠਲੀ ਜਾਤੀ ਦਾ ਨਾ ਸਮਝਣ। ਦਲਿਤ ਵਰਗਾ ਕੋਈ ਸ਼ਬਦ ਨਹੀਂ ਹੈ, ਇਸ ਕਰਕੇ ਕਿਰਪਾ ਕਰਕੇ ਇਸਦਾ ਇਸਤੇਮਾਲ ਨਾ ਕਰੋ। ਵੁਹਨਾਂ ਕਿਹਾ ਕਿ ਭਰਥਿਆਰ, ਕਾਮਰਾਜ ਅਤੇ ਅੰਬੇਡਕਰ ਵਰਗੇ ਲੀਡਰਾਂ ਨੇ ਸਮਾਜ ਦੇ ਲਈ ਬਹੁਤ ਕੁਝ ਕੀਤਾ ਹੈ, ਇਸ ਕਰਕੇ ਉਹਨਾਂ ਨੂੰ ਕਿਸੇ ਜਾਤੀ ਵਿਸ਼ੇਸ਼ ਨਾਲ ਨਹੀਂ ਬੰਨ੍ਹਿਆ ਜਾਣਾ ਚਾਹੀਦਾ। ਉਹਨਾਂ ਕਿਹਾ ਕਿ ਅੰਬੇਡਕਰ ਨੇ ਸਿਰਫ ਇਕ ਫਿਰਕੇ ਵਿਸ਼ੇਸ਼ ਦੇ ਲਈ ਨਹੀਂ ਬਲਕਿ ਔਰਤਾਂ, ਮਜ਼ਦੂਰਾਂ ਦੇ ਹੱਕਾਂ ਲਈ ਵੀ ਸੰਘਰਸ਼ ਕੀਤਾ। ਉਹਨਾਂ ਨੇ ਕਿਹਾ ਕਿ ਔਰਤਾਂ ਨੂੰ ਸੰਪਤੀ ਵਿਚ ਸਮਾਨਤਾ ਦਾ ਹੱਕ ਜਿੱਥੇ ਅੱਜ ਵੀ ਸੰਸਦ ਵਿਚ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਥੇ ਹੀ 1956 ਵਿਚ ਜਦੋਂ ਸੰਸਦ ਵਿਚ ਇਸਦੇ ਰਸਤੇ ਵਿਚ ਅੜਿੱਕੇ ਆਏ ਤਾਂ ਅੰਬੇਡਕਰ ਨੇ ਮੰਤਰੀ ਦੇ ਅਹੁਦੇ ਤੋਂ ਆਪਣਾ ਅਸਤੀਫਾ ਦੇ ਦਿੱਤਾ ਸੀ। ਜਸਟਿਸ ਤਮਿਲਵਾਨਨ ਦਾ ਮੰਨਣਾ ਹੈ ਕਿ ਹਿੰਦੂਤਵ ਕੋਈ ਧਰਮ ਨਹੀਂ ਹੈ। ਇੱਥੋਂ ਤੱਕ ਕਿ ਸੰਵਿਧਾਨ ਵੀ ਇਹ ਕਹਿੰਦਾ ਹੈ ਕਿ ਅਜਿਹੇ ਲੋਕ ਜੋ ਮੁਸਲਿਮ, ਜੈਨ, ਬੋਧੀ ਅਤੇ ਇਸਾਈ ਨਹੀਂ ਹਨ, ਉਹ ਸਾਰੇ ਹਿੰਦੂ ਹਨ।

# ਸ਼੍ਰੋਮਣੀ ਅਕਾਲੀ ਦਲ ਅਮਰੀਕਾ ਯੂਥ ਵਿੰਗ ਵੈਸਟ ਕੋਸਟ ਵੱਲੋਂ ਕਰਵਾਈ ਭਰਵੀਂ ਰੈਲੀ

## ਰਵਿਦਰ ਸਿੰਘ ਬੋਇਲ ਪ੍ਰਧਾਨ ਯੂਥ ਅਕਾਲੀ ਦਲ ਦਾ ਸਨਮਾਨ




**ਮੁਡਿਸਟੋ (ਕੈਲੀਫੋਰ-ਨੀਆ (ਹੁਸਨ ਲੜੋਆ ਬੰਗਾ)–** ਯੂਥ ਅਕਾਲੀ ਦਲ ਅਮਰੀਕਾ ਅਤੇ ਸੀਨੀਅਰ ਅਕਾਲੀ ਦਲ ਵੈਸਟ ਕੋਸਟ ਵੱਲੋਂ ਮੁਡਿਸਟੋ ਸ਼ਹਿਰ ਵਿਚ ਰੈਲੀ ਕਰਵਾਈ ਗਈ, ਜਿਸ ਨੂੰ ਭਰਵਾਂ ਹੁੰਗਾਰਾ ਮਿਮਿਲਆ। ਰੈਲੀ ਨੂੰ ਵੱਖ-ਵੱਖ ਆਗੂਆਂ ਨੇ ਸੰਬੋਧਨ ਕੀਤਾ, ਜਿਸ ਵਿਚ ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ, ਅਰਵਿੰਦਰ ਸਿੰਘ ਲਾਖਨ ਕੋਆਰਡੀਨੇਟਰ ਯੂਥ ਵਿੰਗ, ਰਵਿੰਦਰ ਸਿੰਘ ਬੋਇਲ ਮਕਸੂਦਪੁਰ ਪ੍ਰਧਾਨ ਯੂਥ ਅਕਾਲੀ ਦਲ ਅਮਰੀਕਾ ਵੈਸਟ ਕੋਸਟ। ਵਿਨੇ ਵੋਹਰਾ ਸੀਨੀਅਰ ਮੀਤ ਪ੍ਰਧਾਨ ਵੈਸਟ ਕੋਸਟ, ਸਰਬਜੋਤ ਸਿੰਘ ਸਵੱਦੀ ਸਕੱਤਰ ਜਨਰਲ, ਗੁਰਨਾਮ ਸਿੰਘ ਪੰਮਾ ਚੇਅਰਮੈਨ, ਹਰਬੰਸ ਸਿੰਘ ਚਾਹਲ, ਦਿਲਵੀਰ ਸਿੰਘ ਸੰਘੇੜਾ ਜਨਰਲ ਸਕੱਤਰ, ਸਤਵੀਰ ਸਿੰਘ ਹੀਰ ਮੀਡੀਆ ਸਕੱਤਰ, ਸ਼ੇਰ ਸਿੰਘ ਚੌਹਾਨ ਜਨਰਲ ਸਕੱਤਰ ਯੂਥ, ਭੁਪਿੰਦਰ ਸਿੰਘ ਜਾਡਲਾ ਸੀਨੀਅਰ ਐਡਵਾਇਜ਼ਰ, ਬਾਬਾ ਦਿਲਜੀਤ ਸਿੰਘ ਜੀ ਸ਼ਿਕਾਗੋ ਮੁੱਖ ਮਹਿਮਾਨ ਬਣ ਕੇ ਪਹੁੰਚੇ। ਇਸ ਤੋਂ ਇਲਾਵਾ ਪੰਜਾਬ ਤੋਂ ਚਰਨਜੀਤ ਸਿੰਘ ਬਰਾੜ ਓ. ਐਸ. ਡੀ. ਡਿਪਟੀ ਸੀ. ਐਮ., ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਪਰਵਿੰਦਰਪਾਲ ਸਿੰਘ ਰਾਠੌੜ ਨੇ ਲਾਈਵ ਸੰਬੋਧਨ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਯੂਥ ਵਿੰਗ ਵੈਸਟ ਕੋਸਟ ਵੱਲੋਂ ਕਰਵਾਈ ਇਸ ਰੈਲੀ ਵਿਚ ਰਵਿੰਦਰ ਸਿੰਘ ਬੋਇਲ ਪ੍ਰਧਾਨ ਯੂਥ ਅਕਾਲੀ ਦਲ ਨੂੰ ਉਹਨਾਂ ਦੀ ਕੀਤੀ ਮਿਹਨਤ ਬਦਲੇ ਸਨਮਾਨਿਤ ਵੀ ਕੀਤਾ ਗਿਆ।

# 15 ਸਾਲਾ ਬਾਅਦ ਭਾਰਤ ਨਵਾਂ ਵਿਸ਼ਵ ਜੂਨੀਅਰ ਹਾਕੀ ਚੈਂਪੀਅਨ ਬਣਿਆ

**ਲਖਨਊ–** ਭਾਰਤ ਨੇ 15 ਸਾਲਾਂ ਦੇ ਵਕਫ਼ੇ ਮਗਰੋਂ ਐਫਆਈਐਚ ਜੂਨੀਅਰ ਹਾਕੀ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਸਿਰਜ ਦਿੱਤਾ। ਭਾਰਤੀ ਟੀਮ ਨੇ ਫਾਈਨਲ ਵਿੱਚ ਬੈਲਜੀਅਮ ਨੂੰ 2–1 ਨਾਲ ਹਰਾਇਆ।

ਮੇਜ਼ਬਾਨ ਟੀਮ ਨੇ ਦੋਵੇਂ ਮੈਦਾਨੀ ਗੋਲ ਮੈਚ ਦੇ ਪਹਿਲੇ ਅੱਧ ਵਿੱਚ ਕੀਤੇ। ਗੁਰਜੰਟ ਸਿੰਘ ਨੇ ਅੱਠਵੇਂ ਮਿੰਟ ਵਿੱਚ ਗੋਲ ਕਰ ਕੇ ਟੀਮ ਨੂੰ ਲੀਡ ਦਿਵਾਈ, ਜਦੋਂ ਕਿ ਸਿਮਰਨਜੀਤ ਸਿੰਘ ਨੇ 22ਵੇਂ ਮਿੰਟ ਵਿੱਚ ਗੋਲ ਨਾਲ ਲੀਡ ਵਧਾਈ। ਮੈਚ ਦੌਰਾਨ ਗੇਂਦ ਨੂੰ ਵੱਧ ਸਮਾਂ ਆਪਣੇ ਕੋਲ ਰੱਖਣ ਕਾਰਨ ਹੀ ਭਾਰਤੀ ਟੀਮ ਜਿੱਤ ਦੀ ਹੱਕਦਾਰ ਬਣੀ। ਬੈਲਜੀਅਮ ਵੱਲੋਂ ਇਕੋ ਇਕ ਗੋਲ ਫੈਬਰਿਸ ਵਾਨ ਬੋਕਰਿਜਕ ਨੇ 70ਵੇਂ ਮਿੰਟ ’ਚ ਪੈਨਲਟੀ ਕਾਰਨਰ ਉਤੇ ਕੀਤਾ।

ਟੀਮ ਕੋਚ ਹਰਿੰਦਰ ਸਿੰਘ ਨੇ ਕਿਹਾ ਕਿ 2001 ਵਿੱਚ ਗਗਨ ਅਜੀਤ ਸਿੰਘ ਅਤੇ ਜੁਗਰਾਜ ਸਿੰਘ ਵਰਗੇ ਖਿਡਾਰੀਆਂ ਨੇ ਜਿਹੜਾ ਮਾਅਰਕਾ ਮਾਰਿਆ ਸੀ, ਉਹ ਅੱਜ ਦੁਹਰਾਇਆ ਗਿਆ ਹੈ। ਨਵੀਂ ਦਿੱਲੀ ਵਿੱਚ ਪਿਛਲੀ ਵਾਰ ਭਾਰਤੀ ਟੀਮ 13ਵੇਂ ਸਥਾਨ ਉਤੇ ਰਹੀ ਸੀ। ਇਸ ਵਾਰ ਖ਼ਿਤਾਬ ਉਤੇ ਨਜ਼ਰ ਗੱਡ ਕੇ ਖੇਡ ਰਹੀ ਮੇਜ਼ਬਾਨ ਟੀਮ ਨੇ ਸ਼ੁਰੂ ਤੋਂ ਹੀ



ਹਮਲਾਵਰ ਖੇਡ ਤੇ ਲਗਾਤਾਰ ਹਮਲਿਆਂ ਨਾਲ ਬੈਲਜੀਅਮ ਦੀ ਰੱਖਿਆ ਪੰਕਤੀ ਉਤੇ ਦਬਾਅ ਬਣਾ ਲਿਆ। ਭਾਰਤ ਦੇ ਇਸੇ ਦਬਾਅ ਕਾਰਨ ਟੀਮ ਨੂੰ ਪਹਿਲੇ ਛੇ ਮਿੰਟਾਂ ਵਿੱਚ ਦੋ ਪੈਨਲਟੀ ਕਾਰਨਰ ਮਿਲੇ ਪਰ ਇਸ ਪੂਰੇ ਟੂਰਨਾਮੈਂਟ ਦੀ ਆਪਣੀ ਕਮਜ਼ੋਰੀ ਮੁੜ ਜ਼ਾਹਰ ਕਰਦਿਆਂ ਮੇਜ਼ਬਾਨਾਂ ਨੇ ਦੋਵੇਂ ਮੌਕੇ ਗਵਾ ਦਿੱਤੇ। ਇਸ ਦੇ ਬਾਵਜੂਦ ਟੀਮ ਨੂੰ ਗੋਲ ਲਈ ਲੰਮਾ ਇੰਤਜ਼ਾਰ ਨਹੀਂ ਕਰਨਾ ਪਿਆ ਅਤੇ ਅੱਠਵੇਂ ਮਿੰਟ ਵਿੱਚ ਗੁਰਜੰਟ ਨੇ ਬਿਹਤਰੀਨ ਮੈਦਾਨੀ ਗੋਲ ਕੀਤਾ। ਇਸ ਗੋਲ ਦਾ ਆਧਾਰ ਸੁਮਿਤ ਦਾ ਬਿਹਤਰੀਨ ਸਕੂਪ ਰਿਹਾ, ਜਿਸ ਦੌਰਾਨ ਗੇਂਦ ਬੈਲਜੀਅਮ ਗੋਲ ਕੀਪਰ ਦੀ ਛਾਤੀ ’ਤੇ ਵੱਜ ਕੇ ਗੁਰਜੰਟ ਕੋਲ ਆ ਗਈ ਅਤੇ ਉਸ ਨੇ ਗੇਂਦ ਨੂੰ ਗੋਲ ਵਿੱਚ ਪਹੁੰਚਾਉਣ ਲਈ ਕੋਈ ਗ਼ਲਤੀ ਨਾ ਕੀਤੀ। ਇਸ ਤੋਂ ਇਕ ਮਿੰਟ ਬਾਅਦ ਨੀਲਕਾਂਤ ਸ਼ਰਮਾ ਨੂੰ ਬਿਹਤਰੀਨ ਮੌਕਾ ਮਿਲਿਆ ਪਰ ਉਸ ਦਾ ਸ਼ਾਟ ਬਾਹਰ ਚਲਾ ਗਿਆ। 22ਵੇਂ ਮਿੰਟ ਵਿੱਚ ਸਿਮਰਨਜੀਤ ਨੇ ਸਰਕਲ ਦੇ ਸਿਰੇ ਤੋਂ ਰਿਵਰਸ ਸ਼ਾਟ ਰਾਹੀਂ ਗੋਲ ਕਰ ਕੇ ਲੀਡ ਦੁੱਗਣੀ ਕੀਤੀ। ਇਸ ਤੋਂ ਪਹਿਲਾਂ ਛੇ ਵਾਰ ਦੀ ਚੈਂਪੀਅਨ ਜਰਮਨੀ ਦੀ ਟੀਮ ਨੇ ਆਸਟਰੇਲੀਆ ਨੂੰ 3–0 ਨਾਲ ਹਰਾ ਕੇ ਕਾਂਸੀ ਦਾ ਤਗ਼ਮਾ ਜਿੱਤਿਆ।

# ਵੱਡੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸ਼ਹੀਦੀ ਜੋੜ ਮੇਲ ਸ਼ੁਰੂ

ਚਮਕੌਰ ਸਾਹਿਬ– ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਮੁਗਲ ਸਾਮਰਾਜ ਨਾਲ ਹੋਏ ਯੁੱਧ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਲੱਗਣ ਵਾਲਾ ਸਾਲਾਨਾ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲ ਇੱਥੇ ਚਮਕੌਰ ਸਾਹਿਬ ਵਿੱਚ ਸ਼ੁਰੂ ਹੋਇਆ।

ਜੋੜ ਮੇਲ ਦੇ ਪਹਿਲੇ ਦਿਨ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਰਾਗੀ ਢਾਡੀ ਜਥਿਆਂ ਨੇ ਸੰਗਤ ਨੂੰ ਕਥਾ ਕੀਰਤਨ ਅਤੇ ਵਿਖਿਆਨ ਨਾਲ ਨਿਹਾਲ ਕੀਤਾ। ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਸਤਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਇਹ ਦੀਵਾਨ 22 ਦਸੰਬਰ ਦੇਰ ਰਾਤ ਤੱਕ ਸਜੇ ਰਹਿਣਗੇ। ਮੇਲ ਦੇ ਅੱਜ ਪਹਿਲੇ ਦਿਨ ਕਸਬੇ ਦੇ ਬਾਜ਼ਾਰਾਂ ਵਿੱਚ ਸੰਗਤ ਦੀ ਪੂਰੀ ਚਹਿਲ–ਪਹਿਲ ਰਹੀ। ਬਾਜ਼ਾਰਾਂ ਸਮੇਤ ਵੱਖ–ਵੱਖ ਪਿੰਡਾਂ, ਜਿਨ੍ਹਾਂ ਵਿੱਚ ਪਿੰਡ ਪਿੱਪਲ ਮਾਜਰਾ, ਹਾਫਿਜ਼ਾਬਾਦ, ਮਕੜੌਨਾ ਖੁਰਦ, ਦੁੱਗਰੀ, ਮਾਣੇਮਾਜਰਾ, ਚੂਹੜ ਮਾਜਰਾ, ਕਾਲੇਮਾਜਰਾ, ਰੋਲੂਮਾਜਰਾ, ਕਤਲੌਰ, ਖਾਨਪੁਰ, ਬਸੀ ਗੁੱਜਰਾਂ, ਓਇੰਦ, ਖੇੜੀ ਸਲਾਬਤਪੁਰ ਸ਼ਾਮਲ ਹਨ, ਵਿੱਚ ਅਤੁੱਟ ਲੰਗਰ ਵਰਤਾਏ ਜਾ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹੀਦੀ ਜੋੜ ਮੇਲ ਲਈ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਅੱਜ ਪਹਿਲੇ ਦਿਨ ਐੱਸ.ਪੀ. (ਐੱਚ) ਅਰਜਿੰਦਰ ਸਿੰਘ ਤੇ ਇੱਥੋਂ ਦੇ ਡੀਐੱਸਪੀ ਨਵਰੀਤ ਸਿੰਘ ਵਿਰਕ ਨੇ ਖੁਦ ਨਿਗਰਾਨੀ ਕੀਤੀ। ਵੱਖ–ਵੱਖ ਪਿੰਡਾਂ ਟੱਪਰੀਆਂ ਅਮਰ ਸਿੰਘ, ਵਿਦੇਸ਼ਾਂ, ਹਵਾਰਾ, ਸੰਧੂਆਂ, ਨਥਲਪੁਰ ਅਤੇ ਢੇਲਪੁਰਾ ਖਰੜ ਤੋਂ ਨਗਰ ਕੀਰਤਨ ਪੁੱਜੇ, ਜਿਨ੍ਹਾਂ ਦਾ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਵੱਖ–ਵੱਖ ਆਗੂਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

**ਕੱਚੀ ਗੜ੍ਹੀ ਦਾ ਨਾਮੋ–ਨਿਸ਼ਾਨ ਮਿਟਾਇਆ**

ਚਮਕੌਰ ਸਾਹਿਬ ਸਥਿਤ ਪੁਰਾਤਨ ਕੱਚੀ ਗੜ੍ਹੀ ਦੀ ਪੁਰਾਣੀ ਦਿੱਖ ਨੂੰ ਬਹਾਲ ਕਰਨ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਦੀ ਜ਼ਿੰਮੇਵਾਰੀ ਭਾਵੇਂ ਬਾਈ ਦੀਪ ਸਿੰਘ ਨੂੰ ਦਿੱਤੀ ਗਈ ਹੈ, ਜੋ ਕਿ ਜ਼ੋਰਾਂ ’ਤੇ ਚੱਲ ਰਹੀ ਹੈ, ਪ੍ਰੰਤੂ 1987 ਵਿੱਚ ਗੁਰਦੁਆਰਿਆਂ ਦੇ ਨਵ–ਨਿਰਮਾਣ ਮੌਕੇ ਚਮਕੌਰ ਸਾਹਿਬ ਵਿਖੇ ਚੱਲੀ ’ਕਾਰ ਸੇਵਾ’ ਦੌਰਾਨ ਇਸ ਇਤਿਹਾਸਕ ਅਤੇ ਧਾਰਮਿਕ ਸਥਾਨ ਸ੍ਰੀ ਗੜ੍ਹੀ ਸਾਹਿਬ ਦੀ ਇਮਾਰਤ ਨੂੰ ਬਿਲਕੁਲ ਹੀ ਤਹਿਸ–ਨਹਿਸ ਕਰ ਦਿੱਤਾ ਗਿਆ ਸੀ। ਇਹ ਉਹ ਸਥਾਨ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਗੜ੍ਹੀ ਨੂੰ ਛੱਡ ਜਾਣ ਦਾ ਮਹਾਨ ਲੋਕਤੰਤ੍ਰਿਕ ਸਿਧਾਂਤ ਪੰਚ ਪ੍ਰਧਾਨੀ ਖ਼ਾਲਸਾ ਨੂੰ ਦਿੱਤਾ ਗਿਆ।

ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਦੀ ਇਮਾਰਤ ਨੂੰ ਸੰਨ 1987 ਵਿੱਚ ਨਵ–ਨਿਰਮਾਣ ਦੇ ਨਾਮ ’ਤੇ ਢਾਹ ਦਿੱਤਾ ਗਿਆ ਸੀ। ਉਸ ਸਮੇਂ ਇਸ ਗੜ੍ਹੀ ਦਾ ਕਾਫੀ ਸਾਰਾ ਹਿੱਸਾ ਪੁਰ–ਾਤਨ ਰੂਪ ਵਿੱਚ ਮੌਜੂਦ ਸੀ, ਉਸ ਵੇਲੇ ਇਸ ਸਥਾਨ ਤੋਂ ਪੁਰਾਤਨ ਨਾਨਕਸ਼ਾਹੀ ਇੱਟਾਂ ਤੋਂ ਇਲਾਵਾ ਇੱਕ ਪੁਰਾਤਨ ਖੂਹੀ ਵੀ ਨਿਕਲੀ ਸੀ। ਇਤਿਹਾਸਕ ਇਮਾਰਤ ਦਾ ਖੁਰਾ ਖੋਜ ਮਿਟਾਉਣ ਤੋਂ ਬਾਅਦ ਕਾਰ ਸੇਵਾ ਰਾਹੀਂ ਇਸ ਅਸਥਾਨ ’ਤੇ ਸੰਗਮਰਮਰੀ ਆਲੀਸ਼ਾਨ ਇਮਾਰਤ ਬਣਾ ਦਿੱਤੀ ਗਈ ਸੀ। ਗੁਰਦੁਆਰਾ ਝਾੜ ਸਾਹਿਬ ਤੱਕ 21 ਕਿਲੋਮੀਟਰ ਦੀ ਪੈਦਲ ਯਾਤਰਾ ਪੰਜਾਬ ਕਲਾ ਮੰਚ ਚਮਕੌਰ ਸਾਹਿਬ ਵੱਲੋਂ ਸੰਗਤ ਦੇ ਸਹਿਯੋਗ ਨਾਲ 21 ਦਸੰਬਰ ਦੀ ਰਾਤ ਨੂੰ 12 ਵਜੇ 14ਵੀਂ ਦਸਮੇਸ਼ ਪੈਦਲ ਯਾਤਰਾ ਗੁਰਦੁਆਰਾ ਗੜ੍ਹੀ ਸਾਹਿਬ ਤੋਂ ਗੁਰਦੁਆਰਾ ਝਾੜ ਸਾਹਿਬ ਤੱਕ ਕੀਤੀ ਜਾਵੇਗੀ। ਇਹ ਉਹ ਰਸਤਾ ਹੈ, ਜਿਸ ਰਾਹੀਂ ਯੁੱਧ ਵਾਲੀ ਭਿਆਨਕ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਪੰਥ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਮਾਛੀਵਾੜੇ ਦੇ ਜੰਗਲਾਂ ਵੱਲ ਗਏ ਸਨ।

# ਕਾਂਗਰਸ ਦੀ ਟਿਕਟ ਉਪਰ ਵਿਧਾਨ ਸਭਾ ਚੋਣ ਲੜਨਗੇ ਨਵਜੋਤ ਸਿੱਧੂ

ਅੰਮ੍ਰਿਤਸਰ– ਭਾਜਪਾ ਛੱਡ ਕੇ ਘਰ ਤੇ ਘਾਟ ਦੀ ਭਾਲ ਵਿੱਚ ਇਧਰ ਉਧਰ ਭੱਜ ਰਹੇ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਅੱਜ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਪਤੀ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਕਾਂਗਰਸ ਦੀ ਟਿਕਟ ਉਪਰ ਚੋਣ ਲੜਨਗੇ। ਅੱਜ ਆਪਣੇ ਘਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਸਿੱਧੂ ਨੇ ਖੁਲਾਸਾ ਕੀਤਾ ਕਿ ਇਸ ਵਾਰ ਵਿਧਾਨ ਸਭਾ ਚੋਣਾਂ ਉਹ ਨਹੀਂ ਲੜ ਰਹੇ ਹਨ, ਸਗੋਂ ਨਵਜੋਤ ਸਿੰਘ ਸਿੱਧੂ ਕਾਂਗਰਸ ਦੇ ਉਮੀਦਵਾਰ ਹੋਣਗੇ। ਉਨ੍ਹਾਂ ਆਖਿਆ ਕਿ ਜਲਦੀ ਹੀ ਉਨ੍ਹਾਂ ਦੇ ਪਤੀ ਕਾਂਗਰਸ ਵਿੱਚ ਰਸਮੀ ਤੌਰ ’ਤੇ ਸ਼ਾਮਲ ਹੋ ਜਾਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਦੇ ਨਿਯਮ ਮੁਤਾਬਕ ਇਕ ਪਰਿਵਾਰ ਵਿਚੋਂ ਇਕ ਜੀਅ ਹੀ ਚੋਣ ਲੜੇਗਾ ਤੇ ਉਹ ਪਤੀ ਦੀ ਸਹਾਇਕ ਵਜੋਂ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਲੋਕ ਸਭਾ ਦੀ ਜ਼ਿਮਨੀ ਚੋਣ ਲਈ ਵੀ ਸਿੱਧੂ ਪਰਿਵਾਰ ਦਾਅਵੇਦਾਰ ਨਹੀਂ ਹੋਵੇਗਾ। ਸਿੱਧੂ ਪਰਿਵਾਰ ਕਾਂਗਰਸ ਵਲੋਂ ਬਣਾਏ ਨਿਯਮਾਂ ਦੀ ਪਾਲਣਾ ਕਰੇਗਾ। ਸ੍ਰੀ ਸਿੱਧੂ ਵੱਲੋਂ ਕਾਂਗਰਸ ਵਿਚ ਬਿਨਾਂ ਸ਼ਰਤ ਸ਼ਮੂਲੀਅਤ ਦਾ ਦਾਅਵਾ ਕਰਦਿਆਂ ਡਾ. ਸਿੱਧੂ ਨੇ ਆਖਿਆ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਕਮਾਂਡ ਹੇਠ ਸੂਬੇ ਦੇ ਵਿਕਾਸ ਲਈ ਕੰਮ ਕਰਨਗੇ। ਪਾਰਟੀ ਵਲੋਂ ਜੋ ਵੀ ਸੇਵਾ ਸੌਂਪੀ ਜਾਵੇਗੀ, ਉਸ ਨੂੰ ਖੁਸ਼ੀ ਨਾਲ ਪੂਰਾ ਕਰਨਗੇ। ਜੇਕਰ ਪਾਰਟੀ ਹਾਈਕਮਾਂਡ ਵੱਲੋਂ ਕਾਂਗਰਸ ਸਰਕਾਰ ਆਉਣ ’ਤੇ ਉਪ ਮੁੱਖ ਮੰਤਰੀ ਦਾ ਅਹੁਦਾ ਸੌਂਪਿਆ ਗਿਆ ਤਾਂ ਸ੍ਰੀ ਸਿੱਧੂ ਉਸ ਨੂੰ ਸਵੀਕਾਰ ਕਰਨਗੇ। ਮੁੱਖ ਮੰਤਰੀ ਦੇ ਅਹੁਦੇ ਲਈ ਉਨ੍ਹਾਂ ਦੇ ਪਤੀ ਦਾਅਵੇਦਾਰ ਨਹੀਂ ਹਨ।

**ਸਿੱਧੂ ਵੱਲੋਂ ਰਾਹੁਲ ਗਾਂਧੀ ਨਾਲ ਮੁਲਾਕਾਤ**

ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਅੱਜ ਇਥੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਉਨ੍ਹਾਂ ਦੀ ਰਿਹਾਇਸ਼ ਉਪਰ ਮੁਲਾਕਾਤ ਕੀਤੀ। ਦੋਵਾਂ ਵਿਚਾਲੇ 45 ਮਿੰਟ ਤੱਕ ਮੀਟਿੰਗ ਚੱਲੀ। ਵਰਨਣਯੋਗ ਹੈ ਕਿ ਸ੍ਰੀ ਸਿੱਧੂ ਦੀ ਪਤਨੀ ਡਾ. ਸਿੱਧੂ ਪਹਿਲਾਂ ਹੀ ਕਾਂਗਰਸ ਦਾ ਲੜ ਫੜ ਚੁੱਕੇ ਹਨ। ਕਾਂਗਰਸ ਨੇ ਹਾਲ ਹੀ ਦੌਰਾਨ ਆਪਣੇ 61 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਹੈ ਤੇ ਉਸ ਵੱਲੋਂ ਦੂਜੀ ਸੂਚੀ ਛੇਤੀ ਹੀ ਜਾਰੀ ਕੀਤੀ ਜਾਣ ਵਾਲੀ ਹੈ।

# ਕਾਂਗਰਸ ਦੀ ਸੂਚੀ ਤੋਂ ਬਰਨਾਲਾ ਪਰਿਵਾਰ ਦੁਖੀ

ਚੰਡੀਗੜ੍ਹ– ਕਿਸੇ ਸਮੇਂ ਪ੍ਰਕਾਸ਼ ਸਿੰਘ ਬਾਦਲ ਸਮੇਤ ਵੱਡੇ ਆਗੂਆਂ ਨੂੰ ਟਿਕਟਾਂ ਵੰਡਣ ਵਾਲੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਪਰਿਵਾਰ ਅੱਜ ਇੱਕ ਟਿਕਟ ਤੋਂ ਵੀ ਵਾਂਝਾ ਹੋ ਗਿਆ ਹੈ। ਸ੍ਰੀ ਬਰਨਾਲਾ ਦੀ ਪਤਨੀ ਸੁਰਜੀਤ ਕੌਰ ਬਰਨਾਲਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੂੰ ਕਾਂਗਰਸ ਵਿੱਚ ਮਿਲਾ ਲਏ ਜਾਣ ਤੋਂ ਬਾਅਦ ਇਹ ਪਰਿਵਾਰ ਇੱਕ ਸੀਟ ਪੱਕੀ ਮੰਨ ਰਿਹਾ ਸੀ ਪਰ ਪਾਰਟੀ ਵੱਲੋਂ ਜਾਰੀ 61 ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਧੂਰੀ ਤੋਂ ਸਿਮਰ ਪ੍ਰਤਾਪ ਸਿੰਘ ਦੀ ਥਾਂ ਯੂਥ ਆਗੂ ਦਲਵੀਰ ਸਿੰਘ ਗੋਲਡੀ ਦਾ ਨਾਂ ਦੇਖ ਕੇ ਪਰਿਵਾਰ ਹੈਰਾਨ–ਪ੍ਰੇਸ਼ਾਨ ਹੈ। ਸ੍ਰੀ ਬਰਨਾਲਾ ਦੇ ਪੋਤਰੇ ਸਿਮਰ ਪ੍ਰਤਾਪ ਸਿੰਘ ਨੇ ਕਾਂਗਰਸ ਵਿਧਾਇਕ ਅਰਵਿੰਦ ਖੰਨਾ ਵੱਲੋਂ ਅਸਤੀਫ਼ਾ ਦੇਣ ਪਿੱਛੋਂ ਖਾਲੀ ਹੋਈ ਧੂਰੀ ਸੀਟ ਤੋਂ ਅਪਰੈਲ 2016 ’ਚ ਉਪ ਚੋਣ ਲੜੀ ਸੀ, ਜੋ 30095 ਵੋਟਾਂ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਗੋਬਿੰਦ ਸਿੰਘ ਲੌਂਗੋਵਾਲ ਤੋਂ 37501 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਚੋਣ ਤੋਂ ਬਾਅਦ ਅਕਾਲੀ ਦਲ (ਲੌਂਗੋਵਾਲ) ਭੰਗ ਕਰ ਕੇ ਇਸ ਦੇ ਆਗੂ ਰਾਹੁਲ ਗਾਂਧੀ ਦੀ ਮੌਜੂਦਗੀ ਵਿੱਚ ਕਾਂਗਰਸ ਵਿੱਚ ਸ਼ਾਮਿਲ ਹੋ ਗਏ ਸਨ। ਬੀਬੀ ਬਰਨਾਲਾ ਨੇ ਕਿਹਾ ਕਿ ਕਾਂਗਰਸੀ ਆਗੂਆਂ ਦੇ ਵਿਸ਼ਵਾਸ ਦਿਵਾਉਣ ਉੱਤੇ ਹੀ ਉਨ੍ਹਾਂ ਟਿਕਟ ਲਈ ਅਰਜ਼ੀ ਦਿੱਤੀ ਸੀ।



ਉਨ੍ਹਾਂ ਗਿਲਾ ਕੀਤਾ ਕਿ ਜ਼ਿਮਨੀ ਚੋਣ ਦੇ ਮੁਸ਼ਕਲ ਮੌਕੇ ਤਾਂ ਕਾਂਗਰਸ ਨੇ ਪਰਿਵਾਰ ਨੂੰ ਮੁਕਾਬਲੇ ਵਿੱਚ ਧੱਕ ਦਿੱਤਾ ਪਰ ਹੁਣ ਟਿਕਟ ਕੱਟ ਦਿੱਤੀ ਹੈ। ਪਹਿਲਾਂ ਸ੍ਰੀ ਬਰਨਾਲਾ ਦਾ ਬੇਟਾ ਗਗਨਜੀਤ ਸਿੰਘ ਬਰਨਾਲਾ ਵੀ ਧੂਰੀ ਤੋਂ ਵਿਧਾਇਕ ਰਹਿ ਚੁੱਕਾ ਹੈ, ਜੋ 2012 ’ਚ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀਪੀਪੀ ਨਾਲ ਬਣਾਏ ਸਾਂਝੇ ਮੁਹਾਜ਼ ਵੱਲੋਂ ਚੋਣ ਲੜੇ ਸਨ ਪਰ 15682 ਵੋਟਾਂ ਲੈ ਕੇ ਤੀਜੇ ਨੰਬਰ ਉੱਤੇ ਰਹੇ ਸਨ। ਬੀਬੀ ਬਰਨਾਲਾ ਨੇ ਕਿਹਾ ਕਿ ਉਹ ਪਾਰਟੀ ਹਾਈਕਮਾਂਡ ਨਾਲ ਗੱਲ ਕਰਨਗੇ। ਇਸ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਧੂਰੀ ਤੋਂ ਹੀ ਟਿਕਟ ਦਾ ਦਾਅਵਾ ਕਰ ਰਿਹਾ ਸੀ ਅਤੇ ਹੋਰ ਕਿਤੋਂ ਚੋਣ ਨਹੀਂ ਲੜੇਗਾ। ਗੌਰਤਲਬ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ 1985 ਵਿੱਚ ਬਰਨਾਲਾ ਸਰਕਾਰ ਵਿੱਚ ਖੇਤੀ ਮੰਤਰੀ ਸਨ। ਸ੍ਰੀ ਬਰਨਾਲਾ ਉਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਸਨ। ਬਰਨਾਲਾ ਪਰਿਵਾਰ ਦਾ ਭਰੋਸੇਮੰਦ ਹੋਰ ਆਗੂ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਵੀ ਸੰਗਰੂਰ ਤੋਂ ਟਿਕਟ ਦਾ ਚਾਹਵਾਨ ਸੀ, ਜਿਥੋਂ ਕਾਂਗਰਸ ਨੇ ਵਿਜੇਇੰਦਰ ਸਿੰਗਲਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਸੂਤਰਾਂ ਅਨੁਸਾਰ ਸ੍ਰੀ ਮਾਨ ਸੁਨਾਮ ਤੋਂ ਵੀ ਲੜਨ ਦੇ ਚਾਹਵਾਨ ਹਨ। ਉਨ੍ਹਾਂ ਕਿਹਾ ਕਿ ਉਹ ਅੰਤਿਮ ਸੂਚੀ ਆਉਣ ਤੋਂ ਬਾਅਦ ਹੀ ਕੋਈ ਗੱਲ ਕਰਨਗੇ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਏ

ਫੁੱਲਾਂ ਨਾਲ ਸ਼ਿੰਗਾਰੀ ਹੋਈ ਬੱਸ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਭਾਈ ਪਰਮਿੰਦਰ ਸਿੰਘ ਪਾਰਸ ਫਿਰੋਜ਼ਪੁਰ ਵਾਲਿਆਂ ਦੇ ਢਾਡੀ ਜਥੇ ਨੇ ਬਾਬਾ ਜੀਵਨ ਸਿੰਘ ਜੀ ਦੀ ਜੀਵਨੀ ਨਾਲ ਸਬੰਧਤ ਜੋਸ਼ੀਲੀਆਂ ਵਾਰਾਂ ਗਾ ਕੇ ਠੰਡ ਵਿਚ ਸੰਗਤਾਂ ਦੇ ਡੌਲੇ ਫਰਕਣ ਲਾ ਦਿੱਤੇ। ਜਾਗੋ ਲਹਿਰ ਦੇ ਕਵੀਸ਼ਰੀ ਜਥੇ ਨੇ ਵਾਰਾਂ ਰਾਹੀਂ ਸੰਗਤਾਂ ਵਿਚ ਜੋਸ਼ ਭਰ ਦਿੱਤਾ।

ਹਰ ਪੜਾਅ ਤੇ ਸੰਗਤਾਂ ਲਈ ਵੱਖ-ਵੱਖ ਪਕਵਾਨਾਂ ਦੇ ਲੰਗਰ ਸਜਾਏ ਹੋਏ ਸਨ। ਫੌਜੀ ਪਾਈਪ ਬੈਂਡ ਵਾਲੇ ਵੱਖ-



ਵੱਖ ਅਨੋਖੇ ਕਰਤੱਬ ਦਿਖਾ ਕੇ ਸੰਗਤਾਂ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ। ਸਟੇਜ ਸਕੱਤਰ ਦੀ ਡਿਊਟੀ ਨਿਭਾਅ ਰਹੇ ਭਾਈ ਪ੍ਰਦੀਪ ਸਿੰਘ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਸਿੱਖ ਧਰਮ ਲਈ ਇਕ ਚਾਨਣ ਮੁਨਾਰਾ ਹੈ ਤੇ ਨਾਂ ਸੁਨਹਿਰੀ ਅੱਖਰਾਂ ਵਿਚ ਚਮਕਦਾ ਰਹੇਗਾ। ਭਾਈ ਮੁਖਤਿਆਰ ਸਿੰਘ ਜੀ ਦਾ ਕੀਰਤਨੀ ਜਥਾ ਰਸਭਿੰਨੀ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰ ਰਿਹਾ ਸੀ।

ਇਸ ਮੌਕੇ ਨਗਰ ਕੀਰਤਨ ਦੇ ਨਾਲ ਪ੍ਰਧਾਨ ਸੁਖਮੰਦਰ ਸਿੰਘ, ਖਜਾਨਚੀ ਰਾਂਝਾ ਸਿੰਘ, ਏਕ ਨੂਰ ਦੇ ਮੁਖੀ ਜਗਦੇਵ ਸਿੰਘ, ਤਰਸੇਮ ਸਿੰਘ, ਰਣਬੀਰ ਰਾਣਾ, ਗੋਪੀ ਸਹੋਤਾ, ਸਮਾਜ ਸੁਧਾਰ ਜਥੇਬੰਦੀ, ਧਾਰਮਿਕ ਰਾਜਨੀਤਿਕ ਜਥੇਬੰਦੀਆਂ ਦੇ ਮੁਖੀ, ਪਿੰਡ ਦੇ ਪਤਵੰਤੇ, ਮਹਾਨ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨਾਲ ਚੱਲ ਕੇ ਨਗਰ ਕੀਰਤਨ ਦੀ ਸ਼ੋਭਾ ਨੂੰ ਚਾਰ ਚੰਨ ਲਾ ਰਹੀਆਂ ਸਨ।

**ਰਿਪੋਰਟ- ਡਾ. ਬਲਰਾਜ ਜੱਖੂ, ਘੱਲ ਕਲਾਂ**

# ਸਰੀ ਵਿਚ 36 ਬੱਚਿਆਂ ਦਾ ਜਨਮ ਦਿਨ ਸੰਗਤੀ ਰੂਪ ਵਿਚ ਮਨਾਇਆ ਗਿਆ

**ਸਰੀ (ਡਾ. ਮਹਿੰਦਰਪਾਲ ਸਿੰਘ)-** ਅਜਿਹੇ ਸਮੇਂ ਜਦੋਂ ਕੈਨੇਡਾ ਵਿਚ ਸਿੱਖਾਂ ਦੀ ਗਿਣਤੀ ਘੱਟ ਸੀ ਅਤੇ ਨਸਲਵਾਦ ਦਾ ਬੋਲਬਾਲਾ ਸੀ, ਇਸ ਦੌਰ ਸਮੇਂ ਖਾਲਸਾ ਸਕੂਲ 1986 ਦੇ ਵਿਚ ਗੁਰਮਤਿ ਦੇ ਪ੍ਰਚਾਰ ਲਈ ਹੋਂਦ ਵਿਚ ਆਇਆ। ਅੱਜ ਇਹ ਇੱਕ ਬਹੁਤ ਵੱਡਾ ਅਦਾਰਾ ਬਣ ਚੁਕਾ ਹੈ। ਹੁਣ ਤੱਕ ਖਾਲਸਾ ਸਕੂਲ ਦੀਆਂ ਪੰਜ ਬ੍ਰਾਂਚਾਂ ਖੁੱਲ੍ਹ ਚੁਕੀਆਂ ਹਨ। ਤਕਰੀਬਨ 4000 ਬਚੇ ਇਨ੍ਹਾਂ ਸਕੂਲਾਂ ਵਿਚ ਪੜ੍ਹ ਰਹੇ ਹਨ ਅਤੇ 250-300 ਮੁਲਾਜਮ ਇਨ੍ਹਾਂ ਕੋਲ ਕੰਮ ਕਰ ਰਹੇ ਹਨ। ਸਕੂਲ ਕੋਲ ਆਪਣੀ ਵੱਡੀ ਟਰਾਂਸਪੋਰਟੇਸ਼ਨ ਹੈ ਜਿਸ ਰਾਹੀਂ ਬੱਚਿਆਂ ਨੂੰ ਲਿਆਉਣ ਤੇ ਛੱਡਣ ਦੀ ਸਹੂਲਤ ਦਿੱਤੀ ਜਾਂਦੀ ਹੈ।

ਨਿਸ਼ਕਾਮ ਕੀਰਤਨੀਏ ਸਤਿਕਾਰਯੋਗ ਭਾਈ ਜੀਵਨ ਸਿੰਘ, ਜੋ ਬਹੁਤ ਚੜ੍ਹਦੀਕਲਾ ਵਾਲੀ ਰੂਹ ਸਨ ਅਤੇ ਜਿਨ੍ਹਾਂ ਨੇ ਅਖੰਡ ਕੀਰਤਨੀ ਜਥੇ ਵਿਚ ਕੀਰਤਨ ਰਾਹੀਂ ਪ੍ਰਚਾਰ ਅਤੇ ਪ੍ਰਸਾਰ ਦਾ ਅਹਿਮ ਯੋਗਦਾਨ ਪਾਇਆ ਹੈ, ਇਹ ਸਕੂਲ ਵੀ ਉਨ੍ਹਾਂ ਦਾ ਹੀ ਸੁਪਨਾ ਸੀ ਅਤੇ ਉਹ ਹੀ ਇਸ ਸਕੂਲ ਦੇ ਫਾਊਂਡਰ ਹਨ। ਉਨ੍ਹਾਂ ਨੇ ਭਾਈ ਰਿਪੁਦਮਨ ਸਿੰਘ ਮਲਕ ਨੂੰ ਇਸ ਜ਼ਿੰਮੇਵਾਰੀ ਦੀ ਸੇਵਾ ਸੌਂਪੀ, ਜੋ ਇਸ ਨੂੰ ਬਾਖੂਬੀ ਨਿਭਾ ਰਹੇ ਹਨ।

ਖਾਲਸਾ ਸਕੂਲ ਦੀ ਖਾਸੀਅਤ ਇਹ ਹੈ ਕਿ ਅਕਾਦਮਿਕ ਵਿਦਿਆ ਦੇ ਨਾਲ-ਨਾਲ ਇਥੇ ਬੱਚਿਆਂ ਨੂੰ ਗੁਰਬਾਣੀ, ਗੁਰਮਤਿ ਅਤੇ ਖਾਲਸਾਈ ਵਿਰਸੇ ਨਾਲ ਜੋੜਨ ਲਈ ਹਰ ਉਪਰਾਲਾ ਕਰਨ ਦਾ ਯਤਨ ਕੀਤਾ ਜਾਂਦਾ ਹੈ। ਜਿਸ ਵਿਚ ਪੰਜਾਬੀ, ਗੁਰਬਾਣੀ ਸੰਥਿਆ, ਕੀਰਤਨ, ਤਬਲਾ, ਗਤਕਾ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੇ ਪ੍ਰੋਗਰਾਮ ਉਲੀਕੇ ਜਾਂਦੇ ਹਨ









ਜਿਨ੍ਹਾਂ ਰਾਹੀਂ ਬੱਚਿਆਂ ਨੂੰ ਗੁਰਮਤਿ ਦ੍ਰਿੜ ਕਰਵਾਈ ਜਾਂਦੀ ਹੈ। ਇਥੇ ਹੀ ਬਸ ਨਹੀਂ, ਖਾਲਸਾ ਸਕੂਲਾਂ ਵਿਚ ਬਾਕੀ ਵਿਸ਼ਿਆਂ ਵਾਂਗੂੰ ਇੱਕ ਗੁਰਦੁਆਰਾ ਪੀਰੀਅਡ ਵੀ ਹੁੰਦਾ ਹੈ ਜਿਸ ਵਿਚ ਬੱਚੇ ਸਾਰਾ ਦਿਨ ਕੀਰਤਨ ਕਰਦੇ ਹਨ। ਇਸ ਦੇ ਨਾਲ ਹੀ ਹਰ ਸਕੂਲ ਦੇ ਵਿਚ ਗੁਰਦੁਆਰਾ ਤੇ ਹਾਲ ਹੈ, ਜਿਸ ਵਿਚ ਤਕਰੀਬਨ 1,500-2000 ਲੋਕ ਬੈਠ ਸਕਦੇ ਹਨ ਅਤੇ ਇਸ ਦੇ ਨਾਲ ਹੀ ਵੱਡੇ ਲੰਗਰ ਹਾਲ ਵੀ ਹਨ।

ਸਕੂਲ ਦੀਆਂ ਰੋਜ਼ਾਨਾ ਗਤੀਵਿਧੀਆਂ ਤੋਂ ਇਲਾਵਾ ਬਾਹਰ ਜਾ ਕੇ ਵੀ ਗੁਰਮਤਿ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਕੈਂਪ ਵੀ ਲਗਾਏ ਜਾਂਦੇ ਹਨ। ਇਥੇ ਹਰ ਸਾਲ ਘੱਟੋ-ਘੱਟ 500 ਪ੍ਰਾਣੀ ਅੰਮ੍ਰਿਤ ਛੱਕਦੇ ਹਨ ਅਤੇ ਗੁਰੂ ਵਾਲੇ ਬਣਦੇ ਹਨ।

ਖਾਲਸਾ ਸਕੂਲ ਵੱਲੋਂ ਇੱਕ ਨਿਵੇਕਲੇ ਉਪਰਾਲੇ ਤਹਿਤ ਬੱਚਿਆਂ ਦਾ ਜਨਮਦਿਨ ਸੰਗਤੀ ਰੂਪ ਵਿਚ ਮਨਾਇਆ ਜਾਂਦਾ ਹੈ। ਸ਼ਾਇਦ ਹੀ ਸੰਸਾਰ ਵਿਚ ਅਜਿਹਾ ਹੋਰ ਕੋਈ ਸਕੂਲ ਹੋਵੇ ਜਿਥੇ ਬੱਚਿਆਂ ਦਾ ਜਨਮਦਿਨ ਇਸ ਢੰਗ ਨਾਲ ਮਨਾਇਆ ਜਾਂਦਾ ਹੋਵੇ, ਜਿਸ ਵਿਚ ਬੱਚੇ ਖੁਦ ਸੰਗਤੀ ਰੂਪ 'ਚ ਕੀਰਤਨ ਕਰਕੇ ਗੁਰੂ ਅੱਗੇ ਚੜ੍ਹਦੀਕਲਾ ਲਈ ਅਰਦਾਸ ਵਿਚ ਜੁੜਦੇ ਹੋਣ। ਰਿਲੀਜੀਅਸ ਸਟਾਫ ਦੀ ਇਨ੍ਹਾਂ ਸਮਾਗਮਾਂ ਦੇ ਵਿਚ ਅਹਿਮ ਭੂਮਿਕਾ ਹੁੰਦੀ ਹੈ। ਉਨ੍ਹਾਂ ਦੀ ਪ੍ਰੇਰਨਾ ਸਦਕਾ ਬੱਚੇ ਆਪਣੇ ਜਨਮਦਿਨ ਮਨਾਉਣ ਲਈ ਐਤਵਾਰ ਦੀ ਬੁਕਿੰਗ ਕਰਵਾਉਂਦੇ ਹਨ। ਰਿਲੀਜੀਅਸ ਡਿਪਾਰਟਮੈਂਟ ਦੇ ਮੌਜੂਦਾ ਹੈੱਡ ਭਾਈ ਕੁਲਵਿੰਦਰ ਸਿੰਘ ਅਤੇ ਅਸਿਸਟੈਂਟ ਹੈੱਡ ਡਾ. ਜਸਬੀਰ ਕੌਰ ਬੜੀ ਲਗਨ ਅਤੇ ਮਿਹਨਤ ਨਾਲ ਡਿਪਾਰਟਮੈਂਟ ਨੂੰ ਹੋਰ ਉਚਾਈਆਂ ਵੱਲ ਲਿਜਾਉਣ ਲਈ ਵੱਧ ਤੋਂ ਵੱਧ ਯਤਨ ਕਰਦੇ ਹਨ। ਇਥੇ ਵਰਨਣਯੋਗ ਹੈ ਕਿ ਪਿਛਲੇ ਐਤਵਾਰ ਨੂੰ ਇੱਕ ਰਿਕਾਰਡ ਤੋੜ ਸਮਾਗਮ ਹੋਇਆ ਜਿਸ ਵਿਚ 36 ਬੱਚਿਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਵੱਲੋਂ ਖਾਲਸਾ ਸਕੂਲ ਦੇ ਗੁਰਦੁਆਰੇ ਨਿਊਟਨ, ਸਰੀ ਵਿਖੇ ਜਨਮਦਿਨ ਮਨਾਇਆ ਗਿਆ ਜਿਸ ਵਿਚ 500 ਤੋਂ ਉੱਤੇ ਸੰਗਤੀ ਰੂਪ ਵਿਚ ਸਾਰਿਆਂ ਨੇ ਬੱਚਿਆਂ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ। ਬੱਚਿਆਂ ਨੇ ਬਹੁਤ ਵਧੀਆ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਸੇਵਾ ਡਾ. ਮਹਿੰਦਰਪਾਲ ਸਿੰਘ ਨੇ ਨਿਭਾਈ। ਸਕੂਲ ਦੇ ਗੁਰੂ ਘਰ ਵੱਲੋਂ ਡਾ. ਜਸਬੀਰ ਕੌਰ ਅਤੇ ਸੰਗਤੀ ਰੂਪ ਵਿਚ ਆਏ ਪਤਵੰਤੇ ਸੱਜਣਾਂ ਦੁਆਰਾ ਬੱਚਿਆਂ ਨੂੰ ਸਿਰੋਪਾਓ ਅਤੇ ਟੀ-ਸ਼ਰਟਾਂ ਦੇ ਕੇ ਸਨਮਾਨਿਆ ਗਿਆ। ਇਸ ਦੌਰਾਨ ਡਾ. ਮਹਿੰਦਰਪਾਲ ਸਿੰਘ ਵੱਲੋਂ ਆਈ ਸਮੂਹ ਸੰਗਤ ਅਤੇ ਬੱਚਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੱਸਿਆ ਕਿ ਇਸ ਰਿਕਾਰਡ ਤੋੜ ਸਮਾਗਮ ਦਾ ਸਿਹਰਾ ਓਥੋਂ ਦੇ ਪੰਜਾਬੀ ਦੇ ਅਧਿਆਪਕਾ ਮਿਸਿਜ਼ ਰਸ਼ਮਿੰਦਰ ਕੌਰ ਰੰਗੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਸਖਤ ਮਿਹਨਤ ਕਰਕੇ ਬੱਚਿਆਂ ਤੇ ਪਰਿਵਾਰਾਂ ਨੂੰ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਲੰਗਰ ਦੀ ਸੇਵਾ ਵਿਚ ਵੀ ਉਨ੍ਹਾਂ ਨੇ ਵੱਡਾ ਯੋਗਦਾਨ ਪਾਇਆ।

# ਡਾ.ਅੰਬੇਡਕਰ ਦੇ ਸੰਘਰਸ਼ਾਂ ਸਦਕਾ ਹੀ ਦਲਿਤ ਉਚ ਆਹੁਦਿਆਂ ਤੇ : ਖਹਿਰਾ

## ਬਾਬਾ ਸਾਹਿਬ ਦੇ ਪ੍ਰੀ-ਨਿਰਵਾਣ ਦਿਵਸ ਤੇ ਸਖਸ਼ੀਅਤਾਂ ਵਲੋਂ ਸ਼ਰਧਾ ਦੇ ਫੁੱਲ ਭੇਂਟ

**ਗੁਰਾਇਆ (ਨਿਰਮਲ ਗੁੜਾ)-** ਅੱਜ ਜੇਕਰ ਦਲਿਤ ਸਮਾਜ ਵਿੱਚ ਬਹੁਤ ਵੱਡੇ ਪੱਧਰ ਤੇ ਬਦਲਾਓ ਆਇਆ ਹੈ, ਦਲਿਤ ਸਮਾਜ ਇਨਸਾਨਾਂ ਵਾਲ਼ੀ ਜਿੰਦਗੀ ਜਿਊਣ ਲਗਿਆ ਹੈ, ਦਲਿਤ ਰਾਜਨੀਤਿਕ ਤੇ ਪ੍ਰਸ਼ਾਸ਼ਨਿਕ ਦੇ ਹਰ ਆਹੁਦੇ ਤੇ ਵਿਰਾਜਮਾਨ ਹੈ ਤਾਂ ਇਹ ਸੱਭ ਬਾਬਾ ਸਾਹਿਬ ਭੀਮ ਰਾਓ ਡਾ. ਅੰਬੇਡਕਰ ਜੀ ਦੇ ਸੰਘਰਸ਼ਮਈ ਯਤਨਾਂ ਸਦਕਾ ਹੀ ਹੋ ਸਕਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਫਿਲੌਰ ਦੇ ਉਮੀਦਵਾਰ ਬਲਦੇਵ ਖਹਿਰਾ ਨੇ ਗੁਰਾਇਆ ਵਿਖੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਹਲਕਾ ਫਿਲੌਰ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੇ 60ਵੇਂ ਪ੍ਰੀ-ਨਿਰਵਾਣ ਦਿਵਸ ਤੇ ਸ਼ਰਧਾਜ਼ਲੀ ਸਮਾਗਮ ਵਿੱਚ ਇਕ-ੱਤਰ ਹੋਏ ਭਾਰੀ ਗਿਣਤੀ ਵਿੱਚ ਇਲਾਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਸ਼ਰਧਾਂਜਲੀ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਚਰਨਜੀਤ ਸਿੰਘ ਅਟਵਾਲ ਅਤੇ ਕੈਬਨਿਟ ਮੰਤਰੀ ਅਜੀਤ ਸਿੰਘ ਕੋਹਾੜ ਮੁੱਖ ਮਹਿਮਾਨ ਵਜੋਂ ਪੁੱਜੇ ਅਤੇ ਬਾਬਾ ਸਾਹਿਬ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮਾਨਯੋਗ ਸਪੀਕਰ ਪੰਜਾਬ ਵਿਧਾਨ ਸਭਾ ਚਰਨਜੀਤ ਸਿੰਘ ਅਟਵਾਲ, ਕੈਬਨਿਟ ਮੰਤਰੀ ਅਜੀਤ ਸਿੰਘ ਕੋਹਾੜ ਤੋ ਇਲਾਵਾ ਹੋਰ ਬੁਲਾਰਿਆ ਨੇ ਕਿਹਾ ਕਿ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦਾ ਸਾਰਾ ਜੀਵਨ ਸੰਘਰਸ਼ ਭਰਿਆ ਸੀ। ਆਪਣੇ ਜੀਵਨ ਵਿੱਚ ਉਨ੍ਹਾਂ ਦੱਬੇ ਕੁਚਲੇ ਲੋਕਾਂ ਨੂੰ ਬਰਾਬਰ ਦਾ ਹੱਕ ਦਵਾਉਣ ਲਈ ਅਨੇਕਾਂ ਸੰਘਰਸ਼ ਕੀਤੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਮਾਨਯੋਗ ਸਪੀਕਰ ਪੰਜਾਬ ਵਿਧਾਨ ਸਭਾ ਚਰਨਜੀਤ ਸਿੰਘ ਅਟਵਾਲ ਨੇ ਡਾ: ਭੀਮ ਰਾਉ ਅੰਬੇਡਕਰ ਜੀ ਨੇ ਇਨਸਾਨ ਨੂੰ ਆਪਣੀ ਜ਼ਮੀਰ ਨੂੰ ਜ਼ਿੰਦਾ ਰੱਖਣ ਦਾ ਸੰਦੇਸ਼ ਦਿੱਤਾ, ਉਨ੍ਹਾ ਕਿਹਾ ਕਿ ਜਿਹੜੇ ਇਨਸਾਨ ਦੀ ਜ਼ਮੀਰ ਹੀ ਨਹੀਂ ਉਹ ਇਨਸਾਨ ਇੱਕ ਜ਼ਿੰਦਾ ਲਾਸ਼ ਦੀ ਤਰਾਂ ਹੈ। ਉਨ੍ਹਾ ਕਿਹਾ ਕਿ ਡਾ: ਭੀਮ ਰਾਉ ਅੰਬੇਡਕਰ ਜੀ ਨੇ ਸਿੱਖਿਆ ਪ੍ਰਣਾਲੀ ਨੂੰ ਉੱਚਾ ਚੁੱਕਣ ਲਈ ਵੀ ਸੰਘਰਸ਼ ਕੀਤਾ ਹੈ। ਉਨ੍ਹਾ ਅੱਗੇ ਕਿਹਾ ਕਿ ਡਾ: ਭੀਮ ਰਾਉ ਅੰਬੇਡਕਰ ਜੀ ਦੇ ਦਰਸਾਏ ਰਾਹ ਤੇ ਚੱਲਦਿਆ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾਂ ਗਰੀਬ ਲੋਕਾਂ ਦਾ ਹਮੇਸ਼ਾਂ ਸੋਚਿਆ ਹੈ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਅੰਦਰ ਮੁੜ ਤੋ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਗਰੀਬ ਵਰਗ ਦਾ ਹੋਰ ਭਲਾ ਹੋ ਸਕੇ। ਇਸ ਮੌਕੇ ਉਨ੍ਹਾਂ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਹਲਕਾ ਫਿਲੌਰ ਤੋ ਉਮੀਦਵਾਰ ਬਲਦੇਵ ਸਿੰਘ ਖਹਿਰਾ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ: ਭੀਮ ਰਾਉ ਅੰਬੇਡਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਅੱਜ ਸਮੁੱਚੇ ਹਲਕੇ ਦੇ ਲੋਕ ਇਸ ਸਮਾਗਮ ਵਿੱਚ ਸ਼ਾਮਲ ਹੋਏ ਹਨ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੇ ਦਰਸਾਏ ਰਾਹ ਤੇ ਚੱਲਦੇ ਹੋਏ ਲੋਕਾਂ ਦਾ ਭਲਾ ਕਰਨਾ ਚਾਹੀਦਾ ਹੈ। ਇਸ ਮੌਕੇ ਸਪੀਕਰ ਪੰਜਾਬ ਵਿਧਾਨ ਸਭਾ ਚਰਨਜੀਤ ਸਿੰਘ ਅਟਵਾਲ ਅਤੇ ਕੈਬਨਿਟ ਮੰਤਰੀ ਅਜੀਤ ਸਿੰਘ ਕੋਹਾੜ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਅਮਰਜੀਤ ਸਿੰਘ ਸੰਧੂ, ਚੇਅਰਮੈਨ ਬਾਬਾ ਸਰੂਪ ਸਿੰਘ ਬਛੋਵਾਲ, ਸਰਕਲ ਪ੍ਰਧਾਨ ਤੀਰਥ ਸਿੰਘ ਢੇਸੀ, ਹਰਜਿੰਦਰ ਸਿੰਘ ਲੱਲੀਆਂ, ਐਮ ਪੀ ਸਿੰਘ ਗੁਰਾਇਆ, ਸੁੱਚਾ ਸਿੰਘ ਜੌਹਲ, ਬਲਵੀਰ ਸਿੰਘ ਤੇਹਿੰਗ, ਮਦਨ ਲਾਲ ਰੰਧਾਵਾ, ਜਗਰਾਜ ਸਿੰਘ ਜੱਗੀ, ਰਾਮਸ਼ਰਨ ਰੰਧਾਵਾ, ਜਸਵੀਰ ਸਿੰਘ ਰੁੜਕਾ ਖੁਰਦ, ਸਰਪੰਚ ਹਰਦੀਪ ਸਿੰਘ ਤੱਗੜ, ਸ਼ਿੰਦਾ ਬੀਏ, ਭਲਵਿੰਦਰ ਸਿੰਘ ਭਿੰਦਾ, ਕੁਲਵਿੰਦਰ ਸਿੰਘ ਕਾਲਾ, ਸਤਵਿੰਦਰ ਸਿੰਘ ਰਿੰਕਾ, ਸੁਰਿੰਦਰ ਸਿੰਘ ਘਟਾਉੜਾ, ਰਿੰਕੀ ਸੱਭਰਵਾਲ, ਗੁਰਮੁੱਖ ਲਾਲ, ਹਰਜਿੰਦਰ ਕੁਮਾਰ ਸੂਰਜਾ, ਜੁਝਾਰ ਸਿੰਘ ਸੱਗੂ, ਜਸਵੀਰ ਰੰਧਾਵਾ ਤੋ ਇਲਾਵਾ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਵਰਕਰ ਮੌਜੂਦ ਸਨ।



# ਡੀ.ਸੀ. ਕਪੂਰਥਲਾ ਨਾਲ ਮਿਸ਼ਨ ਰੋਸ਼ਨੀ ਦੀ ਸਫਲਤਾ ਤੇ ਵਿਚਾਰ

**ਕਪੂਰਥਲਾ (ਬਿਊਰੋ)-** ਮਾਨਯੋਗ ਸ੍ਰ: ਗੁਰਲਵਲੀਨ ਸਿੰਘ ਸਿੱਧੂ ਡੀ. ਸੀ. ਕਪੂਰਥਲਾ ਨੂੰ ਪੁਨਰਜੋਤ ਦੇ ਸਟੇਟ ਕੋ-ਆਰਡੀਨੇਟਰ ਸ਼੍ਰੀ ਅਸ਼ੋਕ ਮਹਿਰਾ ਜੀ ਨੇ ਮਿਸ਼ਨ ਰੋਸ਼ਨੀ ਅਧੀਨ ਪੂਰੇ ਪੰਜਾਬ ਵਿੱਚ ਚਲਾਈ ਜਾ ਰਹੀ ਅੱਖਾਂ ਦਾਨ, ਅੰਗਦਾਨ ਅਤੇ ਖੂਨ-ਦਾਨ ਦੀ ਜਾਗਰੂਕਤਾ ਮੁਹਿੰਮ ਦੀ ਜਾਣਕਾਰੀ ਦਿੱਤੀ। ਉਹਨਾਂ ਨੇ ਸਾਲ ਦੀਆਂ ਗਤੀਵਿਧੀਆਂ ਅਤੇ ਆਉਣ ਵਾਲੇ ਪ੍ਰੋਗਰਾਮਾਂ ਵਿੱਚ ਸਰਕਾਰ ਅਤੇ ਡੀ. ਸੀ. ਸ਼ਾਹਿਬ ਦੀ ਸ਼ਾਮੂਲੀਅਤ ਲਈ ਵੀ ਬੇਨਤੀ ਕੀਤੀ।

ਪੁਨਰਜੋਤ ਵਲੋਂ ਪੰਜਾਬ ਨੂੰ ਪੁਤਲੀਆਂ ਦੀ ਬਿਮਾਰੀ ਨਾਲ ਹੋਈ



ਨੇਤਰਹੀਣਤਾਂ ਤੋਂ ਮੁਕਤ ਸੂਬਾ ਬਣਾਉਣ ਦੀ ਮੁਹਿੰਮ ਅਧੀਨ ਲੱਖਾਂ ਲੋਕਾਂ ਨੂੰ ਅੱਖਾਂ ਦਾਨ - ਮਹਾਂ ਦਾਨ ਬਾਰੇ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਨੇ ਵੀ ਇਸ ਲਹਿਰ ਵਿੱਚ ਹਿੱਸਾ ਪਾਉਣ ਲਈ ਅੱਖਾਂ ਦਾਨ ਦੇ ਪ੍ਰਣ ਪੱਤਰ ਭਰਨੇ ਸ਼ੁਰੂ ਕੀਤੇ ਹਨ ਅਤੇ ਆਪਣੇ ਰਿਸ਼ਤੇਦਾਰਾਂ ਦੀਆਂ ਮਰਨ ਤੋਂ ਬਾਅਦ ਅੱਖਾਂ ਦਾਨ ਕਰਵਾਉਣੀਆ ਸ਼ੁਰੂ ਕੀਤੀਆਂ ਹਨ। ਸਾਡੀਆਂ ਅੱਖਾਂ ਮਰਨ ਤੋਂ ਬਾਅਦ 6-8 ਘੰਟੇ ਤੱਕ ਜੀਂਦੀਆਂ ਹੁੰਦੀਆਂ ਹਨ ਜੇਕਰ ਇਹਨਾਂ ਨੂੰ ਸਾੜਨ ਦੀ ਬਜਾਇ ਸਮੇਂ ਸਿਰ ਦਾਨ ਕਰਵਾ ਦਿੱਤਾ ਜਾਵੇ ਤਾਂ ਪੁਤਲੀਆਂ ਦੀ ਬੀਮਾਰੀ ਦੇ ਦੋ ਨੇਤਰਹੀਣਾਂ ਨੂੰ ਰੋਸ਼ਨੀ ਮਿਲ ਸਕਦੀ ਹੈ। ਡੀ. ਸੀ. ਸ਼ਾਹਿਬ ਨੇ ਇਸ ਮਿਸ਼ਨ ਦੀ ਸ਼ਲਾਘਾ ਕਰਦਿਆਂ ਆਪਣੇ ਸਹਿਯੋਗ ਦਾ ਪੂਰਾ ਭਰੋਸਾ ਦਿੱਤਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

ਦੇਸ਼ ਦੁਆਬਾ

# ਦੁਚਿੱਤੀ ਭਰੀ ਪੰਜਾਬ ਦੀ ਚੋਣ ਸਿਆਸਤ

ਪੰਜਾਬ ਵਿਚ ਚੋਣਾਂ ਦਾ ਐਲਾਨ ਹੋਣ ਨੂੰ ਹੁਣ ਜ਼ਿਆਦਾ ਦਿਨ ਬਾਕੀ ਨਹੀਂ ਰਹਿ ਗਏ, ਇਸਦਾ ਐਲਾਨ ਕਦੀ ਵੀ ਹੋ ਸਕਦਾ ਹੈ। ਇਸ ਵਾਰ ਪੰਜਾਬ ਵਿਚ ਬਹੁਕੋਣਾ ਮੁਕਾਬਲਾ ਹੋ ਰਿਹਾ ਹੈ ਅਤੇ ਨਵੀਂ ਪਾਰਟੀ ਆਮ ਆਦਮੀ ਪਾਰਟੀ ਦੀ ਦਸਤਕ ਦੇ ਕਾਰਨ ਪੰਜਾਬ ਦੀ ਸਿਆਸੀ ਤਾਣੀ ਉਲਝ ਕੇ ਰਹਿ ਗਈ ਹੈ। ਅਜਿਹਾ ਪਹਿਲਾਂ ਕਦੀ ਦੇਖਣ ਨੂੰ ਨਹੀਂ ਮਿਲਿਆ ਕਿ ਕੋਈ ਵੀ ਵਿਅਕਤੀ ਇਸ ਗੱਲੋਂ ਨਿਸਚਿੰਤ ਨਹੀਂ ਹੋ ਸਕਦਾ ਕਿ ਕਿਸ ਪਾਰਟੀ ਨੂੰ ਇਸ ਵਾਰ ਸੱਤਾ ਦੀਆਂ ਚਾਬੀਆਂ ਮਿਲਣਗੀਆਂ। ਜਨਤਾ ਦਾ ਰੁਝਾਨ ਪੰਜਾਬ ਵਿਚ ਲਟਕਵੀ ਵਿਧਾਨ ਸਭਾ ਦੇ ਸੰਕੇਤ ਦੇ ਰਿਹਾ ਹੈ।

ਸੱਤਾਧਾਰੀ ਅਕਾਲੀ ਦਲ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ ਸਮੇਤ ਬਸਪਾ ਨੇ ਵੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਅਕਾਲੀ ਦਲ ਦੀ ਸਹਿਯੋਗੀ ਪਾਰਟੀ ਭਾਜਪਾ ਫਿਲਹਾਲ ਦੁਚਿੱਤੀ ਵਾਲੇ ਮਾਹੌਲ ਵਿਚ ਹੈ। ਸੰਭਵ ਹੈ ਕਿ ਉਹ ਚੰਡੀਗੜ੍ਹ ਨਗਰ ਨਿਗਮ ਦੇ ਨਤੀਜਿਆਂ ਨੂੰ ਦੇਖ ਰਹੀ ਹੋਵੇ। ਇਹ ਨਤੀਜੇ ਉਸ ਦੇ ਪੱਖ ਵਿਚ ਗਏ ਅਤੇ ਪਹਿਲਾ ਵਾਰ ਭਾਜਪਾ ਚੰਡੀਗੜ੍ਹ ਨਗਰ ਨਿਗਮ ਵਿਚ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨ ਵਿਚ ਕਾਮਯਾਬ ਰਹੀ ਹੈ। ਭਾਜਪਾ ਇਸ ਉਤਸ਼ਾਹ ਨੂੰ ਪੰਜਾਬ ਵਿਚ ਵੀ ਕੈਸ਼ ਕਰਵਾਉਣ ਦੀ ਕੋਸ਼ਿਸ਼ ਕਰੇਗੀ। ਉਸ ਨੂੰ ਕੋਈ ਫਾਇਦਾ ਹੁੰਦਾ ਹੈ ਜਾਂ ਨਹੀਂ, ਫਿਲਹਾਲ ਇਸ ਬਾਰੇ ਕੁਝ ਕਹਿਣਾ ਜਲਦਬਾਜ਼ੀ ਹੈ ਕਿਉਂਕਿ ਭਾਜਪਾ ਦੇ ਨੋਟਬੰਦੀ ਦੇ ਫੈਸਲੇ ਕਾਰਨ ਸਮਾਜ ਵਿਚ ਕਈ ਕਿਸਮ ਦੀਆਂ ਪ੍ਰਤੀਕਿਰਿਆਵਾਂ ਪਾਈਆਂ ਜਾ ਰਹੀਆਂ ਹਨ। ਲੋਕ ਬੈਂਕਾਂ ਵਿਚ ਖੱਜਲ ਖੁਆਰ ਹੋ ਰਹੇ ਹਨ, ਜਿਸ ਕਰਕੇ ਜਨਤਾ ਭਾਜਪਾ ਦੀ ਨੋਟਬੰਦੀ ਨੂੰ ਕਿਸ ਨਜ਼ਰੀਏ ਨਾਲ ਲੈ ਰਿਹਾ ਹੈ, ਇਹ ਇਕੱਲੇ ਚੰਡੀਗੜ੍ਹ ਦੇ ਨਤੀਜਿਆਂ ਤੋਂ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਚੰਡੀਗੜ੍ਹ ਵਿਚ ਪੜ੍ਹਿਆ-ਲਿਖਿਆ ਵਰਗ ਰਹਿੰਦਾ ਹੈ ਅਤੇ ਇਸ ਸੰਘੀ ਖੇਤਰ ਵਿਚ ਨੋਟਬੰਦੀ ਦਾ ਵੀ ਜ਼ਿਆਦਾ ਅਸਰ ਦੇਖਣ ਨੂੰ ਨਹੀਂ ਮਿਲਿਆ। ਬੈਂਕਾਂ ਮੂਹਰੇ ਭੀੜਾਂ ਵੀ ਘੱਟ ਦੇਖੀਆਂ ਗਈਆਂ।

ਪੰਜਾਬ ਵਿਚ ਹੋਰ ਧਿਰਾਂ ਵਿਚ ਬਸਪਾ, ਲੁਧਿਆਣਾ ਦੇ ਬੈਂਸ ਭਰਾ ਅਤੇ ਸੁੱਚਾ ਸਿੰਘ ਛੋਟੇਪੁਰ ਦਾ ਗਰੁੱਪ ਵੀ ਜ਼ੋਰ ਲਗਾ ਰਹੇ ਹਨ। ਬਸਪਾ ਨੇ ਇਸ ਵਾਰ ਫਿਰ ਪਹਿਲਾਂ ਵਾਂਗ ਇਕੱਲਿਆਂ ਚੋਣ ਲੜਨ ਦਾ ਫੈਸਲਾ ਕੀਤਾ ਹੈ। ਸਿਆਸਤਦਾਨਾਂ ਦਾ ਦਲਬਦਲ ਨਿਰੰਤਰ ਜਾਰੀ ਹੈ ਅਤੇ ਆਪੋ ਆਪਣੇ ਸਵਾਰਥਾਂ ਖਾਤਰ ਸਿਆਸੀ ਪਾਰਟੀਆਂ ਦੇ ਲੋਕ ਟੁੱਟ ਕੇ ਦੂਜੀਆਂ ਪਾਰਟੀਆਂ ਵਿਚ ਜਾ ਰਹੇ ਹਨ।

ਇਸ ਵਾਰ ਵੀ ਪੰਜਾਬ ਵਿਚ ਡੇਰਿਆਂ ਦੇ ਪ੍ਰਭਾਵ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਪਰ ਜ਼ਿਆਦਾਤਰ ਡੇਰੇਦਾਰ ਹੁਣ ਖੁੱਲ੍ਹੇਆਮ ਕਿਸੇ ਇਕ ਸਿਆਸੀ ਪਾਰਟੀ ਦੀ ਮਦਦ ਦਾ ਐਲਾਨ ਨਹੀਂ ਕਰਦੇ, ਹਾਲਾਂਕਿ ਸਾਰੇ ਲੀਡਰ ਡੇਰਿਆਂ ਦੇ ਪਿੱਛੇ ਫਿਰਦੇ ਹਨ। ਡੇਰਾਵਾਦ ਦੀ ਇਹ ਸਮੱਸਿਆ ਪੰਜਾਬ ਵਿਚ ਨਵੀਂ ਨਹੀਂ ਬਲਕਿ ਪਹਿਲਾਂ ਕਈ ਵਾਰ ਆਪਣੇ ਰੰਗ ਵੀ ਦਿਖਾ ਚੁੱਕੀ ਹੈ। ਡੇਰੇਦਾਰਾਂ ਦਾ ਵੀ ਖੁੱਲ੍ਹ ਕੇ ਕਿਸੇ ਦੀ ਹਮਾਇਤ ਵਿਚ ਨਾ ਆਉਣ ਕਾਰਨ ਪੰਜਾਬ ਵਿਚ ਦੁਚਿੱਤੀ ਵਾਲਾ ਮਾਹੌਲ ਵਧਦਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਹੁਣ ਪੰਜਾਬ ਦਾ ਕੋਈ ਵੀ ਵਿਅਕਤੀ ਇਹ ਗੱਲ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਇਸ ਵਾਰ ਕਿਸ ਪਾਰਟੀ ਜਾਂ ਗੱਠਜੋੜ ਦੀ ਸਰਕਾਰ ਬਣੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-14

## ਸਫਲ ਵਕਤਾ ਭਾਵ ਪ੍ਰਚਾਰਕ ਕੈਸਾ ਹੋਵੇ?



ਅਵਤਾਰ ਸਿੰਘ ਮਿਸ਼ਨਰੀ
510-432-5827

ਵਕਤਾ ਸੰਸਕ੍ਰਿਤ ਦਾ ਸ਼ਬਦ, ਅਰਥ-ਬਕਤਾ, ਬੋਲਣ ਵਾਲਾ, ਕਹਿਣ ਵਾਲਾ, ਕਥਨ ਵਾਲਾ, ਕਥਾਕਾਰ, ਪ੍ਰਚਾਰਕ ਅਤੇ ਉਪਦੇਸ਼ਕ ਆਦਿਕ ਹਨ। ਗੁਰੂ ਗ੍ਰੰਥ ਅਨੁਸਾਰ- ਬਿਨ ਜਿਹਵਾ ਕਹਾ ਕੋ ਬਕਤਾ॥(੧੧੪੦) ਗਿਆਨੀ ਅਤੇ ਬਕਤਾ ਕੌਣ ਹੈ?- ਕਉਣੁ ਸੁ ਗਿਆਨੀ ਕਉਣੁ ਸੁ ਬਕਤਾ॥? ਉੱਤਰ ਹੈ-ਗੁਰਮੁਖਿ ਗਿਆਨੀ ਗੁਰਮੁਖਿ ਬਕਤਾ॥(੧੩੧) ਭਾਵ ਗਿਆਨੀ ਪ੍ਰਮਾਤਮਾ ਨਾਲ ਡੂੰਘੀ ਸਾਂਝ ਅਤੇ ਗੁਰਮੁਖਿ ਗੁਰੂ ਦੀ ਸ਼ਰਨ ਵਿੱਚ ਰਹਿਣ ਵਾਲਾ। ਸ਼ਬਦਾਂ ਰਾਹੀਂ ਉਪਦੇਸ਼ ਕਰਨ ਵਾਲਾ-ਬਕਤੈ ਬਕਿ ਸਬਦੁ ਸੁਨਾਇਆ॥ ਸੁਨਤੈ ਸੁਨਿ ਮੰਨ ਬਸਾਇਆ॥(੯੭੨)

ਮਹਾਨ ਕੋਸ਼ ਅਤੇ ਗੁਰਮਤਿ ਅਨੁਸਾਰ ਵਕਤਾ ਦੇ ਗੁਣ-੧.ਰਸਦਾਇਕ ਭਾਵ ਮਿੱਠੀ ਬਾਣੀ ਵਾਲਾ ੨. ਕਾਵਯ ਦਾ ਗਿਆਤਾ ਭਾਵ ਛੰਦਾਂ ਸ਼ਲੋਕਾਂ ਆਦਿ ਦੀ ਲੈਅ ਮਿਣਤੀ ਮਾਪ ਜਾਨਣ ਵਾਲਾ ੩. ਸਰੋਤਿਆਂ ਦੀ ਰੁਚੀ ਅਨੁਸਾਰ ਅਰਥ ਦਾ ਵਿਸਥਾਰ ਅਤੇ ਸੰਖੇਪ ਕਰਨ ਵਾਲਾ ੪.ਸਤਵਾਦੀ-ਸੱਚ ਬੋਲਣ ਵਾਲਾ ੫. ਦਲੀਲ ਨਾਲ ਖੰਡਨ ਮੰਡਨ ਵਿੱਚ ਚਤੁਰ ੬. ਪ੍ਰਸ਼ੰਗ ਅਨੁਸਾਰ ਪ੍ਰਮਾਣ ਦੇਣ ਵਾਲਾ ੭. ਅਨੇਕ ਮੱਤਾਂ ਦਾ ਜਾਣੂੰ ੮. ਧੀਰਜਵਾਨ (ਤਲਖੀ ਵਿੱਚ ਨਾਂ ਆਉਣ ਵਾਲਾ) ੯. ਚੰਚਲਤਾ ਰਹਿਤ ੧੦. ਸ਼ਰੋਤਾ ਦੀ ਬੁੱਧਿ ਆਨੁਸਾਰ ਉਸ ਦੀ ਸਮਝ ਵਿੱਚ ਅਰਥ ਵਸਾਉਣ ਵਾਲਾ ੧੧. ਹੰਕਾਰ ਰਹਿਤ (ਵਿਦਵਤਾ ਦਾ ਘਮੰਡ ਨਾਂ ਕਰਨ ਵਾਲਾ) ੧੨. ਸੰਤੋਖੀ ੧੩. ਧਰਮੀ (ਫਰਜਾਂ ਦੀ ਪਾਲਣਾਂ ਕਰਨ ਵਾਲਾ) ੧੪. ਹੋਰਨਾਂ ਨੂੰ ਸੁਣਾਏ ਉਪਦੇਸ਼ ਤੇ ਅਮਲ ਕਰਨ ਵਾਲਾ ੧੫. ਜਾਤ-ਪਾਤ ਛੂਆ-ਛਾਤ ਅਤੇ ਪਾਰਟੀ-ਧੜੇਬੰਦੀ ਤੋਂ ਉੱਪਰ ਉੱਠ ਕੇ ਪ੍ਰਚਾਰ ਕਰਨ ਵਾਲਾ ੧੬. ਸਰਬੱਤ ਦਾ ਭਲਾ ਮੰਗਣ ਵਾਲਾ ੧੭. ਪਰਉਪਕਾਰੀ ੧੮. ਵੰਡ ਕੇ ਛੱਕਣ ਵਾਲਾ ੧੯. ਕਾਦਰ ਦੀ ਕੁਦਰਤ ਅਤੇ ਮਨੁੱਖਤਾ ਨਾਲ ਪਿਆਰ ਕਰਨ ਵਾਲਾ ੨੦. ਦੇਸ਼ ਕਾਲ ਦੀਆਂ ਹੱਦ ਬੰਦੀਆਂ ਤੋਂ ਉੱਪਰ ਉੱਠ ਕੇ ਪ੍ਰਚਾਰ ਕਰਨ ਵਾਲਾ ਆਦਿਕ ਸਫਲ ਵਕਤਾ ਦੇ ਗੁਣ ਹਨ।

ਉਪ੍ਰੋਕਤ ਗੁਣਾਂ ਆਦਿ ਦੇ ਧਾਰਨੀ ਨੂੰ ਪ੍ਰਚਾਰਕ ਵਕਤਾ ਕਿਹਾ ਜਾ ਸਕਦਾ ਹੈ। ਅਜਿਹੇ ਵਕਤੇ ਸੱਚ ਦਾ ਪ੍ਰਚਾਰ ਕਰਕੇ ਦੁਨੀਆਂ ਵਿੱਚ ਮਾਨ ਪ੍ਰਾਪਤ ਕਰਦੇ ਹਨ। ਅੱਜ ਅਜਿਹੇ ਪ੍ਰਚਾਰਕ ਵਕਤਿਆਂ ਦੀ ਸੰਸਾਰ ਵਿੱਚ ਅਤਿਅੰਤ ਲੋੜ ਹੈ।

ਦੂਜੇ ਪਾਸੇ ਕਬੀਰ ਸਾਹਿਬ ਫੁਰਮਾਂਦੇ ਹਨ ਕਿ ਜੋ ਪ੍ਰਚਾਰਕ ਦੂਜਿਆਂ ਨੂੰ ਮੱਤਾਂ ਦਿੰਦੇ, ਆਪ ਉਸ ਤੇ ਅਮਲ ਨਹੀਂ ਕਰਦੇ, ਉਹ ਹੋਰਨਾਂ ਦੀ ਰਾਸ ਪੂੰਜੀ ਦੀ ਤਾਂ ਰਾਖੀ ਕਰਨ ਦਾ ਦਾਹਵਾ ਕਰਦੇ ਪਰ ਆਪਣੇ ਗੁਣਾਂ ਰੂਪੀ ਖੇਤ ਨੂੰ ਖਾ ਭਾਵ ਗਵਾ ਲੈਂਦੇ ਹਨ- ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰ ਹੈ ਰੇਤੁ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥੯੮॥ (੧੩੬੯) ਵਕਤਾ-ਪ੍ਰਚਾਰਕ ਸੱਚ ਉਪਦੇਸ਼ ਨੂੰ ਗੋਲ ਮੋਲ ਕਰਨ ਵਾਲਾ ਵੀ ਨਹੀਂ ਹੋਣਾ ਚਾਹੀਦਾ ਸਗੋਂ ਦ੍ਰਿੜਤਾ ਨਾਲ ਪ੍ਰਚਾਰਨ ਵਾਲਾ ਹੋਵੇ ਪਰ ਵੇਖਣ ਵਿੱਚ ਆਉਂਦਾ ਹੈ ਕਿ ਅੱਜ ਕੱਲ ਬਹੁਤੇ ਬਕਤੇ ਪ੍ਰਚਾਰਕ ਮਾਇਆ ਖਾਤਰ ਜਥਾਰਥ ਦੇ ਉੱਲਟ ਜੀ ਹਜ਼ੂਰੀ ਕਰਕੇ. ਮਿਥਿਹਾਸਕ ਪ੍ਰਚਾਰ ਜਿਆਦਾ ਕਰਦੇ ਹਨ। ਸੋ ਪ੍ਰਚਾਰਕਾਂ ਨੂੰ ਚੰਗੇ ਵਕਤੇ ਬਣਨ ਦੀ ਕਲਾ ਵਿਦਿਆਲੇ, ਸਕੂਲਾਂ, ਕਾਲਜਾਂ, ਚੰਗੇ ਉਸਤਾਦਾਂ ਆਦਿ ਤੋਂ ਸਿੱਖਣੀ ਤੇ ਕਮਾਉਣੀ ਚਾਹੀਦੀ ਨਾ ਕਿ ਦੇਖਾ ਦੇਖੀ ਵਕਤੇ ਬਣਨਾ ਹੈ।

# ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਰਤਨ



ਤਸਵਿੰਦਰ ਸਿੰਘ ਬੜੈਚ
91-98763-22677

ਪੰਜਾਬ ਦੇ ਜਿਲ੍ਹਾ ਲੁਧਿਆਣਾ ਦਾ ਇਤਿਹਾਸਕ ਪਿੰਡ ਰਤਨ ਆਪਣੀ ਮਿੱਟੀ ਵਿਚ ਵਿਸ਼ੇਸ ਇਤਿਹਾਸ ਲੁਕਾਈ ਬੈਠਾ ਹੈ। ਇਸ ਨਗਰ ਨੂੰ ਦਸਵੇ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਹੈ। ਪੁਰਾਤਨ ਇਤਿਹਾਸ ਬਾਰੇ ਕਿਤਾਬਾਂ ਵਿੱਚ ਦਰਜ ਇਤਿਹਾਸ ਵਿੱਚ ਦੱਸਿਆਂ ਜਾਦਾ ਹੈ ਕਿ ਜਦੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗਨੀ ਖਾਂ, ਨਬੀ ਖਾਂ ਦੋਵੇਂ ਭਰਾਵਾਂ ਤੇ ਪੰਜ ਪਿਆਰਿਆ ਵਿੱਚ ਭਾਈ ਦਇਆਂ ਸਿੰਘ ਤੇ ਧਰਮ ਸਿੰਘ ਨਾਲ ਆਲਮਗੀਰ ਤੋਂ ਚਾਲੇ ਪਾ ਕੇ ਪਿੰਡ ਦੁਲੈਂ ਜਿਥੇ ਕਿ ਹੁਣ ਗੁਰਦੁਆਰਾ ਫਲਾਹੀ ਸਾਹਿਬ ਹੈ ਪਹੁੰਚੇ। ਇਥੇ ਗੁਰੂ ਜੀ ਨੇ ਪਿੰਡ ਕਿਲ੍ਹਾ ਰਾਏਪੁਰ ਦੇ ਸਰਦਾਰਾਂ ਨੂੰ ਮਿਲਣ ਲਈ ਸੱਦਿਆਂ ਪਰ ਸਰਦਾਰ ਨਾ ਆਏ, ਗੁਰੂ ਜੀ ਫਲਾਹੀ ਸਾਹਿਬ ਪਿੰਡ ਦੁ.ਲੈ ਤੋਂ ਘੋੜੇ ਤੇ ਸਵਾਰ ਹੋ ਕੇ ਗਨੀ ਖਾਂ, ਨਬੀ ਖਾਂ ਤੇ ਪੰਜ ਪਿਆਰਿਆਂ ਵਿਚੋਂ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਅਤੇ ਹੋਰ ਸਿੰਘਾ ਸਮੇਤ ਪਿੰਡ ਰਤਨ ਜਿਥੇ ਹੁਣ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ 1761 ਈ : ਪੋਹ ਦੀ 16-17 ਦੀ ਦਰਮਿਆਨੀ ਰਾਤ ਇਥੇ ਠਹਿਰੇ, ਜਦੋ ਕਿਲਾ ਰਾਏਪੁਰ ਦੀਆਂ ਬੀਬੀਆਂ ਨੂੰ ਪਤਾ ਲੱਗਾ ਕਿ ਸਾਡੇ ਸਰਦਾਰ ਗੁਰੂ ਸਾਹਿਬ ਦੇ ਸੱਦੇ ਤੇ ਨਹੀ ਗਏ ਤਾਂ ਬੀਬੀਆਂ ਨੇ ਸਰਦਾਰਾਂ ਨੂੰ ਬਹੁਤ ਹੀ ਲਾਹਨਤਾਂ ਪਾਈਆਂ, ਬੀਬੀਆਂ ਨੇ ਭੁੱਲ ਬਖਸਾਉਣ ਲਈ ਸਰਧਾ ਨਾਲ ਪ੍ਰਸ਼ਾਦਾ ਤਿਆਰ ਕਰਕੇ ਇਸ ਜਗ੍ਹਾ ਗੁਰਦੁਆਰਾ (ਟਾਹਲੀ ਸਾਹਿਬ) ਪਿੰਡ ਰਤਨ ਪਹੁੰਚੀਆਂ। ਗੁਰੂ ਜੀ ਅੱਗੇ ਪ੍ਰਸ਼ਾਦਾ ਰੱਖ ਕੇ ਭੁੱਲ ਬਖਸਾਉਣ ਲੱਗੀਆਂ। ਗੁਰੂ ਜੀ ਨੇ ਪ੍ਰੇਮ ਨਾਲ ਬੀਬੀਆਂ ਨੂੰ



ਬਿਠਾਇਆ ਤੇ ਉਹਨਾਂ ਤੋ ਲੰਗਰ ਛਕਿਆਂ, ਗੁਰੂ ਜੀ ਬੀਬੀਆਂ ਦੀ ਸਰਧਾ ਤੇ ਪ੍ਰੇਮ ਦੇਖ ਕੇ ਅਸ਼ੀਰਵਾਦ ਦਿੱਤਾ ਕਿ ਤੁਹਾਡੀਆਂ ਸਰਦਾਰੀਆਂ ਜੁਗੋ-ਜੁਗ ਕਾਇਮ ਰਹਿਣਗੀਆਂ। ਗੁਰੂ ਜੀ ਨੇ ਜਦੋਂ ਇਸ ਜਗ੍ਹਾ ਤੋਂ ਅੱਗੇ ਜਾਣ ਦੀ ਤਿਆਰੀ ਕੀਤੀ ਤਾਂ ਪਿੰਡ ਰਤਨ ਦੀਆਂ ਸੰਗਤਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ਇਸ ਜਗ੍ਹਾ ਨੂੰ ਕੋਈ ਯਾਦਗਾਰ ਬਖਸਿਸ ਕਰੋ। ਗੁਰੂ ਜੀ ਨੇ ਖੁਸ਼ ਹੋ ਕੇ ਟਾਹਲੀ ਦੀ ਦਾਤਣ ਮੰਗਵਾਈ ਤੇ ਪੰਜ ਰਗੜੇ ਮਾਰ ਕੇ ਤ ੇਇਥੇ ਗੱਡ ਦਿੱਤੀ ਜੋ ਕਿ ਗੁਰੂ ਜੀ ਦੀ ਬਖਸਿਸ ਨਾਲ ਪ੍ਰਫੁਲਿਤ ਹੋਈ ਸਮੇਂ ਅਨੁਸਾਰ ਜਾਲਮਾਂ ਇਸ ਟਾਹਲੀ ਸਾਹਿਬ ਨੂੰ ਪੁੱਟਣ ਦੀ ਕੋਸ਼ਿਸ ਕੀਤੀ ਪਰ ਜਾਲਮਾਂ ਨੂੰ ਇਸ ਟਾਹਲੀ ਸਾਹਿਬ ਦੀ ਜੜ੍ਹ ਹੀ ਨਾ ਲੱਭੀ। ਉਹ ਟਾਹਲੀ ਸਾਹਿਬ ਨੂੰ ਪੁਟਦੇ ਅੰਨ੍ਹੇ, ਕੋਹੜੀ ਤੇ ਕਈਆਂ ਨੂੰ ਅਧਰੰਗ ਹੋ ਗਿਆਂ।

ਉਹਨਾਂ ਦੇ ਸਰੀਰ ਫਿੱਟ ਗਏ ਤੇ ਕੁੱਝ ਸਮੇਂ ਮਗਰੋਂ ਮਰ ਗਏ। ਗੁਰੂ ਜੀ ਦੀ ਆਪਣੇ ਹੱਥੀ ਲਗਾਈ ਨਿਸ਼ਾਨੀ ਅਜੇ ਵੀ ਟਾਹਲੀ ਸਾਹਿਬ ਦੇ ਰੂਪ ਵਿਚ ਮੌਜੂਦ ਹੈ ਜਿਸ ਜਗ੍ਹਾ ਗੁਰੂ ਜੀ ਨੇ ਵਿਸ਼ਰਾਮ ਕੀਤਾ ਸੀ ਉਸ ਸਮੇਂ ਉਥੇ ਇੱਕ ਛੱਪੜੀ ਸੀ ਜਿਸ ਦਾ ਪਾਣੀ ਬਹੁਤ ਠੰਢਾ ਤੇ ਸਾਫ ਸੀ, ਜੋ ਕਦੇ ਵੀ ਨਹੀ ਸੁੱਕਦੀ ਸੀ। ਗੁਰੂ ਜੀ ਨੇ ਇਥੇ ਛੱਪੜੀ ਵਿੱਚ ਇਸਨਾਨ ਕੀਤਾ ਤੇ ਵਰ ਦਿੱਤਾ ਕਿ ਜਿਹੜਾ ਵੀ ਇਥੇ ਇਸਨਾਨ ਕਰੇਗਾ, ਉਸ ਦੇ ਸਾਰੇ ਰੋਗ ਕੱਟੇ ਜਾਣਗੇ ਤੇ ਮਨੋ- ਕਾਮਨਾਵਾਂ ਪੂਰੀਆਂ ਹੋਣਗੀਆਂ। ਇਸ ਜਗ੍ਹਾ ਹੁਣ ਗੁਰਦੁਆਰਾ ਬਉਲੀ ਸਾਹਿਬ ਹੈ, ਇਸ ਬਉਲੀ ਸਾਹਿਬ ਵਿੱਚ ਕਿਸੇ ਕਿਸਮ ਦਾ ਰੋਗੀ ਸਰਧਾ ਨਾਂਲ ਇਸਨਾਨ ਕਰਦਾ ਹੈ ਉਸ ਦੇ ਸਾਰੇ ਰੋਗ ਨਸ਼ਟ ਹੋ ਜਾਦੇ ਹਨ।

# ਬਸਪਾ ਆਗੂਆਂ ਗੜ੍ਹੀ ਮਹਾਂਸਿੰਘ ਵਿਖੇ ਕਰੀਮਪੁਰੀ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



**ਗੁਰਾਇਆ (ਨਿਰਮਲ ਗੁੜਾ)-** ਵਿਧਾਨ ਸਭਾ ਚੋਣਾਂ ਨੂੰ ਲੈ ਕੇ ਬਹੁਜਨ ਸਮਾਜ ਪਾਰਟੀ ਵਲੋਂ ਚੋਣ ਪ੍ਰਚਾਰ ਵਿੱਚ ਤੇਜੀ ਲਿਆਉਂਦਿਆਂ ਹਲਕਾ ਫਿਲੌਰ ਦੇ ਪਿੰਡ ਗੜੀਮਹਾਂਸਿੰਘ ਵਿਖੇ ਸੀਨੀਅਰ ਬਸਪਾ ਆਗੂ ਲਾਲ ਚੰਦ ਔਜਲਾ ਦੀ ਅਗਵਾਈ ਵਿੱਚ ਬਸਪਾ ਵਰਕਰਾਂ ਵਲੋਂ ਹਲਕਾ ਫਿਲੌਰ ਦੇ ਉਮੀਦਵਾਰ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਅਤੇ ਬਸਪਾ ਦੇ ਮੈਨੀਫੈਸਟੋ ਦੀਆਂ ਕਾਪੀਆਂ ਵੰਡੀਆਂ ਗਈਆਂ। ਇਸ ਦੌਰਾਨ ਬਸਪਾ ਆਗੂਆਂ ਨੇ ਕਿਹਾ ਕਿ ਬਸਪਾ ਦੀ ਸਰਕਾਰ ਆਉਣ ਤੇ ਮਹਿੰਗਾਈ, ਬੇਰੁਜਗਾਰੀ ਅਤੇ ਭ੍ਰਿਸ਼ਟਾਚਾਰ ਤੇ ਕਾਬੂ ਪਾਇਆ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਵਲੋਂ ਆਏ ਆਗੂਆਂ ਨੂੰ ਵੋਟ ਪਾਉਣ ਦਾ ਭਰੋਸਾ ਦਿਤਾ। ਇਸ ਮੌਕੇ ਲਾਲ ਚੰਦ ਔਜਲਾ, ਤੀਰਥ ਰਾਜਪੁਰਾ, ਕੁਲਵਿੰਦਰ ਇੰਦਣਾਂ, ਡਾ. ਗੁਰਨੇਕ ਨਿੱਕੂ, ਅਵਤਾਰ ਮਸਾਣੀ, ਬਲਵਿੰਦਰ ਕੁਮਾਰ, ਰਵੀ ਕੁਮਾਰ, ਹਰਬੰਸ ਸਿੰਘ, ਅਮਨ ਮਸਾਣੀ, ਬਲਵੀਰ ਪਾਲਕਦੀਮ, ਚਰਨਜੀਤ ਛੋਕਰ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀਆਂ ਅਸਲ ਤਾਰੀਖ਼ਾਂ



ਸਰਵਜੀਤ ਸਿੰਘ ਸੈਕਰਾਮੈਂਟੋ

ਸਿੱਖ ਇਤਿਹਾਸ ਵਿੱਚ ਸ਼ਹੀਦੀਆਂ, ਇਕ ਖਾਸ ਮੁਕਾਮ ਰੱਖਦੀਆਂ ਹਨ। ਗੁਰੂ ਸਾਹਿਬਾਨ ਨੇ ਬਾਣੀ ਰਾਹੀ ਸਿਰਫ ਉਪਦੇਸ ਹੀ ਨਹੀ ਦਿੱਤਾ ਸਗੋਂ ਉਸ ਤੇ ਖ਼ੁਦ ਅਮਲ ਕਰਕੇ ਇਹ ਸਬਕ ਦ੍ਰਿੜ ਵੀ ਕਰਵਾਇਆਂ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਆਰੰਭ ਹੋ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਧਰਮ ਦੀ ਰੱਖਿਆ ਕਰਦਿਆਂ ਸਿੱਖਾਂ ਵੱਲੋਂ ਦਿੱਤੀਆਂ ਗਈਆਂ ਸ਼ਹੀਦੀਆਂ, ਗੁਰੂ ਤੇਗ ਬਹਾਦਰ ਜੀ ਦੀ ਮਨੁੱਖੀ ਅਧਿਕਾਰਾਂ ਦੀ ਖਾਤਰ ਲਾਸਾਨੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੇਕਾਂ ਸਿੰਘਾਂ ਸਮੇਤ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਇਹ ਸਿਲਸਿਲਾ ਬਾਬਾ ਬੰਦਾ ਬਹਾਦਰ, ਛੋਟੇ ਅਤੇ ਵੱਡੇ ਘਲੂਘਾਰੇ ਰਾਹੀਂ ਹੁੰਦਾ ਹੋਇਆ ਅੱਜ ਦੇ ਆਧੁਨਿਕ ਸਮੇਂ ਤਾਈਂ ਨਿਰੰਤਰ ਜਾਰੀ ਹੈ। ਅੱਜ ਅਸੀਂ ਇਸੇ ਲੜੀ ਦੇ ਅਣਮੋਲ ਹੀਰੇ, ਨਿੱਕੀਆਂ ਉਮਰਾਂ 'ਚ ਵੱਡੇ ਸਾਕੇ ਕਰਨ ਵਾਲੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਨੂੰ ਕੋਟ-ਕੋਟ ਪ੍ਰਣਾਮ ਕਰਦੇ ਹਾਂ। ਜਿਥੇ ਸਾਹਿਬਜ਼ਾਦਿਆਂ ਵੱਲੋਂ ਨਿੱਕੀਆਂ ਉਮਰਾਂ 'ਚ ਕੀਤੇ ਗਏ ਵੱਡੇ ਸਾਕਿਆਂ ਦਾ ਇਤਿਹਾਸ ਅਤੇ ਇਤਿਹਾਸ ਅਸਥਾਨ ਸਾਡੇ ਪ੍ਰੇਰਨਾ ਸਰੋਤ ਹੈ। ਚਾਹੀਦਾ ਤਾਂ ਇਹ ਸੀ ਕਿ ਅਸੀਂ ਆਪਣੇ ਪ੍ਰੇਰਣਾ ਸਰੋਤਾਂ ਦੀ ਉਸੇ ਰੂਪ 'ਚ ਸਾਂਭ-ਸੰਭਾਲ ਕਰਦੇ ਪਰ ਕਾਰ ਸੇਵਾ ਵਾਲੇ ਬਾਬਿਆਂ ਨੇ ਜਿਥੇ ਇਤਿਹਾਸਕ ਯਾਦਗਾਰਾਂ ਨੂੰ ਸੰਗਮਰਮਰ ਦੇ ਥੱਲੇ ਦੱਬ ਦਿੱਤਾ ਹੈ ਉਥੇ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਇਤਿਹਾਸਕ ਤਾਰੀਖ਼ਾਂ ਨੂੰ ਵਿਗਾੜਨ 'ਚ ਆਪਣਾ ਯੋਗਦਾਨ ਪਾ ਰਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼ ਮਈ ਜੀਵਨ 'ਚ ਇਕ ਸਮਾ ਅਜੇਹਾ ਵੀ ਆਇਆ ਜਦੋਂ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਦਾ ਕਿਲਾ ਖਾਲੀ ਕਰਨਾ ਪਿਆ। ਪਹਾੜੀ ਰਾਜਿਆਂ ਅਤੇ ਸ਼ਾਹੀ ਫੌਜਾਂ ਵੱਲੋਂ ਦਿਵਾਏ ਭਰੋਸੇ ਅਤੇ ਕਿਲੇ ਦੇ ਅੰਦਰੂਨੀ ਹਾਲਾਤ ਨੂੰ ਮੁਖ ਰੱਖ ਕੇ ਗੁਰੂ ਜੀ ਨੇ 6 ਪੋਹ ਸੰਮਤ 1761 ਬਿਕ੍ਰਮੀ (5 ਦਸੰਬਰ 1704 ਈ: ਜੂਲੀਅਨ) ਦੀ ਰਾਤ ਨੂੰ ਕਿਲਾ ਖਾਲੀ ਕਰ ਦਿੱਤਾ। ਵੈਰੀ ਦੀਆਂ ਫੌਜਾਂ ਨੇ ਖਾਧੀਆਂ ਕਸਮਾਂ ਨੂੰ ਭੁੱਲਾ ਕੇ, ਸਿੱਖਾਂ ਦਾ ਪਿੱਛਾ ਕਰਨਾ ਅਰੰਭ ਦਿੱਤਾ। ਬਹੁਤ ਸਾਰੇ ਸਿੰਘ, ਬਹਾਦਰੀ ਨਾਲ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਇਸੇ ਦੌਰਾਨ ਗੁਰੂ ਜੀ ਸਰਸਾ ਨਦੀ ਨੂੰ ਪਾਰ ਕਰ ਨੇ ਚਮਕੌਰ ਦੇ ਚੌਧਰੀ ਦੀ ਇੱਕ ਕੱਚੀ ਗੜੀ ਵਿੱਚ ਮੋਰਚੇ ਸੰਭਾਲ ਲਏ। ਮੁਗਲਾਂ ਨੇ ਰਾਤ ਦੇ ਸਮੇ ਹਜ਼ਾਰਾਂ ਦੀ ਗਿਣਤੀ 'ਚ ਫੌਜ ਨਾਲ ਗੜੀ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਜੀ, ਦੋ ਵੱਡੇ ਸਾਹਿਬਜ਼ਾਦੇ ਤੇ 40 ਸਿੰਘਾਂ ਨੇ ਮੁਗਲ ਫੌਜ ਦਾ ਡਟ ਕੇ ਟਾਕਰਾ ਕੀਤਾ। ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ 'ਚ ਜਾਂਦਾ ਅਤੇ ਵੈਰੀ ਦੇ ਸੱਥਰ ਵਿਛਾਉਂਦਾ ਹੋਇਆ ਸ਼ਹੀਦ ਹੋ ਜਾਂਦਾ। ਸਾਹਿਬਜ਼ਾਦਾ ਅਜੀਤ ਸਿੰਘ ਵੀ ਗੁਰੂ ਜੀ ਤੋਂ ਆਗਿਆ ਲੈ ਕੇ ਮੈਦਾਨ 'ਚ ਜਾ ਗੱਜਿਆ। ਕਈਆਂ ਨੂੰ ਪਾਰ ਬੁਲਾ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਵੀ ਵੈਰੀਆਂ ਦੇ ਆਹੂ ਲਾਉਂਦੇ ਹੋਏ ਅੱਗੇ ਵੱਧਦੇ-ਵੱਧਦੇ ਸ਼ਹੀਦੀ ਪ੍ਰਾਪਤ ਕਰ ਗਏ। ਇਹ ਯੁੱਧ 8 ਪੋਹ ਸੰਮਤ 1761 ਬਿਕ੍ਰਮੀ (7 ਦਸੰਬਰ 1704 ਈ: ਜੂਲੀਅਨ) ਦਿਨ ਵੀਰਵਾਰ ਨੂੰ ਹੋਇਆ ਸੀ। ਸਰਸਾ ਨਦੀ ਤੇ ਪਏ ਵਿਛੋੜੇ ਕਾਰਨ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ, ਮਾਤਾ ਗੁਜਰੀ ਜੀ, ਗੰਗੂ ਬ੍ਰਾਹਮਣ ਦੇ ਘਰ, ਉਸ ਦੇ ਪਿੰਡ ਖੇੜੀ ਪੁਜ ਗਏ ਸਨ। ਲੂਣ ਹਰਾਮੀ ਗੰਗੂ ਨੇ ਲਾਲਚ ਵੱਸ ਮੋਰਿੰਡਾ ਦੇ ਥਾਣੇ ਜਾ ਖ਼ਬਰ ਕਰ ਦਿੱਤੀ। ਅਹਿਲਕਾਰਾਂ ਨੇ ਮਾਤਾ ਗੁਜਰੀ ਅਤੇ ਦੋਵੇਂ ਮਾਸੂਮਾਂ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਸਪੁਰਦ ਕਰ ਦਿੱਤਾ। ਕਚਹਿਰੀ 'ਚ 11 ਅਤੇ 12 ਪੋਹ ਨੂੰ ਪੇਸ਼ੀਆਂ ਉਪ੍ਰੰਤ ਕਾਜ਼ੀ ਵੱਲੋਂ ਸੁਣਾਏ ਫ਼ਤਵੇ ਤੇ ਅਮਲ ਕਰਦਿਆਂ, ਸਾਹਿਬਜ਼ਾਦਿਆਂ ਨੂੰ ਦੀਵਾਰ 'ਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀ ਸਾਕਾ 13 ਪੋਹ ਸੰਮਤ 1761 ਬਿਕ੍ਰਮੀ (12 ਦਸੰਬਰ 1704 ਈ: ਜੂਲੀਅਨ) ਦਿਨ ਮੰਗਲਵਾਰ ਨੂੰ ਵਾਪਰਿਆ ਸੀ।

| ਸਾਲ | ਸ਼ਹੀਦੀ ਵੱਡੇ ਸਾਹਿਬਜ਼ਾਦੇ | ਸ਼ਹੀਦੀ ਛੋਟੇ ਸਾਹਿਬਜ਼ਾਦੇ |
|---|---|---|
| 2010 | 6 ਪੋਹ (21 ਦਸੰਬਰ) | 11 ਪੋਹ (26 ਦਸੰਬਰ) |
| 2011 | 6 ਪੋਹ (21 ਦਸੰਬਰ) | 11 ਪੋਹ (26 ਦਸੰਬਰ) |
| 2012 | 7 ਪੋਹ (21 ਦਸੰਬਰ) | 12 ਪੋਹ (26 ਦਸੰਬਰ) |
| 2013 | 7 ਪੋਹ (21 ਦਸੰਬਰ) | 12 ਪੋਹ (26 ਦਸੰਬਰ) |
| 2014 | 6 ਪੋਹ (21 ਦਸੰਬਰ) | 11 ਪੋਹ (26 ਦਸੰਬਰ) |
| 2015 | 8 ਪੋਹ (23 ਦਸੰਬਰ) | 13 ਪੋਹ (28 ਦਸੰਬਰ) |
| 2016 | 8 ਪੋਹ (22 ਦਸੰਬਰ) | 13 ਪੋਹ (27 ਦਸੰਬਰ) |

ਭਾਵੇ ਕਈ ਇਤਿਹਾਸਿਕ ਤਾਰੀਖ਼ਾਂ ਬਾਰੇ ਵਿਦਵਾਨਾਂ ਵਿੱਚ ਮਤਭੇਦ ਹਨ ਪਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀਆਂ ਤਾਰੀਖ਼ਾਂ ਬਾਰੇ ਕੋਈ ਮੱਤ ਭੇਦ ਨਹੀ ਹੈ। ਇਹ ਦੋਵੇਂ ਤਾਰੀਖ਼ਾਂ ਸੂਰਜੀ ਬਿਕ੍ਰਮੀ ਕੈਲੰਡਰ ਦੀਆਂ ਹਨ ਅਤੇ ਇਸੇ ਮੁਤਾਬਕ ਹੀ ਇਹ ਦਿਹਾੜੇ ਮਨਾਏ ਜਾਂਦੇ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 1992 ਈ: ਦੀ ਜੰਤਰੀ ਵਿੱਚ ਵੀ ਇਹ ਦਿਹਾੜੇ 8 ਪੋਹ ਅਤੇ 13 ਪੋਹ ਦੇ ਹੀ ਦਰਜ ਹਨ। ਨਾਨਕਸ਼ਾਹੀ ਕੈਲੰਡਰ ਵਿੱਚ ਵੀ ਇਹ ਤਾਰੀਖ਼ਾਂ ਹੀ ਭਾਵ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤਾਰੀਖ 8, ਪੋਹ ਜੋ ਹਰ ਸਾਲ 21 ਦਸੰਬਰ (ਸੀ: ਈ:) ਨੂੰ ਆਉਂਦੀ ਹੈ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤਾਰੀਖ 13 ਪੋਹ ਜੋ ਹਰ ਸਾਲ 26 ਦਸੰਬਰ (ਸੀ: ਈ:) ਨੂੰ ਆਉਂਦੀ ਹੈ, ਦਰਜ ਕੀਤੀ ਗਈ ਹੈ। 2003 ਈ: ਤੋਂ 2009 ਈ: ਤਾਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਮੇਤ ਸੰਸਾਰ ਭਰ ਵਿੱਚ ਇਨ੍ਹਾਂ ਤਾਰੀਖ਼ਾਂ ਤੇ ਹੀ ਇਹ ਦਿਹਾੜੇ ਮਨਾਏ ਜਾਂਦੇ ਰਹੇ ਹਨ। ਸ਼੍ਰੋਮਣੀ ਕਮੇਟੀ ਨੇ ਬਿਨਾ ਕਿਸੇ ਠੋਸ ਕਾਰਨ ਦੇ, 2010 ਈ: ਇਨ੍ਹਾਂ ਦੋਵਾਂ ਦਿਹਾੜਿਆਂ ਦੀਆਂ ਤਾਰੀਖ਼ਾਂ ਨੂੰ ਬਦਲ ਦਿੱਤਾ; ਜੋ ਕਿ ਚਾਰਟ ਵਿੱਚ ਵੇਖ ਸਕਦੇ ਹੋ।

ਪਰ ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਅੱਜ ਸਾਡੇ ਮੁੱਖੀਆਂ ਵੱਲੋਂ, ਸਾਹਿਬਜ਼ਾਦਿਆਂ ਵੱਲੋਂ ਪਾਏ ਪੂਰਨਿਆਂ ਤੇ ਚਲਣਾ ਤਾ ਇਕ ਪਾਸੇ, ਚੰਦ ਵੋਟਾਂ ਦੀ ਖਾਤਰ, ਸਿੱਖਾਂ ਦੇ ਦਿਲਾਂ ਤੇ ਉਕਰੀਆਂ ਹੋਈਆਂ ਇਤਿਹਾਸਕ ਤਾਰੀਖ਼ਾਂ, 8 ਪੋਹ ਅਤੇ 13 ਪੋਹ ਨਾਲ ਜਾਣ ਬੁਝ ਕੇ ਛੇੜ ਛਾੜ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਵਲੋ ਰਾਸ਼ਟਰੀ ਸੰਤ ਸਮਾਜ ਨੂੰ ਖੁਸ਼ ਕਰਨ ਲਈ 'ਨਾਨਕ ਸ਼ਾਹੀ ਕੈਲੰਡਰ' ਨੂੰ ਵਿਗਾੜ ਕੇ ਜਾਰੀ ਕੀਤੇ ਗਏ ਧੁਮੱਕੜਸ਼ਾਹੀ ਕੈਲੰਡਰ 'ਚ ਇਹ ਇਤਿਹਾਸਿਕ ਦਿਹਾੜੇ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ, ਹਰ ਸਾਲ ਬਦਲ ਦਿੱਤੀ ਜਾਂਦੀ ਹੈ। ਕੀ ਸ਼੍ਰੋਮਣੀ ਕਮੇਟੀ ਸਾਡੇ ਇਤਿਹਾਸ ਨੂੰ ਵਿਗਾੜ ਨਹੀ ਰਹੀ? ਕੀ ਸ਼੍ਰੋਮਣੀ ਕਮੇਟੀ ਇਹ ਸਪੱਸ਼ਟ ਕਰੇਗੀ ਕਿ ਹਰ ਸਾਲ ਅਜੇਹਾ ਕਿਉਂ ਕੀਤਾ ਜਾ ਰਿਹਾ ਹੈ? ਜੇ ਹਰ ਸਾਲ ਇਹ ਦਿਹਾੜੇ ਅਸਲ ਤਾਰੀਖ਼ਾਂ ਭਾਵ 8 ਪੋਹ ਅਤੇ 13 ਪੋਹ ਨੂੰ ਮਨਾਏ ਜਾਣ ਤਾਂ ਕੀ ਨੁਕਸਾਨ ਹੋਵੇਗਾ? ਖਾਲਸਾ ਜੀ ਜਾਗੋ! ਕੀ ਅਸੀਂ ਸਿਰਫ ਬੀਤੇ ਬਾਰੇ ਪਛਤਾਵਾ ਹੀ ਕਰਦੇ ਰਹਾਂਗੇ ਜਾਂ ਵਰਤਮਾਨ ਨੂੰ ਸਾਂਭਣ ਦਾ ਵੀ ਕੋਈ ਯਤਨ ਕਰਾਂਗੇ? ਆਓ, ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਦਿਹਾੜੇ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੇ ਇਤਿਹਾਸ ਨੂੰ ਨਿਰਮਲ ਰੱਖਣ ਦਾ ਯਤਨ ਅਰੰਭੀਏ।

## ਵੇਟਲਿਫਟਰ ਤੇਜ ਪਾਲ ਸਿੰਘ ਨੇ ਉੜੀਸਾ ਗੇਮਾਂ 'ਚ ਜਿਤੇ 3 ਗੋਲਡ ਮੈਡਲ

**ਗੁਰਾਇਆ (ਨਿਰਮਲ ਗੁੜਾ)**- ਨਜਦੀਕੀ ਪਿੰਡ ਜੱਜਾ ਖੁਰਦ ਦੇ ਜੰਪਲ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਵੇਟ ਲਿਫਟਿੰਗ ਸਪੋਰਟਸ ਕਲੱਬ (ਰਜਿ.) ਬੜਾ ਪਿੰਡ ਦੇ ਵੇਟਲਿਫਟਰ ਤੇਜਪਾਲ ਸਿੰਘ ਸੰਧੂ ਨੇ ਦਸੰਬਰ ਦੇ ਪਹਿਲੇ ਹਫਤੇ ਉੜੀਸਾ ਵਿਖੇ ਹੋਈਆਂ 12ਵੀਆਂ ਯੂਥ ਸਬ ਯੂਨੀਅਰ ਲੜਕੇ ਤੇ ਲੜਕੀਆਂ ਦੇ ਨੈਸ਼ਨਲ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ 3 ਗੋਲਡ ਮੈਡਲ ਜਿਤ ਕੇ ਜਿਥੇ ਮਾਪਿਆਂ, ਇਲਾਕੇ ਅਤੇ ਸੂਬੇ ਦਾ ਮਾਣ ਵਧਾਇਆ, ਉਥੇ ਹੀ ਨੌਜਵਾਨ ਪੀੜੀ ਲਈ ਪ੍ਰੇਰਨਾ ਸਰੋਤ ਸਾਬਿਤ ਹੋ ਰਿਹਾ ਹੈ। ਕਲੱਬ ਦੇ ਕੋਚ ਅਤੇ ਚੇਅਰਮੈਨ ਮਨਜੀਤ ਸਿੰਘ ਨੇ ਜਿਥੇ ਖਿਡਾਰੀ ਤੇਜਪਾਲ ਸਿੰਘ ਨੂੰ ਵਧਾਈ ਦਿਤੀ, ਉਥੇ ਹੀ ਨੌਜਵਾਨਾਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਕਿ ਉਹ ਨਸ਼ੇ ਅਤੇ ਮਾੜੀ ਸੰਗਤ ਤੋਂ ਤੌਬਾ ਕਰਕੇ ਖੇਡਾਂ ਨਾਲ਼ ਜੁੜਨ ਤਾਂ ਜੋ ਸੇਹਤਮੰਦ ਜੀਵਨ ਬਤੀਤ ਕਰ ਸਕਣ। ਇਸ ਮੌਕੇ ਵੇਟਲਿਫਟਰ ਤੇਜਪਾਲ ਸਿੰਘ ਸੰਧੂ ਨੇ ਕਿਹਾ ਕਿ ਉਹ ਹੋਰ ਵੀ ਮੇਹਨਤ ਕਰਕੇ ਇੰਟਰਨੈਸ਼ਨਲ ਖੇਡਾਂ ਵਿੱਚ ਭਾਗ ਲੈ ਕੇ ਦੇਸ਼ ਦਾ ਨਾਮ ਉਚਾ ਕਰਨਾ ਚਾਹੁੰਦਾ ਹੈ। ਇਸ ਮੌਕੇ ਜਗਦੀਪ ਸਿੰਘ, ਤਿਰਲੋਚਨ ਸਿੰਘ, ਜਸਪਾਲ ਸਿੰਘ, ਕੁਲਵਿਦਰ ਸਿੰਘ, ਸਚਿਨ ਮਹਿਮੀ, ਸਤਵੰਤ ਸਿੰਘ ਅਤੇ ਹੋਰ ਵੀ ਖਿਡਾਰੀ ਮੌਜੂਦ ਸਨ।



## ਹੈਨਰੀ ਤੇ ਲੰਗਾਹ ਕਾਰਨ ਚੋਣ ਕਮਿਸ਼ਨ ਹੋਇਆ ਚੌਕਸ

**ਚੰਡੀਗੜ੍ਹ**- ਪੰਜਾਬ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਅਕਾਲੀ ਦਲ ਵੱਲੋਂ ਡੇਰਾ ਬਾਬਾ ਨਾਨਕ ਤੋਂ ਉਮੀਦਵਾਰ ਐਲਾਨਣ ਅਤੇ ਕਾਂਗਰਸੀ ਆਗੂ ਅਵਤਾਰ ਹੈਨਰੀ ਵੱਲੋਂ ਵਿਧਾਨ ਸਭਾ ਚੋਣਾਂ ਲਈ ਸੰਭਾਵੀ ਉਮੀਦਵਾਰ ਹੋਣ ਦੇ ਕੀਤੇ ਦਾਅਵਿਆਂ ਕਾਰਨ ਚੋਣ ਕਮਿਸ਼ਨ ਹਰਕਤ ਵਿੱਚ ਆ ਗਿਆ ਹੈ। ਰਾਜ ਦੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਦਾ ਕਹਿਣਾ ਹੈ ਕਿ ਸ੍ਰੀ ਹੈਨਰੀ ਦੀ ਨਾਗਰਿਕਤਾ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿੱਚ ਹੈ ਅਤੇ ਸੁੱਚਾ ਸਿੰਘ ਲੰਗਾਹ ਨੂੰ ਅਦਾਲਤ ਵੱਲੋਂ ਤਿੰਨ ਸਾਲ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਨ੍ਹਾਂ ਦੋਹਾਂ ਸਿਆਸਤਦਾਨਾਂ ਨੂੰ ਇਨ੍ਹਾਂ ਦੋ ਕਾਰਨਾਂ ਕਰ ਕੇ ਚੋਣ ਲੜਨ ਸਬੰਧੀ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

ਸੂਤਰਾਂ ਮੁਤਾਬਕ ਚੋਣ ਕਮਿਸ਼ਨ ਵੱਲੋਂ ਦੋਹਾਂ ਅਵਤਾਰ ਹੈਨਰੀ ਦੇ ਸੰਭਾਵੀ ਹਲਕੇ ਜਲੰਧਰ ਉੱਤਰੀ ਅਤੇ ਸ੍ਰੀ ਲੰਗਾਹ ਦੇ ਹਲਕੇ ਡੇਰਾ ਬਾਬਾ ਨਾਨਕ ਦੇ ਰਿਟਰਨਿੰਗ ਅਫ਼ਸਰਾਂ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ ਦਿੰਦਿਆਂ ਨਾਮਜ਼ਦਗੀਆਂ ਦੌਰਾਨ ਕਿਸੇ ਕਿਸਮ ਦੀ ਕੁਤਾਹੀ ਵਰਤਣ ਤੋਂ ਵਰਜਿਆ ਹੈ। ਉਧਰ ਅਕਾਲੀ ਦਲ ਦੇ ਸੂਤਰਾਂ ਮੁਤਾਬਕ ਸੁੱਚਾ ਸਿੰਘ ਲੰਗਾਹ ਦੀ ਥਾਂ ਉਨ੍ਹਾਂ ਦੇ ਪੁੱਤਰ ਵੱਲੋਂ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜੇ ਜਾਣ ਦੇ ਆਸਾਰ ਹਨ। ਚੋਣ ਅਧਿਕਾਰੀਆਂ ਮੁਤਾਬਕ ਅਵਤਾਰ ਹੈਨਰੀ ਦੀ ਨਾਗਰਿਕਤਾ ਸਬੰਧੀ ਕਮਿਸ਼ਨ ਨੂੰ ਜਲੰਧਰ ਦੇ ਇੱਕ ਵਿਅਕਤੀ ਨੇ ਸ਼ਿਕਾਇਤ ਕੀਤੀ ਹੈ ਕਿ ਇਸ ਕਾਂਗਰਸੀ ਆਗੂ ਨੇ ਬਰਤਾਨੀਆ ਦਾ ਨਾਗਰਿਕ ਹੋਣ ਦੇ ਬਾਵਜੂਦ ਵੋਟ ਬਣਾ ਲਈ ਹੈ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਇਸ ਕਾਂਗਰਸੀ ਆਗੂ ਦੇ ਬਰਤਾਨੀਆ ਦਾ ਨਾਗਰਿਕ ਹੋਣ ਦੀ ਪੁਸ਼ਟੀ ਤਾਂ ਕਰ ਦਿੱਤੀ ਸੀ, ਪਰ ਇਸ ਸਬੰਧੀ ਕੋਈ ਅਗਲੀ ਕਾਰਵਾਈ ਨਹੀਂ ਕੀਤੀ।

ਅਵਤਾਰ ਹੈਨਰੀ ਨੇ ਆਪਣਾ ਨਵਾਂ ਪਾਸਪੋਰਟ ਬਣਾ ਲਿਆ ਤੇ ਪਾਸਪੋਰਟ ਵਿੱਚ ਨਾਗਰਿਕਤਾ 'ਭਾਰਤੀ' ਦਰਜ ਕੀਤੀ ਗਈ ਅਤੇ ਇਸੇ ਆਧਾਰ 'ਤੇ ਵੋਟ ਬਣ ਗਈ। ਚੋਣ ਅਧਿਕਾਰੀ ਇਸ ਮਾਮਲੇ ਨੂੰ ਲੈ ਕੇ ਸ਼ਸ਼ੋਪੰਜ ਵਿੱਚ ਹਨ। ਉਧਰ ਅਵਤਾਰ ਹੈਨਰੀ ਦਾ ਕਹਿਣਾ ਹੈ ਕਿ ਨਾਗਰਿਕਤਾ ਸਬੰਧੀ ਰਿਵੀਊ ਪਟੀਸ਼ਨ ਕੇਂਦਰੀ ਗ੍ਰਹਿ ਮੰਤਰਾਲੇ ਵਿੱਚ ਸੁਣਵਾਈ ਅਧੀਨ ਹੈ। ਜਦੋਂ ਤੱਕ ਪਟੀਸ਼ਨ ਦਾ ਨਿਪਟਾਰਾ ਨਹੀਂ ਹੋ ਜਾਂਦਾ ਉਦੋਂ ਤੱਕ ਉਨ੍ਹਾਂ ਦੀ ਨਾਗਰਿਕਤਾ ਸਬੰਧੀ ਕੋਈ ਸਵਾਲ ਖੜ੍ਹਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ 'ਮੈਂ ਆਪਣਾ ਭਾਰਤੀ ਪਾਸਪੋਰਟ ਨਵਿਆ ਕੇ ਵਿਦੇਸ਼ ਦੇ ਦੌਰੇ ਕੀਤੇ ਹਨ ਇਸ ਲਈ ਮੈਂ ਭਾਰਤੀ ਨਾਗਰਿਕ ਹੀ ਹਾਂ।' ਸੁੱਚਾ ਸਿੰਘ ਲੰਗਾਹ ਨੂੰ ਅਦਾਲਤ ਵੱਲੋਂ 2 ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਕਾਨੂੰਨੀ ਤੌਰ 'ਤੇ ਅਜਿਹਾ ਕੋਈ ਸਿਆਸਤਦਾਨ ਚੋਣ ਨਹੀਂ ਲੜ ਸਕਦਾ, ਜਿਸ ਨੂੰ ਦੋ ਸਾਲ ਤੋਂ ਜ਼ਿਆਦਾ ਸਜ਼ਾ ਹੋਈ ਹੋਵੇ।

## ਜਸਟਿਸ ਖੈਹਰ ਹੋਣਗੇ ਅਗਲੇ ਚੀਫ ਜਸਟਿਸ



ਨਵੀਂ ਦਿੱਲੀ- ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਜਸਟਿਸ ਜਗਦੀਸ਼ ਸਿੰਘ ਖੇਹਰ ਦੇ ਨਾਂ ਨੂੰ ਮੁਲਕ ਦੇ ਅਗਲੇ ਚੀਫ ਜਸਟਿਸ ਵਜੋਂ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਬੰਧੀ ਨੋਟੀਫਿਕੇਸ਼ਨ ਭਲਕੇ ਜਾਰੀ ਕੀਤਾ ਜਾਵੇਗਾ।

ਜੱਜਾਂ ਦੀ ਨਿਯੁਕਤੀ ਬਾਰੇ ਵਿਵਾਦਤ ਕੌਮੀ ਜੁਡੀਸ਼ਲ ਨਿਯੁਕਤੀ ਕਮਿਸ਼ਨ (ਐਨਜੇਏਸੀ) ਐਕਟ ਨੂੰ ਰੱਦ ਕਰਨ ਵਾਲੇ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਵਿੱਚ ਸ਼ਾਮਲ ਜਸਟਿਸ ਖੇਹਰ ਮੁਲਕ ਦੇ 44ਵੇਂ ਚੀਫ ਜਸਟਿਸ ਹੋਣਗੇ ਤੇ ਉਹ 4 ਜਨਵਰੀ ਨੂੰ ਅਹੁਦੇ ਦੀ ਸਹੁੰ ਚੁੱਕਣਗੇ। ਜਸਟਿਸ ਖੇਹਰ ਦਾ ਚੀਫ਼ ਜਸਟਿਸ ਵਜੋਂ ਕਾਰਜਕਾਲ ਸੱਤ ਮਹੀਨੇ ਤੋਂ ਥੋੜ੍ਹਾ ਵੱਧ ਰਹੇਗਾ ਤੇ ਉਹ 27 ਅਗਸਤ ਨੂੰ ਸੇਵਾ ਮੁਕਤ ਹੋਣਗੇ।

## ਆਕਲੈਂਡ ਯੂਨੀਵਿਰਸਟੀ 'ਚ ਧੀ, ਮਾਂ ਅਤੇ ਪਿਉ ਇਕੋ ਦਿਨ ਹੋਏ ਗ੍ਰੈਜੂਏਟ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਪੜ੍ਹਨ-ਲਿਖਣ ਦਾ ਸ਼ੌਕ ਹੋਣਾ ਚਾਹੀਦਾ ਅਤੇ ਪੜ੍ਹਾਈ ਪੜ੍ਹਨ ਵਾਲੇ ਦੀ ਉਮਰ ਨਹੀਂ ਤੱਕਦੀ। ਇਸ ਗੱਲ ਦੀ ਉਦਾਹਰਣ ਹੈ ਬੀਤੇ ਕੱਲ੍ਹ ਆਕਲੈਂਡ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਦੇ ਵਿਚ ਧੀ, ਮਾਂ ਅਤੇ ਪਿਉ ਨੇ ਇਕੋ ਦਿਨ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕਰਕੇ ਆਪਣੇ ਆਪ ਨੂੰ ਗ੍ਰੈਜੂਏਟ ਕਰ ਲਿਆ। ਅਜਿਹੇ ਮੌਕਿਆਂ ਦੇ ਉਤੇ ਆਮ ਤੌਰ 'ਤੇ ਮਾਪੇ ਆਪਣੇ ਬੱਚਿਆਂ ਨੂੰ ਡਿਗਰੀ ਲੈਣ ਵੇਲੇ ਦਰਸ਼ਕਾਂ ਵਾਲੀਆਂ ਕੁਰਸੀਆਂ ਉਤੇ ਬੈਠਦੇ ਹਨ ਪਰ ਇਥੇ ਤਾਂ ਪੂਰਾ ਪਰਿਵਾਰ ਹੀ ਡਿਗਰੀਆਂ ਲੈਣ ਵਿਚ ਲੱਗਾ ਸੀ। ਧੀ (ਐਸ਼ਲੇ ਨੇ ਤਿੰਨ ਸਾਲਾ ਨਰਸਿੰਗ ਡਿਗਰੀ ਪ੍ਰਾਪਤ ਕੀਤੀ, ਉਸਦੀ ਮਾਂ ਨੇ ਪੋਸਟ ਗ੍ਰੈਜੂਏਟ ਸਟੱਡੀ ਇਨ ਅਡਵਾਂਸ ਨਰਸਿੰਗ ਪ੍ਰੈਕਟਿਸ ਵਿਚ ਡਿਗਰੀ ਪ੍ਰਾਪਤ ਕੀਤੀ ਜਦ ਕਿ ਪਿਉ ਨੇ ਪੈਰਾਮੈਡੀਸਨ ਅਤੇ ਅਡਵਾਂਸ ਰਿਸਅਸਿਟੇਇਸ਼ਨ (ਕਿਸੇ ਨੂੰ ਹੋਸ਼ ਵਿਚ ਲਿਆਉਣ ਦਾ ਕੰਮ) ਵਿਚ ਡਿਗਰੀ ਪ੍ਰਾਪਤ ਕੀਤੀ। ਇਹ ਤਿੰਨੇ ਪਰਿਵਾਰਕ ਮੈਂਬਰ ਵਧੀਆ ਨੌਕਰੀਆਂ 'ਤੇ ਲੱਗੇ ਹਨ ਅਤੇ ਹੁਣ ਹੋਰ ਤਰੱਕੀ ਕਰਕੇ ਅੱਗੇ ਨਿਕਲਣਗੇ।





## ਸੰਗਤ ਦਰਸ਼ਨ 'ਚ ਪਰਗਟ ਸਿੰਘ ਨੇ ਮੁੱਖ ਮੰਤਰੀ ਨੂੰ ਪਾਇਆ ਵਖ਼ਤ

ਜਲੰਧਰ- ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਉਸ ਸਮੇਂ ਪ੍ਰੇਸ਼ਾਨੀ ਦਾ ਸਾਹਮਣਾ ਕਰਨ ਪਿਆ, ਜਦੋਂ ਹਲਕਾ ਵਿਧਾਇਕ ਪਰਗਟ ਸਿੰਘ ਨੇ ਪ੍ਰੋਗਰਾਮ ਵਿੱਚ ਆ ਕੇ ਸਾਲਿਡ ਵੇਸਟ ਪਲਾਂਟ ਦਾ ਮੁੱਦਾ ਉਠਾ ਦਿੱਤਾ। ਪਰਗਟ ਸਿੰਘ ਦੇ ਸੰਗਤ ਦਰਸ਼ਨ ਵਿੱਚ ਆਉਣ ਨਾਲ ਪੁਲੀਸ ਕਰਮਚਾਰੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਜਮਸ਼ੇਰ ਵਿੱਚ ਜਲੰਧਰ ਛਾਉਣੀ ਹਲਕੇ ਦਾ ਪੰਜ ਸਾਲਾਂ ਦੌਰਾਨ ਪਹਿਲਾ ਸੰਗਤ ਦਰਸ਼ਨ ਕੀਤਾ ਗਿਆ।

ਇਸ ਵਿੱਚ ਹਲਕੇ ਦੇ ਵਿਧਾਇਕ ਦੀ ਥਾਂ ਅਕਾਲੀ ਦਲ ਦੇ ਐਲਾਨੇ ਉਮੀਦਵਾਰ ਸਰਬਜੀਤ ਸਿੰਘ ਮੱਕੜ ਮੁੱਖ ਮੰਤਰੀ ਨਾਲ ਬੈਠ ਕੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਗਰਾਂਟਾਂ ਵੰਡਣ ਵਿੱਚ ਹੱਥ ਵਟਾ ਰਹੇ ਸਨ। ਸੰਗਤ ਦਰਸ਼ਨ ਵਿੱਚ ਸ਼ਾਮਲ ਹੋਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜਨਤਕ ਤੌਰ 'ਤੇ ਹਰ ਕਿਸੇ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਪਰ ਉੱਥੇ ਪੁਲੀਸ ਨੇ ਹਲਕਾ ਵਿਧਾਇਕ ਪਰਗਟ ਸਿੰਘ ਨੂੰ ਅੱਗੇ ਜਾਣ ਤੋਂ ਰੋਕੀ ਰੱਖਿਆ। ਜਦੋਂ ਪੁਲੀਸ ਨੇ ਪਰਗਟ ਸਿੰਘ ਤੇ ਉਸ ਦੇ ਸਮਰਥਕਾਂ ਨੂੰ ਅੱਗੇ ਨਾ ਜਾਣ ਦਿੱਤਾ ਤਾਂ ਉਹ ਉੱਥੇ ਹੀ ਧਰਨਾ ਲਾ ਕੇ ਬੈਠ ਗਏ। ਮਗਰੋਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਲਿਆ। ਪਰਗਟ ਸਿੰਘ ਨੇ ਮੁੱਖ ਮੰਤਰੀ ਨੂੰ ਜਮਸ਼ੇਰ ਵਿੱਚ ਲੱਗਣ ਵਾਲੇ ਸਾਲਿਡ ਵੇਸਟ ਪਲਾਂਟ ਵਾਲੀ ਥਾਂ 'ਤੇ ਰਹਿ ਰਹੇ ਲੋਕਾਂ ਦੀ ਮਾੜੀ ਹਾਲਤ ਵੇਖਣ ਲਈ ਕਿਹਾ। ਪਰਗਟ ਸਿੰਘ ਦੇ ਵਾਰ-ਵਾਰ ਕਹਿਣ 'ਤੇ ਵੀ ਮੁੱਖ ਮੰਤਰੀ ਨੇ ਉੱਥੇ ਜਾਣ ਤੋਂ ਨਾਂਹ ਕਰ ਦਿੱਤੀ।

ਪਰਗਟ ਸਿੰਘ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਪਿਛਲੇ ਪੰਜ ਸਾਲ ਤੋਂ ਮਿੰਨਤਾਂ ਕਰਦੇ ਆ ਰਹੇ ਹਨ ਕਿ ਸਾਲਿਡ ਵੇਸਟ ਪਲਾਂਟ ਇੱਥੇ ਨਾ ਲਾਇਆ ਜਾਵੇ। ਸ੍ਰੀ ਬਾਦਲ ਨੇ ਜਦੋਂ ਕਿਹਾ ਕਿ ਸਾਲਿਡ ਵੇਸਟ ਪਲਾਂਟ ਇੱਥੇ ਨਹੀਂ ਲੱਗੇਗਾ ਤਾਂ ਪਰਗਟ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਫਾਈਲ ਜਾਂ ਪੇਪਰ ਦਿਖਾਉਣ, ਜਿਸ 'ਤੇ ਇਸ ਨੂੰ ਰੱਦ ਕਰਨ ਦੇ ਹੁਕਮ ਕੀਤੇ ਹੋਣ। ਇਸ 'ਤੇ ਮੁੱਖ ਮੰਤਰੀ ਚੁੱਪ ਰਹੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਗਟ ਸਿੰਘ ਨੇ ਕਿਹਾ ਕਿ ਉਹ ਸੰਗਤ ਦਰਸ਼ਨ ਵਿੱਚ ਆਪਣਾ ਪੱਖ ਰੱਖਣ ਆ ਰਹੇ ਸਨ ਪਰ ਪੁਲੀਸ ਵਾਲਿਆਂ ਨੇ ਉਨ੍ਹਾਂ ਨੂੰ ਜਬਰੀ ਰੋਕੀ ਰੱਖਿਆ। ਉਨ੍ਹਾਂ ਦੋਸ਼ ਲਾਇਆ ਮੁੱਖ ਮੰਤਰੀ ਸਾਲਿਡ ਵੇਸਟ ਦੇ ਮਾਮਲੇ ਵਿੱਚ ਕੋਰਾ ਝੂਠ ਬੋਲ ਰਹੇ ਹਨ। ਸੰਗਤ ਦਰਸ਼ਨ ਦੌਰਾਨ 'ਪਰਗਟ ਮੁਰਦਾਬਾਦ' ਦੇ ਨਾਅਰੇ ਵੀ ਲੱਗੇ।

## ਡਿਜੀਟਲ ਭੁਗਤਾਨ ਉਤਸ਼ਾਹਿਤ ਕਰਨ ਲਈ ਇਨਾਮਾਂ ਦਾ ਐਲਾਨ

**ਨਵੀਂ ਦਿੱਲੀ**- ਨੋਟਬੰਦੀ ਤੋਂ ਬਾਅਦ ਡਿਜੀਟਲ ਭੁਗਤਾਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੇ ਕ੍ਰਿਸਮਸ ਤੋਂ ਇਨਾਮ ਦੇਣ ਦਾ ਐਲਾਨ ਕੀਤਾ ਹੈ। ਇਹ ਇਨਾਮ ਗਾਹਕਾਂ ਦੇ ਨਾਲ ਨਾਲ ਦੁਕਾਨਦਾਰਾਂ ਨੂੰ ਵੀ ਦਿੱਤੇ ਜਾਣਗੇ। ਇਨਾਮ ਰੋਜ਼ਾਨਾ ਅਤੇ ਹਫ਼ਤਾਵਾਰੀ ਆਧਾਰ 'ਤੇ ਦਿੱਤੇ ਜਾਣਗੇ ਅਤੇ ਨਾਲ ਹੀ ਵੱਡਾ ਨਕਦੀ ਇਨਾਮ ਵੀ ਦਿੱਤਾ ਜਾਏਗਾ। ਕੁਲ 340 ਕਰੋੜ ਰੁਪਏ ਦੇ ਇਨਾਮ ਦਿੱਤੇ ਜਾਣਗੇ। ਨੀਤੀ ਆਯੋਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਮਿਤਾਭ ਕਾਂਤ ਨੇ 'ਲੱਕੀ ਗਾਹਕ ਯੋਜਨਾ' ਅਤੇ ਡਿਜੀ ਧਨ ਵਪਾਰ ਯੋਜਨਾ' ਦਾ ਐਲਾਨ ਕਰਦਿਆਂ ਕਿਹਾ ਕਿ ਇਨ੍ਹਾਂ ਦੇ ਘੇਰੇ 'ਚ 50 ਰੁਪਏ ਤੋਂ ਲੈ ਕੇ 3000 ਰੁਪਏ ਤਕ ਦੇ ਛੋਟੇ ਲੈਣ-ਦੇਣ ਆਉਣਗੇ। ਉਨ੍ਹਾਂ ਦੇਸ਼ਵਾਸੀਆਂ ਨੂੰ ਇਹ ਕ੍ਰਿਸਮਸ ਦਾ ਤੋਹਫ਼ਾ ਕਰਾਰ ਦਿੱਤਾ।

## ਕਾਂਗਰਸ ਨੇ 61 ਉਮੀਦਵਾਰਾਂ ਦੀ ਪਹਿਲੀ ਸੂਚੀ ਕੀਤੀ ਜਾਰੀ

ਕਾਂਗਰਸ ਨੇ ਆਪਣੇ 61 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਜਿਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨੰ

ਦੀਨਾਨਗਰ ਅਰੁਣਾ ਚੌਧਰੀ
ਕਾਦੀਆਂ ਫ਼ਤਿਹ ਜੰਗ ਸਿੰਘ ਬਾਜਵਾ
ਬਟਾਲਾ ਅਸ਼ਵਨੀ ਸੇਖੜੀ
ਸ੍ਰੀਹਰਗੋਬਿੰਦਪੁਰ ਸਾਹਿਬ ਬਲਵਿੰਦਰ ਸਿੰਘ ਲਾਡੀ
ਫ਼ਤਿਹਗੜ੍ਹ ਚੂੜੀਆਂ ਤ੍ਰਿਪਰਜਿੰਦਰ ਸਿੰਘ ਬਾਜਵਾ
ਡੇਰਾ ਬਾਬਾ ਨਾਨਕ ਸੁਖਜਿੰਦਰ ਸਿੰਘ ਰੰਧਾਵਾ
ਰਾਜਾਸਾਂਸੀ ਸੁਖਵਿੰਦਰ ਸਿੰਘ ਸੁਖਸਰਕਾਰੀਆ
ਮਜੀਠਾ ਲਾਲੀ ਮਜੀਠੀਆ
ਜੰਡਿਆਲਾ ਸੁਖਵਿੰਦਰ ਸਿੰਘ ਡੈਨੀ
ਅੰਮ੍ਰਿਤਸਰ ਵੈਸਟ ਰਾਜਕੁਮਾਰ ਵੇਰਕਾ
ਅੰਮ੍ਰਿਤਸਰ ਸੈਂਟਰਲ ਓਮ ਪ੍ਰਕਾਸ਼ ਸੋਨੀ
ਅਟਾਰੀ ਤਰਸੇਮ ਸਿੰਘ ਡੀ. ਸੀ.
ਤਰਨਤਾਰਨ ਧਰਮਵੀਰ ਅਗਨੀਹੋਤਰੀ
ਪੱਟੀ ਹਰਮਿੰਦਰ ਸਿੰਘ ਗਿੱਲ
ਖਡੂਰ ਸਾਹਿਬ ਰਮਨਜੀਤ ਸਿੰਘ ਸਿੱਕੀ
ਕਪੂਰਥਲਾ ਰਾਣਾ ਗੁਰਜੀਤ ਸਿੰਘ
ਸੁਲਤਾਨਪੁਰ ਨਵਤੇਜ ਸਿੰਘ ਚੀਮਾ
ਜਲੰਧਰ ਸੈਂਟਰਲ ਰਜਿੰਦਰ ਬੇਰੀ
ਮੁਕੇਰੀਆਂ ਰਜਨੀਸ਼ ਕੁਮਾਰ
ਉੜਮੁੜ ਸੰਗਤ ਸਿੰਘ ਗਿਲਜੀਆ
ਹੁਸ਼ਿਆਰਪੁਰ ਸੁੰਦਰ ਸ਼ਾਮ ਅਰੋੜਾ
ਚੱਬੇਵਾਲ ਰਾਜਕੁਮਾਰ
ਨਵਾਂਸ਼ਹਿਰ ਅੰਗਦ ਸੈਣੀ
ਆਨੰਦਪੁਰ ਸਾਹਿਬ ਰਾਣਾ ਕੰਵਰਪਾਲ ਸਿੰਘ
ਚਮਕੌਰ ਸਾਹਿਬ ਚਰਨਜੀਤ ਸਿੰਘ ਚੰਨੀ
ਮੁਹਾਲੀ ਬਲਬੀਰ ਸਿੰਘ ਸਿੱਧੂ
ਬੱਸੀ ਪਠਾਣਾ ਗੁਰਪ੍ਰੀਤ ਸਿੰਘ ਜੀ. ਪੀ.
ਫਹਿਤਗੜ੍ਹ ਸਾਹਿਬ ਕੁਲਜੀਤ ਸਿੰਘ ਨਾਗਰਾ
ਅਮਲੋਹ ਰਣਦੀਪ ਸਿੰਘ ਨਾਭਾ
ਖੰਨਾ ਗੁਰਕੀਰਤ ਸਿੰਘ ਕੋਟਲੀ
ਲੁਧਿਆਣਾ ਸੈਂਟਰਲ ਸੁਰਿੰਦਰ ਕੁਮਾਰ ਡਾਬਰ
ਲੁਧਿਆਣਾ ਵੈਸਟ ਭਾਰਤਭੂਸ਼ਣ ਆਸ਼ੂ
ਗਿੱਲ ਕੁਲਦੀਪ ਸਿੰਘ ਵੈਦ
ਪਾਇਲ ਲਖਵੀਰ ਸਿੰਘ ਲੱਖਾ
ਰਾਜਕੋਟ ਡਾ. ਅਮਰ ਸਿੰਘ
ਬਾਘਾ ਪੁਰਾਣਾ ਦਰਸ਼ਨ ਸਿੰਘ ਬਰਾੜ
ਧਰਮਕੋਟ ਕਾਕਾ ਸੁਖਜੀਤ ਸਿੰਘ ਲੋਹਗੜ੍ਹ
ਜੀਰਾ ਕੁਲਬੀਰ ਸਿੰਘ ਜੀਰਾ
ਫਿਰੋਜ਼ਪੁਰ ਸਿਟੀ ਪਰਮਿੰਦਰ ਸਿੰਘ ਪਿੰਕੀ
ਫਿਰੋਜ਼ਪੁਰ ਰੂਰਲ ਸਤਕਾਰ ਕੌਰ
ਗੁਰੂਹਰਸਹਾਏ ਰਾਣਾ ਗੁਰਮੀਤ ਸਿੰਘ ਸੋਢੀ
ਅਬੋਹਰ ਸੁਨੀਲ ਕੁਮਾਰ ਜਾਖੜ
ਫਰੀਦਕੋਟ ਕੁਸ਼ਲਦੀਪ ਸਿੰਘ ਢਿੱਲੋਂ
ਰਾਮਪੁਰਾ ਫੂਲ ਗੁਰਦੀਪ ਸਿੰਘ ਕੰਗੜ
ਬਠਿੰਡਾ ਅਰਬਨ ਮਨਪ੍ਰੀਤ ਸਿੰਘ ਬਾਦਲ
ਤਲਵੰਡੀ ਸਾਬੋ ਖੁਸ਼ਬਾਜ਼ ਸਿੰਘ ਜਟਾਣਾ
ਸਰਦੂਲਗੜ੍ਹ ਅਜੀਤ ਇੰਦਰ ਸਿੰਘ ਮੋਫਰ
ਬੁਢਲਾਡਾ ਰਣਜੀਤ ਕੌਰ ਭੱਟੀ
ਲਹਿਰਾ ਰਜਿੰਦਰ ਕੌਰ ਭੱਠਲ
ਦਿੜ੍ਹਬਾ ਅਜਾਇਬ ਸਿੰਘ ਰਟੌਲ
ਬਰਨਾਲਾ ਕੇਵਲ ਸਿੰਘ ਢਿੱਲੋਂ
ਮਹਿਲ ਕਲਾਂ ਹਰਚੰਦ ਕੌਰ
ਮਲੇਰਕੋਟਲਾ ਰਜ਼ੀਆ ਸੁਲਤਾਨਾ
ਧੂਰੀ ਦਲਵੀਰ ਸਿੰਘ ਗੋਲਡੀ
ਸੰਗਰੂਰ ਵਿਜੇਇੰਦਰ ਸਿੰਗਲਾ
ਨਾਭਾ ਸਾਧੂ ਸਿੰਘ ਧਰਮਸੋਤ
ਪਟਿਆਲਾ ਬ੍ਰਹਮਮਿੰਦਰਾ
ਰਾਜਪੂਰਾ ਹਰਦਿਆਲ ਸਿੰਘ ਕੰਬੋਜ
ਘਨੌਰ ਮਦਨਲਾਲ ਜਲਾਲਪੁਰ
ਪਟਿਆਲਾ ਕੈਪਟਨ ਅਮਰਿੰਦਰ ਸਿੰਘ
ਸ਼ੁਤਰਾਣਾ ਨਿਰਮਲ ਸਿੰਘ

# ਮਾਲਵਾ ਖੇਤਰ ਬਸਪਾ ਦੇ ਖਾਤਾ ਖੁੱਲਣ ਦੇ ਆਸਾਰ ਬਣੇ

## ਮਹਿਲ ਕਲਾਂ ਤੋਂ ਡਾ.ਮੱਖਣ ਸਿੰਘ ਦੇ ਰਹੇ ਸਖ਼ਤ ਟੱਕਰ












**ਵਿਸ਼ੇਸ਼ ਰਿਪੋਰਟ**

ਜ਼ਿਲ੍ਹਾ ਬਰਨਾਲਾ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਡਾ. ਮੱਖਣ ਸਿੰਘ (ਸੇਵਾਮੁਕਤ ਡਿਪਟੀ ਡਾਇਰੈਕਟਰ, ਸਿਹਤ ਵਿਭਾਗ ਪੰਜਾਬ), ਜੋ ਕਿ ਹੱਡੀਆਂ ਦੇ ਮਾਹਿਰ ਡਾਕਟਰ ਵੀ ਹਨ, ਵੱਲੋਂ ਹਲਕੇ ਅੰਦਰ ਕੀਤੀ ਜਾ ਰਹੀ ਦਿਨ ਰਾਤ ਮਿਹਨਤ, ਲੋਕਾਂ ਵੱਲੋਂ ਮਿਲ ਰਹੇ ਭਰਵੇਂ ਸਹਿਯੋਗ ਅਤੇ ਮਹਿਲ ਕਲਾਂ ਅੰਦਰ ਪਏ ਸਿਆਸੀ ਘੜਮੱਸ ਕਾਰਣ ਮਾਲਵਾ ਖੇਤਰ ਵਿੱਚ ਬਸਪਾ ਦਾ ਖਾਤਾ ਖੁਲ ਜਾਣ ਦਾ ਸਬੱਬ ਬਣ ਜਾਣ ਦੇ ਆਸਾਰ ਬਣ ਗਏ ਹਨ। ਇਹ ਸੀਟ ਪਹਿਲਾਂ ਵਿਧਾਨ ਸਭਾ ਹਲਕਾ ਸ਼ੇਰਪੁਰ ਵਜੋਂ ਜਾਣੀ ਜਾਂਦੀ ਸੀ ਅਤੇ ਸਾਲ 1992 ਦੌਰਾਨ ਬਸਪਾ ਇਸ ਸੀਟ ਤੋਂ ਜਿੱਤ ਪ੍ਰਾਪਤ ਕਰ ਚੁੱਕੀ ਹੈ ਅਤੇ ਸਾਲ 1997 ਦੌਰਾਨ ਥੋੜ੍ਹੀਆਂ ਵੋਟਾਂ ਦੇ ਫ਼ਰਕ ਨਾਲ ਹਾਰ ਗਈ ਸੀ। ਸਾਲ ਵਿਧਾਨ ਸਭਾ ਚੋਣਾਂ ਦੌਰਾਨ ਇਸ ਸੀਟ ਤੋਂ ਕਾਂਗਰਸ ਦੀ ਹਰਚੰਦ ਕੌਰ ਜਿੱਤ ਗਈ ਸੀ, ਜਿਸ ਨੂੰ ਸਾਬਕਾ ਕੈਬਨਿਟ ਮੰਤਰੀ ਗੋਬਿੰਦ ਸਿੰਘ ਕਾਂਝਲਾ ਦੇ ਵਿਰੋਧੀ ਅਕਾਲੀ ਧੜੇ ਨੇ ਕਾਂਗਰਸੀ ਉਮੀਦਵਾਰ ਹਰਚੰਦ ਕੌਰ ਦਾ ਨੰਗਾ ਚਿੱਟਾ ਸਮਰਥਨ ਕੀਤਾ ਸੀ, ਜਿਸ ਕਰਕੇ ਕਾਂਝਲਾ ਚੋਣ ਹਾਰ ਗਏ ਸਨ। ਇਸ ਸੀਟ ਤੋਂ ਬਸਪਾ ਉਮੀਦਵਾਰ ਆਤਮਾ ਸਿੰਘ ਨੇ ਕੋਈ ਜ਼ਿਆਦਾ ਮਿਹਨਤ ਨਹੀ ਕੀਤੀ ਸੀ ਅਤੇ ਫਿਰ ਇੱਥੋਂ ਬਸਪਾ ਨੂੰ 7030 ਵੋਟਾਂ ਮਿਲੀਆਂ ਸਨ। ਹੁਣ ਬਦਲੇ ਹਾਲਤਾਂ ਅਨੁਸਾਰ ਗੋਬਿੰਦ ਸਿੰਘ ਕਾਂਝਲਾ ਦੀ ਟਿਕਟ ਕੱਟ ਕੇ ਹਲਕੇ ਤੋਂ ਬਾਹਰੀ ਅਕਾਲੀ ਆਗੂ ਅਜੀਤ ਸਿੰਘ ਸ਼ਾਂਤ ਨੂੰ ਮਹਿਲ ਕਲਾਂ ਤੋਂ ਉਮੀਦਵਾਰ ਬਣਾਇਆ ਗਿਆ ਹੈ।ਆਮ ਆਦਮੀ ਪਾਰਟੀ ਵੱਲੋਂ ਕੁਲਵੰਤ ਸਿੰਘ ਪੰਡੋਰੀ ਉਮੀਦਵਾਰ ਹੈ ਜਦਕਿ ਗੋਬਿੰਦ ਸਿੰਘ ਕਾਂਝਲਾ ਨੇ ਆਜ਼ਾਦ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਵੱਲੋਂ ਮੁੜ ਵਿਧਾਇਕ ਬੀਬੀ ਹਰਚੰਦ ਕੌਰ ਘਨੌਰੀ ਨੂੰ ਉਮੀਦਵਾਰ ਐਲਾਨ ਦਿੱਤਾ ਹੈ, ਜਿਨ੍ਹਾਂ ਦੀ ਸਥਿਤੀ ਹਲਕੇ ਅੰਦਰ ਪਤਲੀ ਹੋ ਚੁੱਕੀ ਹੈ। ਕਿਉਂਕਿ ਕਾਂਗਰਸੀ ਉਮੀਦਵਾਰ ਨਾ ਤਾਂ ਕੋਈ ਚੰਗੀ ਵਕਤਾ ਹੈ ਅਤੇ ਉਹ ਪਿਛਲੀਆਂ ਦੋ ਵਿਧਾਨ ਸਭਾ ਚੋਣਾ ਵਿੱਚ ਸਿਰਫ਼ ਅਕਾਲੀ ਉਮੀਦਵਾਰ ਗੋਬਿੰਦ ਸਿੰਘ ਕਾਂਝਲਾ ਦੇ ਅੱਖੜ ਸੁਭਾਅ ਅਤੇ ਬੋਲੀ ਕਾਰਣ ਅਕਾਲੀ ਆਗੂਆਂ ਵੱਲੋਂ ਕਾਂਝਲਾ ਦੇ ਵਿਰੋਧ ਵਿੱਚ ਹੀ ਜਿੱਤਦੀ ਰਹੀ ਹੈ। ਹਾਲ ਹੀ ਵਿੱਚ ਕਾਂਗਰਸੀ ਵਿਧਾਇਕ ਬੀਬੀ ਘਨੌਰੀ ਦੀ ਇੱਕ ਵੀਡੀਓ ਜਿਸ ਵਿੱਚ ਉਹ ਇੱਕ ਭੋਗ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗਿਓ ਵੀਹ ਰੁਪੈ ਮੱਥਾ ਟੇਕ ਕੇ ਸੌ ਰੁਪੈ ਦਾ ਨੋਟ ਚੁੱਕੇ ਚੋਰੀ ਕਰਦੀ ਦਿਖਾਈ ਦੇ ਰਹੀ ਹੈ, ਕਾਰਣ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਤੋਂ ਬਾਅਦ ਬੀਬੀ ਘਨੌਰੀ ਦੇ ਸਿਆਸੀ ਭਵਿੱਖ ਖ਼ਤਰੇ ਵਿੱਚ ਪੈ ਗਿਆ ਹੈ। ਜਿਸ ਕਾਰਣ ਬੀਬੀ ਘਨੌਰੀ ਵੱਲੋਂ ਹਲਕੇ ਅੰਦਰ ਕਿਸੇ ਧਾਰਮਿਕ ਸਮਾਗਮ ਵਿੱਚ ਸ਼ਮੂਲੀਅਤ ਮੌਕੇ ਮੱਥਾ ਟੇਕਣ ਸਮੇਂ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਇਸ ਹਲਕੇ ਤੋਂ ਸਭ ਤੋਂ ਵੱਧ ਪੜੇ ਲਿਖੇ ਉਮੀਦਵਾਰ ਬਸਪਾ ਵੱਲੋਂ ਡਾ. ਮੱਖਣ ਸਿੰਘ ਹਨ, ਜੋ ਐਮਬੀਬੀਐੱਸ ਅਤੇ ਹੱਡੀਆਂ ਦੇ ਮਾਹਿਰ ਹਨ ਅਤੇ ਸਿਹਤ ਵਿਭਾਗ ਪੰਜਾਬ ਦੇ ਸੇਵਾਮੁਕਤ ਡਿਪਟੀ ਡਾਇਰੈਕਟਰ ਹਨ। ਡਾ. ਮੱਖਣ ਸਿੰਘ ਦੀ ਚੋਣ ਮੁਹਿੰਮ ਨੇ ਸਾਰੀਆਂ ਸਿਆਸੀ ਧਿਰਾਂ ਨੂੰ ਪਛਾੜ ਦਿੱਤਾ ਹੈ ਅਤੇ ਬਸਪਾ ਉਮੀਦਵਾਰ ਹੁਣ ਤੱਕ ਪਿੰਡਾਂ ਵਿੱਚ ਡੋਰ ਟੂ ਡੋਰ ਸੰਪਰਕ ਕਰ ਚੁੱਕਿਆ ਹੈ ਅਤੇ ਹਲਕੇ ਅੰਦਰ ਦੋ ਵੱਡੀਆਂ ਚੋਣ ਰੈਲੀਆਂ ਇੱਕ ਸ਼ੇਰਪੁਰ ਵਿਖੇ ਅਤੇ ਇੱਕ ਮਹਿਲ ਕਲਾਂ ਵਿਖੇ ਕਰਨ ਤੋਂ ਇਲਾਵਾ ਸ਼ੇਰਪੁਰ ਅਤੇ ਮਹਿਲ ਕਲਾਂ ਵਿਖੇ ਦੋ ਚੋਣ ਦਫ਼ਤਰ ਖ਼ੋਲ ਦਿੱਤੇ ਗਏ ਹਨ। ਇਸੇ ਤਰਾਂ ਹੀ ਮਹਿਲ ਕਲਾਂ ਅਤੇ ਸ਼ੇਰਪੁਰ ਵਿਖੇ ਰੋਡ ਸੋਅ ਕੀਤੇ ਜਾ ਚੁੱਕੇ ਹਨ। ਡਾ.ਮੱਖਣ ਸਿੰਘ ਵੱਲੋਂ ਹੁਣ ਤੱਕ ਬਸਪਾ ਦੀ ਅਪੀਲ 20 ਹਜਾਰ ਦੀ ਗਿਣਤੀ ਵਿੱਚ ਵੰਡੀ ਜਾ ਚੁੱਕੀ ਹੈ, ਵੀਹ ਹਜਾਰ ਤੋਂ ਵੱਧ ਪੋਸਟਰ ਲਗਾਏ ਜਾ ਚੁੱਕੇ ਹਨ ਅਤੇ 350 ਫਲੈਕਸ ਬੋਰਡ ਪਿੰਡਾਂ ਅੰਦਰ ਲੱਗ ਚੁੱਕੇ ਹਨ। ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਨੂੰ ਲੋਕਾਂ ਵੱਲੋਂ ਮਿਲ ਰਿਹਾ ਭਰਵਾਂ ਸਹਿਯੋਗ ਅਤੇ ਬਸਪਾ ਦੀਆਂ ਦੋਵੇਂ ਰੈਲੀਆਂ ਮੌਕੇ ਲੋਕਾਂ ਦੇ ਵੱਡੇ ਇਕੱਠਾ ਨੇ ਅਕਾਲੀ ਦਲ , ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਖੇਮੇ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ ਅਤੇ ਬੌਖਲਾਹਟ ਵਿੱਚ ਆਕੇ ਪਿੰਡ ਗਾਗੇਵਾਲ ਵਿਖੇ ਬਸਪਾ ਦੀ ਇੱਕ ਚੋਣ ਮੀਟਿੰਗਾਂ ਦੌਰਾਨ ਹਮਲਾ ਵੀ ਹੋ ਚੁੱਕਾ ਹੈ। ਨੇੜ ਭਵਿੱਖ ਵਿੱਚ ਬਸਪਾ ਸੁਪਰੀਮੋ ਅਤੇ ਉੱਤਰ ਪ੍ਰਦੇਸ ਦੀ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਹਲਕਾ ਮਹਿਲ ਕਲਾਂ ਵਿਖੇ ਡਾ. ਮੱਖਣ ਸਿੰਘ ਦੀ ਚੋਣ ਰੈਲੀ ਨੂੰ ਸੰਬੋਧਨ ਕਰਨ ਪੁੱਜ ਸਕਦੇ ਹਨ। ਇਸ ਸਬੰਧੀ ਬਸਪਾ ਹਾਈਕਮਾਨ ਵੱਲੋਂ ਜਲਦ ਹੀ ਐਲਾਨ ਕੀਤਾ ਜਾ ਸਕਦਾ ਹੈ। ਇਹ ਪਹਿਲੀ ਵਾਰ ਹੋ ਰਿਹਾ ਕਿ ਬਸਪਾ ਮਾਲਵਾ ਖੇਤਰ ਵਿੱਚ ਖਾਤਾ ਖੋਲ੍ਹਣ ਲਈ ਆਪਣੀ ਪੂਰੀ ਤਾਕਤ ਹਲਕਾ ਮਹਿਲ ਕਲਾਂ ਅੰਦਰ ਝੋਕ ਚੁੱਕੀ ਹੈ।

ਸੋ ਦੇਸ ਵਿਦੇਸ਼ ਵਿੱਚ ਵੱਸਦੇ ਬਹੁਜਨ ਸਮਾਜ ਦੇ ਪੁੱਤਾਂ ਧੀਆਂ ਅਤੇ ਸ਼ੁੱਭ ਚਿੰਤਕਾਂ ਨੂੰ ਅਪੀਲ ਹੈ ਕਿ ਲੋਟੂ ਪ੍ਰਬੰਧ ਖ਼ਿਲਾਫ਼ ਅਤੇ ਮਾਣ ਸਨਮਾਨ ਦੀ ਇਸ ਲੜਾਈ ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਦੀ ਵਿੱਤੀ ਮਦਦ ਕਰਕੇ ਮਹਿਲ ਕਲਾਂ ਤੋਂ ਬਸਪਾ ਦੀ ਜਿੱਤ ਯਕੀਨੀ ਬਣਾ ਕੇ ਇਤਿਹਾਸ ਬਣਾਉਣ ਲਈ ਵੱਧ ਵੱਧ ਤੋਂ ਵੱਧ ਸਹਿਯੋਗ ਕਰੀਏ।

**ਸਹਿਯੋਗ ਕਰਨ ਲਈ ਸੰਪਰਕ ਕਰੋ–**

**– ਕੁਲਵੰਤ ਸਿੰਘ**

**(ਚੋਣ ਇੰਚਾਰਜ, ਡਾ. ਮੱਖਣ ਸਿੰਘ)**

**ਸੰਪਰਕ –91–94656–87516, 94171–94899**

# ਅਕਾਲੀ ਦਲ ਦੀ ਸਥਾਪਨਾ ਦੇ 96 ਸਾਲ ਪੂਰੇ ਹੋਣ ਤੇ ਵਿਰਸਾ ਸਿੰਘ ਵਲਟੋਹਾ ਵੱਲੋਂ ਪੰਜਾਬ ਵਾਸੀਆਂ ਨੂੰ ਵਧਾਈ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਅਕਾਲੀ ਦਲ ਦੀ ਸਥਾਪਨਾ ਦੇ ਅੱਜ 96 ਸਾਲ ਪੂਰੇ ਹੋਣ ਤੇ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਵਲੋਂ ਜਿੱਤੇ ਪੰਜਾਬ ਵਾਸੀਆਂ ਨੂੰ ਇਸਦੀ ਵਧਾਈ ਦਿੱਤੀ ਉਥੇ ਹੀ ਉਨਾਂ ਦੱਸਿਆ ਕਿ ਇਹ ਪਾਰਟੀ ਗੁਰਦੁਆਰਾ ਸੁਧਾਰ ਲਹਿਰ ਲਈ ਬਣੀ ਸੀ ਜਿਸ ਤੋ ਬਾਦ ਮਸੰਦਾ ਕੋਲੋਂ ਗੁਰਦੁਆਰਾ ਮੁਕਤ ਕਰਵਾਉਣ ਤੋ ਬਾਦ ਪਾਰਟੀ ਹੋਂਦ ਵਿਚ ਆਈ ਅਤੇ ਇਸ ਪਾਰਟੀ ਲਈ ਕਈ ਲੋਕਾਂ ਦੇ ਸ਼ਹੀਦੀਆਂ ਦੇ ਕੇ ਇਸ ਪਾਰਟੀ ਨੂੰ ਸਿੰਜਿਆ ਜਿਸ ਲਈ ਪਾਰਟੀ ਅੱਜ ਉਨਾਂ ਦੀ ਰਿਣੀ ਹੈ।



ਉਨਾਂ ਕਿਹਾ ਕਿ ਅੰਗਰੇਜ਼ ਦੀ ਹਕੂਮਤ ਵੇਲੇ ਤੋ ਹੀ ਕਾਂਗਰਸ ਪਾਰਟੀ ਸਥਾਪਿਤ ਹੋਈ ਅਤੇ ਲੰਮਾ ਸਮਾਂ ਰਾਜ ਕੀਤਾ ਪਰ ਅੱਜ ਇਹ ਆਪਣੀ ਹੋਂਦ ਗੁਆ ਚੁੱਕੀ ਹੈ ਕਿਉਂਕਿ ਇੰਦਰਾ ਗਾਂਧੀ ਤੋ ਲੈ ਕੇ ਇਹ ਪਾਰਟੀ ਮਜਲੂਮਾਂ, ਘੱਟ ਗਿਣਤੀਆਂ ਕੌਮਾਂ ਲਈ ਅਤੇ ਖਾਸ ਕਰ ਸਿੱਖਾ ਲਈ ਘਾਤਕ ਸਿੱਧ ਹੋਈ ਉਸ ਬਾਦ ਸੋਨੀਆ ਗਾਂਧੀ ਵਿਦੇਸ਼ੀ ਹੋਣ ਕਰਕੇ ਉਸ ਨੂੰ ਸਿਆਸਤ ਰਾਸ ਨਹੀਂ ਆਈ ਜਿਸ ਕਰਕੇ ਕਾਂਗਰਸ ਦਾ ਗ੍ਰਾਫ ਹੇਠਾਂ ਆਇਆ ਉਨਾਂ ਕਿਹਾ ਕਿ ਖੇਤਰੀ ਪਾਰਟੀਆਂ ਲੋਕਾਂ ਵਿਚ ਅਧਾਰ ਲੈ ਕੇ ਚੱਲ ਰਹੀਆਂ ਹਨ ਖਾਸ ਕਰ ਅਕਾਲੀ ਪਾਰਟੀ ਨੇ ਲੋਕ ਹਿੱਤ ਵਿਚ ਕੰਮ ਕੀਤਾ ਹੈ ਅਤੇ ਹਰ ਧਰਮ ਦੇ ਲੋਕਾਂ ਨੂੰ ਸਨਮਾਨ ਦਿੱਤਾ ਹੈ ਜਿਸ ਕਰਕੇ ਇਹ ਲੋਕਾਂ ਵਿਚ ਹਰਮਨ ਪਿਆਰੀ ਬਣੀ ਉਨਾਂ ਕਿਹਾ ਕਿ ਪੰਜਾਬ ਵਿਚ ਹੋ ਰਹੇ ਲਗਾਤਾਰ ਵਿਕਾਸ ਕਰਕੇ ਅਕਾਲੀ ਪਾਰਟੀ ਨੇ ਦੂਜੀ ਵਾਰ ਰਿਪੀਟ ਕੀਤਾ ਅਤੇ ਹੁਣ 2017 ਦੀਆ ਚੋਣਾ ਵਿਚ ਇਹ ਤੀਜੀ ਵਾਰ ਜਿੱਤ ਦਰਜ ਕਰਕੇ ਇਤਿਹਾਸ ਸਿਰਜੇਗੀ।


ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

## ਕਰਨਾਟਕਾ 'ਚ ਦਲਿਤਾਂ ਦੀ ਕਰਵਟ

# ਦੇਸ਼ ਦੇ ਦਲਿਤ ਤੇ ਖੱਬੇ-ਪੱਖੀ ਅੰਦੋਲਨ ਲਈ ਨਵੀਂ ਦਿਸ਼ਾ

ਨਰਭਿੰਦਰ

ਪਹਿਲਾਂ ਗੁਜਰਾਤ ਅਤੇ ਫਿਰ ਕਰਨਾਟਕਾ ਵਿਚ ਜਿਵੇਂ ਦਲਿਤ ਜਾਗਰੂਕ ਮੁਹਿੰਮਾਂ ਉਠੀਆਂ ਅਤੇ ਜ਼ੋਰ ਫੜੀਆਂ ਹਨ, ਉਹ ਦੇਸ਼ ਭਰ ਦੇ ਸਭ ਤੋਂ ਪੀੜਤ ਵਰਗਾਂ ਲਈ ਸਿੱਖਣ ਲਾਇਕ ਹਨ। ਗੁਜਰਾਤ ਦੇ ਊਨਾ ਜ਼ਿਲ੍ਹੇ 'ਚ ਗਊ ਰਾਖਿਆਂ ਵੱਲੋਂ ਚਾਰ ਦਲਿਤ ਨੌਜਵਾਨਾਂ ਨੂੰ ਬੇਰਹਿਮੀ ਨਾਲ ਕੁੱਟਿਆ-ਮਾਰਿਆ ਅਤੇ ਬੇਇੱਜ਼ਤ ਕੀਤਾ ਗਿਆ ਸੀ, ਜਿਸ ਦੇ ਵਿਰੋਧ 'ਚ ਗੁਜਰਾਤ ਵਿਚ ਵੱਡੀ ਪੱਧਰ 'ਤੇ ਦਲਿਤ ਜਾਗਰੂਕ ਮੁਹਿੰਮ ਚੱਲੀ ਅਤੇ ਉਸ ਨੇ ਜਿਹੜੇ ਨਾਹਰੇ ਦਿੱਤੇ, ਉਹ ਸਦੀਆਂ ਤੋਂ ਗੁਲਾਮੀ ਦੀ ਛੱਟ ਲਾਹੁਣ ਵਾਲੇ ਸਨ।ਇਹ ਪਹਿਲੀ ਵਾਰ ਹੋਇਆ ਹੈ, ਹਾਲਾਂਕਿ ਊਨਾ ਨਾਲੋਂ ਭਿਆਨਕ ਘਟਨਾ ਪੰਦਰਾਂ ਅਕਤੂਬਰ 2002 ਨੂੰ ਹਰਿਆਣੇ 'ਚ ਵਾਪਰੀ ਸੀ, ਜਦੋਂ ਦੁਲੀਨਾ ਪੁਲਿਸ ਚੌਂਕੀ ਦੀ ਨੱਕ ਹੇਠ ਪੰਜ ਦਲਿਤਾਂ ਨੂੰ ਬੁਰੀ ਤਰ੍ਹਾਂ ਕੁੱਟਿਆ-ਮਾਰਿਆ ਗਿਆ ਸੀ। ਤੱਥ ਇਹ ਕਹਿੰਦੇ ਹਨ ਕਿ ਪਿਛਲੇ ਸਾਲ ਦਲਿਤਾਂ ਉਤੇ ਅੱਤਿਆਚਾਰ ਦੇ 47000 ਮਾਮਲੇ ਦਰਜ ਹੋਏ। ਇਸ ਹਿਸਾਬ ਮੁਤਾਬਕ ਹਰ ਦਿਨ ਦੋਦਲਿਤ ਮਾਰੇ ਗਏ ਅਤੇ ਪੰਜ ਦਲਿਤ ਔਰਤਾਂ ਨਾਲ ਬਲਾਤਕਾਰ ਹੋਇਆ। ਊਨਾ ਦੀ ਘਟਨਾ ਨੇ ਗੁਜਰਾਤ ਦੇ ਦਲਿਤਾਂ ਨੂੰ ਜਿੱਥੇ ਇਕ ਨਵੀਂ ਜਾਗ੍ਰਿਤੀ ਵੱਲ ਵਧਾਇਆ ਹੈ, ਉਥੇ ਗੁਜਰਾਤ ਦੇ ਵਿਕਾਸ ਮਾਡਲ ਨੂੰ ਬੇਪੜਦ ਕਰ ਦਿੱਤਾ ਹੈ।

ਦਲਿਤ ਅੰਦੋਲਨ ਨੇ ਸੋਸ਼ਲ ਮੀਡੀਆ ਰਾਹੀਂ ਦੇਸ਼ ਦੇ ਕੋਨੇ-ਕੋਨੇ 'ਚ ਇਕ ਚਿੰਗਾੜੀ ਛੇੜ ਦਿੱਤੀ ਹੈ। ਅਗਸਤ 2016 ਵਿਚ ਕਰਨਾਟਕਾ ਦੇ ਓਡੂਪੀ ਕਸਬੇ ਵਿਚ ਪੱਛੜੀ ਜਾਤੀ ਨਾਲ ਸਬੰਧ ਰੱਖਣ ਵਾਲੇ ਪ੍ਰਵੀਨ ਪੁਜਾਰੀ ਨੂੰ ਹਿੰਦੂ ਜਾਗਰਣ ਵੈਦਿਕ ਦੇ ਬੈਨਰ ਹੇਠ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਲੋਕਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਇਹ 29 ਸਾਲਾ ਪ੍ਰਵੀਨ ਪੁਜਾਰੀ ਖੁਦ ਭਾਜਪਾ ਦਾ ਮੈਂਬਰ ਸੀ ਅਤੇ ਇਸ ਦਾ ਕਸੂਰ ਇਹ ਸੀ ਕਿ ਇਹ ਇਕ ਗੱਡੀ ਉਤੇ ਦੋ ਵੱਛੇ ਲਿਜਾ ਰਿਹਾ ਸੀ, ਜਿਹੜੇ ਉਸ ਦੇ ਮੁਤਾਬਕ ਉਸ ਦੇ ਮਿੱਤਰਾਂ ਲਈ ਸਨ, ਪਰ ਸੰਘੀਆਂ ਲਈ ਤਾਂ ਇਹ ਸੋਚਣ ਦਾ ਸਮਾਂ ਹੀ ਨਹੀਂ ਸੀ।

ਗੁਜਰਾਤ ਤੋਂ ਪਿੱਛੋਂ ਕਰਨਾਟਕਾ ਹਿੰਦੂਤਵੀਆਂ ਦੀਆਂ ਗਤੀਵਿਧੀਆਂ ਅਤੇ ਪ੍ਰਯੋਗਸ਼ਾਲਾਵਾਂ ਦਾ ਕੇਂਦਰ ਬਣਦਾ ਆ ਰਿਹਾ ਹੈ। ਬਾਬਰੀ ਮਸਜਿਦ ਢਾਹੇ ਜਾਣ ਪਿੱਛੋਂ ਹਿੰਦੂਤਵੀ ਸੰਗਠਨਾਂ ਦੇ ਲੱਠਮਾਰਾਂ ਨੇ ਹਮਲਾਵਾਰ ਤਰੀਕੇ ਨਾਲ ਵਿਵਾਦਤ ਮਾਲਕੀ ਵਾਲੀਆਂ ਮੁਸਲਿਮ ਜਾਇਦਾਦਾਂ ਨੂੰ ਹੜੱਪਣ ਜਾਂ ਉਹਨਾਂ 'ਤੇ ਆਪਣਾ ਹੱਕ ਜਤਾਉਣ ਦੇ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ ਸਨ। ਖੁਦ ਉਮਾ ਭਾਰਤੀ ਨੇ 15 ਅਗਸਤ 1994 ਨੂੰ ਹੁਬਲੀ ਈਦਗਾਹ ਦੇ ਮੈਦਾਨ 'ਚ ਕੌਮੀ ਝੰਡਾ ਲਹਿਰਾਉਣ ਦੀ ਕੋਸ਼ਿਸ਼ ਕੀਤੀ ਸੀ, ਜਦੋਂ ਕਿ ਇਸ ਦੀ ਮਾਲਕੀ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਸੀ। ਸੰਨ 1998 ਵਿਚ ਇਹਨਾਂ ਹਿੰਦੂਤਵੀਆਂ ਨੇ ਚਿਕਮੰਗਲੂਰ ਦੀਆਂ ਪਹਾੜੀਆਂ ਵਿਚ ਬਾਬਾ ਬੁਦਨ ਗਿਰੀ ਦੀ ਦਰਗਾਹ ਨੂੰ ਚੁਣਿਆ ਅਤੇ ਇੱਥੇ ਭਗਵੇਂ ਝੰਡੇ ਲਾਉਣ ਅਤੇ ਗਣੇਸ਼ ਦੀਆਂ ਮੂਰਤੀਆਂ ਰੱਖਣ ਦੀ ਕੋਸ਼ਿਸ਼ ਕੀਤੀ ਸੀ।

ਯਾਦ ਰਹੇ ਕਿ ਇਹ ਈਦਗਾਹ ਪੁਰਾਣੀ ਸੂਫੀ ਦਰਗਾਹ ਹੈ। ਇਹ ਵੈਸ਼, ਵੈਸ਼ਨਵ ਅਤੇ ਸੂਫੀ ਮਤਾਂ ਦੇ ਮੇਲ ਦਾ ਨਮੂਨਾ ਹੈ। ਸਦੀਆਂ ਤੋਂ ਇਹ ਦਰਗਾਹ ਇਕ ਮੁਸਲਿਮ ਸੱਜਾਦਾਨਰਸੀ ਦੇ ਪਰਿਵਾਰ ਕੋਲ ਸੀ, ਜਿਹੜੇ ਇਹ ਦਾਅਵਾ ਕਰਦੇ ਹਨ ਕਿ ਉਹ ਸੈਯਦ ਸ਼ਾਹ ਤਨਾਲੁਦੀਨ ਆਲਮ ਗਰੀਬੀ ਦੀ ਵੰਸ਼ 'ਚੋਂ ਹਨ, ਜਿਸ ਨੂੰ ਬੀਜਾਪੁਰ ਦੇ ਆਦਿਲ ਸ਼ਾਹ ਦੀ ਹਕੂਮਤ ਦੇ ਸਮੇਂ ਦਰਗਾਹ ਦਾ ਰਖਵਾਲਾ ਨਿਯੁਕਤ ਕੀਤਾ ਗਿਆ ਸੀ। ਇਸ ਦੀ ਮਾਲਕੀ ਦੇ ਹੱਕ ਦਾ ਵਿਵਾਦ 1960 ਦੇ ਦਹਾਕੇ ਵਿਚ ਸ਼ੁਰੂ ਹੋਇਆ ਸੀ, ਜਦੋਂ ਕਰਨਾਟਕਾ ਵਕਫ਼ ਬੋਰਡ ਨੇ ਇਸ ਦੀ ਰਖਵਾਲੀ ਨੂੰ ਨੋਟੀਫਾਈ ਕੀਤਾ ਸੀ। ਮੁਜਰਾਈ ਵਿਭਾਗ ਨੇ ਇਸ ਉਤੇ ਇਤਰਾਜ਼ ਉਠਾਇਆ, ਜਿਹੜਾ ਰਾਜ ਵਿਚ ਧਾਰਮਿਕ ਅਤੇ ਜਾਇਦਾਦਾਂ ਅਤੇ ਹਿੰਦੂ ਮੰਦਰ ਕੰਟਰੋਲ ਬੋਰਡ ਦੇ ਮੁੱਖ ਕਮਿਸ਼ਨਰ ਹੇਠ ਹੈ। ਅਦਾਲਤਾਂ ਵਿਚ ਕਈ ਦੌਰਾਂ ਦੀ ਸੁਣਵਾਈ ਵੀ ਦਰਗਾਹ ਦੀ ਰਖਵਾਲੀ ਵਿਚ ਕੋਈ ਤਬਦੀਲੀ ਨਹੀਂ ਕਰ ਸਕੀ, ਪਰ 1990 ਵਿਚ ਹਿੰਦੂਆਂ ਨੇ ਇਕ ਬ੍ਰਾਹਮਣ ਦੇ ਹੱਥੋਂ ਪੂਜਾ ਕਰਵਾ ਕੇ ਦਤਤ੍ਰੇਯ ਜੇਅੰਤੀ ਮਨਾਉਣ ਦੀ ਸ਼ੁਰੂਆਤ ਕੀਤੀ, ਜਿਹੜਾ 1997 ਵਿਚ ਤਿੰਨ ਦਿਨਾਂ ਦਾ ਮੇਲਾ ਬਣ ਗਿਆ। ਅਗਲੇ ਸਾਲ (1998) ਵਿਚ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਪੰਜ ਰੱਥ ਯਾਤਰਾਵਾਂ ਕੱਢੀਆਂ, ਜਿਹੜੀਆਂ ਕਰਨਾਟਕਾ ਦੇ ਵੱਖ-ਵੱਖ ਹਿੱਸਿਆਂ 'ਚੋਂ ਹੁੰਦੀਆਂ ਹੋਈਆਂ ਇਕ ਦਸੰਬਰ 1998 ਨੂੰ ਬਾਬਾ ਬੁਦਨ ਗਿਰੀ ਆ ਕੇ ਇਕੱਠੀਆਂ ਹੋਈਆਂ। ਖੱਬੀਆਂ ਅਤੇ ਦਲਿਤ ਕਾਰਕੁੰਨਾਂ ਵਾਲੀਆਂ ਧਰਮ ਨਿਰਪੇਖ ਤਾਕਤਾਂ ਨੇ ਕਰਨਾਟਕਾ ਕੋਮ ਸੋਹਾਰਦ ਵੈਦਿਕੇ ਦੇ ਨਾਂਅ ਹੇਠ ਇਸ ਦਾ ਵਿਰੋਧ ਕੀਤਾ ਅਤੇ ਇਸ ਦੇ ਵਿਰੁੱਧ ਮੁਹਿੰਮ ਚਲਾਈ। ਰੱਥ ਯਾਤਰੀਆਂ ਨੇ ਦਰਗਾਹ ਉਤੇ ਭਗਵੇਂ ਝੰਡੇ ਲਾ ਦਿੱਤੇ ਅਤੇ ਦਰਗਾਹ ਦੇ ਅੰਦਰ ਗਣੇਸ਼ ਦੀ ਮੂਰਤੀ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਨੇ ਦਖਲ ਦੇ ਕੇ ਰੋਕ ਦਿੱਤਾ। ਭਾਜਪਾ ਨੂੰ ਇਸ ਵਿਵਾਦ ਦਾ ਰਾਜਸੀ ਫਾਇਦਾ ਹੋਇਆ ਅਤੇ ਮਈ 2008 ਵਿਚ ਉਹ ਸੱਤਾ 'ਤੇ ਕਾਬਜ਼ ਹੋ ਗਈ।

ਭਾਜਪਾ ਸਰਕਾਰ ਬਣਨ ਤੋਂ ਕੁਝ ਮਹੀਨੇ ਪਿੱਛੋਂ ਬਜਰੰਗ ਦਲ ਦੇ ਹੁੱਲੜਬਾਜ਼ਾਂ ਨੇ ਚਰਚਾਂ ਉਤੇ ਹਮਲੇ ਕੀਤੇ। ਸੱਜ-ਪਿਛਾਖੜੀਆਂ ਵੱਲੋਂ ਜਬਰੀ ਨੈਤਿਕਤਾ ਥੋਪਣ ਦੀਆਂ ਘਟਨਾਵਾਂ ਵੀ ਹੋਈਆਂ, ਜਿਹਨਾਂ ਵਿਚ ਇਹਨਾਂ ਹੁੱਲੜਬਾਜ਼ਾਂ ਨੇ ਉਨ੍ਹਾਂ ਮੁੰਡੇ-ਕੁੜੀਆਂ ਉਤੇ ਹਮਲੇ ਕੀਤੇ, ਜਿਹਨਾਂ ਨੇ ਆਪਣੇ ਪਿਛਾਖੜੀ ਨੈਤਿਕ ਸੰਸਕਾਰਾਂ/ਸੰਸਕ੍ਰਿਤੀ ਤੋਂ ਖਹਿੜਾ ਛੁਡਾ ਲਿਆ ਸੀ। ਬਦਨਾਮ ਪ੍ਰਮੋਦ ਮੁਤਾਲਿਕ ਹੇਠ ਸ੍ਰੀ ਰਾਮਸੇਨੇ ਹਿੰਦੂ ਜਾਗ੍ਰਿਤ ਵੈਦਿਕੇ, ਹਿੰਦੂ ਜਨ ਜਾਗ੍ਰਿਤ ਸੰਮਤੀ, ਸਨਾਤਨ ਸੰਸਥਾ ਵਰਗੀਆਂ ਹਿੰਦੂਤਵਵਾਦੀ ਸੰਸਥਾਵਾਂ ਵੱਲੋਂ ਬਹੁਤ ਥਾਵਾਂ ਉਤੇ ਹਿੰਸਾ ਦੀਆਂ ਘਟਨਾਵਾਂ ਨੂੰ ਅੰਜ਼ਾਮ ਦਿੱਤਾ। ਇਹਨਾਂ ਨੇ ਸੰਪਰਦਾਇਕਤਾ ਭੜਕਾਉਣ ਅਤੇ ਦੰਗੇ ਕਰਾਉਣ ਲਈ ਬੰਬਾਂ ਅਤੇ ਪਟਾਕਿਆਂ ਦੀ ਵਰਤੋਂ ਵੀ ਕੀਤੀ। ਮਿਸਾਲ ਵਜੋਂ ਮਈ 2008 ਵਿਚ ਹੁਬਲੀ ਕੋਰਟ ਵਿਚ ਬੰਬ ਧਮਾਕੇ ਹੋਏ ਸਨ। ਸੰਨ 2012 ਵਿਚ ਓਡੂਪੀ ਦੇ ਨੇੜੇ ਬ੍ਰਹਮਵਰ ਦੇ ਕੋਲ ਇਕ ਕਾਰ 'ਚੋਂ ਵਿਸਫੋਟਕ ਪਦਾਰਥ ਜ਼ਬਤ ਕੀਤੇ ਗਏ, ਜਿਹੜੇ ਇਕ ਹਿੰਦੂਤਵੀ ਸੰਗਠਨ ਦੇ ਇਕ ਆਗੂ ਕੋਲ ਸਨ। 'ਦਾ ਹਿੰਦੂ' ਦੀ 11 ਜਨਵਰੀ 2012 ਦੇ ਅੰਕ ਵਿਚ ਇਕ ਰਿਪੋਰਟ ਛਪੀ ਸੀ, ਜਿਸ ਮੁਤਾਬਕ ਉਹ (ਹਿੰਦੂਤਵਵਾਦੀ) ਜਾਣ-ਬੁੱਝ ਕੇ ਭਾਰਤ-ਵਿਰੋਧੀ ਅਤੇ ਹਿੰਦੂ-ਵਿਰੋਧੀ ਕੰਮ ਕਰਦੇ ਹਨ। ਜਿਵੇਂ ਉਹਨਾਂ ਨੇ (ਹਿੰਦੂ ਸੰਗਠਨਾਂ ਦੇ ਕਾਰਕੁੰਨਾਂ) ਨੇ ਸਿੰਦਾਮੀ ਅਤੇ ਟੀਪੂ ਸੁਲਤਾਨ ਸਰਕਲ ਵਿਚ ਪਾਕਿਸਤਾਨੀ ਝੰਡਾ ਲਹਿਰਾਇਆ ਜਾਂ ਵਿਵੇਕਾਨੰਦ ਦੀ ਮੂਰਤੀ ਨੂੰ ਵਿਗਾੜਿਆ। ਫਿਰ ਇਕ ਮੰਦਰ ਨੂੰ ਗੰਦਾ ਕੀਤਾ ਤਾਂ ਕਿ ਇਸ ਨੂੰ ਮੁਸਲਮਾਨਾਂ ਵਿਰੁੱਧ ਗੁੱਸੇ ਅਤੇ ਫਿਰ ਫਿਰਕੂ ਦੰਗੇ ਭੜਕਾਉਣ ਲਈ ਵਰਤਿਆ ਜਾ ਸਕੇ। ਇਸ ਵਿਚ ਰਾਜ ਸਰਕਾਰ ਦੀ ਮਿਲੀਭੁਗਤ ਸਪਸ਼ਟ ਦਿਖਾਈ ਦਿੰਦੀ ਸੀ।

### ਕਰਨਾਟਕਾ 'ਚ ਨਵੀਂ ਕਰਵਟ

ਓਡੂਪੀ ਹਿੰਦੂਤਵਵਾਦੀਆਂ ਦਾ ਗੜ੍ਹ ਹੈ। ਅਗਸਤ 2016 ਵਿਚ ਜਦੋਂ ਪੱਛੜੀ ਜਾਤੀ ਦੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ ਤਾਂ ਸੋਸ਼ਲ ਮੀਡੀਆ ਉਤੇ ਇਸ ਦੀ ਜ਼ਬਰਦਸਤ ਚਰਚਾ ਹੋਈ ਸੀ। ਨਤੀਜੇ ਵਜੋਂ ਬੰਗਲੌਰ ਵਿਚ ਇਕ ਫੌਰੀ ਮੀਟਿੰਗ ਬੁਲਾਈ ਗਈ, ਜਿਸ ਵਿਚ 300 ਨੌਜਵਾਨ ਸ਼ਾਮਲ ਹੋਏ। ਇਹਨਾਂ ਨੇ, ਜਿਵੇਂ ਗੁਜਰਾਤ ਦੀ ਦਲਿਤ ਅੰਗੜਾਈ ਨੇ ਨਾਅਰਾ ਦਿੱਤਾ ਸੀ, 'ਚਲੋ ਊਨਾ', ਇਸੇ ਤਰਜ਼ ਦਾ ਨਾਅਰਾ ਦਿੱਤਾ; 'ਚਲੋ ਓਡੂਪੀ' ਅਤੇ ਬੰਗਲੌਰ ਤੋਂ ਓਡੂਪੀ ਤੱਕ ਜਲੂਸ ਕੱਢਦ ਦਾ ਫੈਸਲਾ ਕੀਤਾ।


ਚਾਰ ਅਕਤੂਬਰ ਨੂੰ 'ਚਲੋ ਓਡੂਪੀ' ਰੈਲੀ ਬੰਗਲੌਰ ਦੇ ਫਰੀਡਮ ਪਾਰਕ ਤੋਂ ਸ਼ੁਰੂ ਹੋਈ ਅਤੇ ਇਹ ਇਕ ਜਥੇਬੰਦਕ ਅਤੇ ਸਵੈ-ਜ਼ਾਬਤੇ ਦੇ ਨਾਲ ਦਲਿਤਾਂ, ਘੱਟ-ਗਿਣਤੀਆਂ ਅਤੇ ਖੱਬੇ-ਪੱਖੀ ਕਾਰਕੁੰਨਾਂ ਨੂੰ ਇਕ-ਜੁੱਟ ਕਰਦਿਆਂ ਇਕ ਮਾਰਚ ਦੇ ਰੂਪ ਵਿਚ ਤੁਰ ਪਈ। ਪੰਜ ਦਿਨਾਂ ਦੀ ਇਹ ਯਾਤਰਾ ਬੰਗਲੌਰ, ਨੀਲ ਮੰਗਲਾ, ਕੁਨੀਗਲ, ਚੇਨਟਰਾਪਾਟਨਾ, ਹਾਸਨ, ਬੈਲੂਰ ਅਤੇ ਚਿਕਮੰਗਲੂਰ ਕਸਬਿਆਂ ਵਿਚ ਦੀ ਹੁੰਦੀ ਹੋਈ ਓਡੂਪੀ ਪਹੁੰਚੀ। ਇਹਨਾਂ ਪੰਜ ਦਿਨਾਂ ਵਿਚ ਇਹਨਾਂ ਨੇ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਦੀ ਵਿਚਾਰਧਾਰਾ ਅਤੇ ਹਮਲਿਆਂ ਦੇ ਵਿਰੁੱਧ ਰੈਲੀਆਂ, ਪ੍ਰਦਰਸ਼ਨ ਅਤੇ ਮੀਟਿੰਗਾਂ ਆਯੋਜਿਤ ਕੀਤੀਆਂ।

9 ਅਕਤੂਬਰ ਨੂੰ ਜਦੋਂ ਇਹ ਓਡੂਪੀ ਪਹੁੰਚੀ ਤਾਂ ਭਾਰੀ ਮੀਂਹ ਆ ਗਿਆ। ਦੁਪਹਿਰ ਤੱਕ ਬਾਰਿਸ਼ ਰੁਕ ਗਈ ਅਤੇ ਅੱਜਾਰਕੜ ਮੈਦਾਨ ਵਿਚ ਤਖਤੀਆਂ ਅਤੇ ਬੈਨਰਾਂ ਨਾਲ ਸਹਿਜੇ-ਸਹਿਜੇ ਲੋਕ ਜੁੜਨ ਲੱਗੇ, ਤਿਆਰ ਕੀਤੇ ਮੰਚ ਨੂੰ ਮੀਂਹ ਦੇ ਪਾਣੀ ਤੋਂ ਸਾਫ ਕੀਤਾ ਅਤੇ 'ਚਲੋ ਓਡੂਪੀ' ਦਾ ਭਿੱਜਾ ਬੈਨਰ ਟੰਗ ਦਿੱਤਾ ਗਿਆ। ਜ਼ਿਆਦਾਤਰ ਲੋਕਾਂ ਦੇ ਹੱਕਾਂ 'ਚ ਨੀਲੇ ਝੰਡੇ ਸਨ। ਜਿਵੇਂ ਅਸੀਂ ਜਿਕਰ ਕੀਤਾ ਹੈ ਕਿ ਓਡੂਪੀ ਭਗਵਾ ਝੰਡਿਆਂ ਦਾ ਮੁੱਖ ਕੇਂਦਰ ਸੀ ਅਤੇ ਉਸ ਦਿਨ ਨੀਲੇ ਝੰਡਿਆਂ ਨੇ ਭਗਵੇਂ ਝੰਡੇ ਨੂੰ ਇਕ ਚੈਲਿੰਜ ਦਿੱਤਾ। ਇਸ ਰੈਲੀ ਵਿਚ ਵਰ੍ਹਦੇ ਮੀਂਹ ਵਿਚ ਲੱਗਭੱਗ ਦਸ ਹਜ਼ਾਰ ਲੋਕਾਂ ਦੇ ਭਾਰੀ ਇਕੱਠ ਨੇ ਹਿੰਦੂਤਵੀਆਂ ਦੇ ਵਿਰੁੱਧ ਆਪਣਾ ਰੋਸ ਦਾ ਪ੍ਰਗਟਾਵਾ ਕੀਤਾ। ਰੈਲੀ ਨੇ ਗੁਜਰਾਤ ਦੇ ਦਲਿਤਾਂ ਦੇ ਸੰਘਰਸ਼ ਅਤੇ ਦਲਿਤ ਸਵੈਮਾਣ ਅਤੇ ਵਿਸ਼ੇਸ਼ ਕਰਕੇ ਦਲਿਤ ਮਹਿਲਾ ਸਵੈਅਭਿਆਨ ਯਾਤਰਾ ਦੇ ਨਾਲ ਆਪਣੀ ਇਕਜੁੱਟਤਾ ਜ਼ਾਹਿਰ ਕੀਤੀ। ਯਾਦ ਰਹੇ ਕਿ ਦਲਿਤ ਮਹਿਲਾ ਸਵੈ-ਅਭਿਮਾਨ ਯਾਤਰਾ 18 ਤੋਂ 28 ਸਤੰਬਰ ਦਰਮਿਆਨ ਰਾਜਸਕਾਨ ਵਿਚ ਸਿਰਫ ਦਲਿਤ ਔਰਤਾਂ ਵੱਲੋਂ ਹੀ ਕੱਢੀ ਗਈ ਸੀ। ਇਸ ਵਿਰੋਧ ਪ੍ਰਦਰਸ਼ਨ ਵਿਚ ਦਲਿਤ ਔਰਤਾਂ ਦੀ ਆਪਣੀ ਇਕ ਵਿਸ਼ੇਸ਼ ਅਤੇ ਜ਼ਬਰਦਸਤ ਛਾਪ ਸੀ।

ਇਸ ਰੈਲੀ ਵਿਚ ਊਨਾ ਸੰਘਰਸ਼ ਦੇ ਆਗੂ ਜਿਗਨੇਸ਼ ਮੇਵਾਈ ਵੀ ਪਹੁੰਚੇ ਸਨ, ਜਿਹਨਾਂ ਨੇ ਗੁਜਰਾਤ ਮਾਡਲ ਦਾ ਹੀਜ-ਪਿਆਜ਼ ਅਤੇ ਖੋਖਲਾਪਣ ਉਜਾਗਰ ਕੀਤਾ। ਉਹਨਾਂ ਦੱਸਿਆ ਕਿ 2002 ਦੇ ਦੰਗਿਆਂ ਤੋਂ ਪਿੱਛੋਂ ਮੁਸਲਮਾਨਾਂ ਤੋਂ ਬਾਅਦ ਦਲਿਤ ਲੋਕ ਹੀ ਪੀੜਤਾਂ ਦੇ ਸਭ ਤੋਂ ਵੱਡੇ ਸਮੂਹ ਸਨ ਅਤੇ ਗ੍ਰਿਫਤਾਰ ਹੋਣ ਵਾਲਿਆਂ ਵਿਚ ਵੀ ਉਹੀ ਸਨ। ਰੈਲੀ 'ਚ ਭਾਸ਼ਣ ਸਮੇਂ ਉਹਨਾਂ ਨਾਅਰਾ ਦਿੱਤਾ, 'ਸਾਡੀ ਪਸੰਦ ਦਾ ਖਾਣਾ, ਜ਼ਮੀਨ ਸਾਡਾ ਅਧਿਕਾਰ ਹੈ'। ਜਿਗਨੇਸ਼ ਨੇ ਤਿੰਨ ਪੱਧਰੀ ਏਜੰਡੇ ਨਾਲ ਓਡੂਪੀ ਫਿਰ ਪਹੁੰਚਣ ਦਾ ਵਾਅਦਾ ਕੀਤਾ। ਪਹਿਲਾ ਸੀ: ਸਾਰੇ ਗਊ ਰਾਖਿਆਂ ਉਤੇ ਪਾਬੰਦੀ ਲਾਈ ਜਾਵੇ, ਦੂਸਰਾ ਕਰਨਾਟਕਾ ਸਰਕਾਰ ਤੋਂ ਪੁੱਛਿਆ ਜਾਵੇ ਕਿ ਇਸ ਨੇ 1969 ਦੇ ਰਾਜਕੀਆ ਭੂਮੀ ਅਨੁਦਾਨ ਨਿਯਮਾਂ ਦੇ ਮੁਤਾਬਕ ਕਿੰਨੀ ਰਾਜ ਮਾਲਕੀ ਵਾਲੀ ਜ਼ਮੀਨ ਦਲਿਤਾਂ ਅਤੇ ਆਦਿਵਾਸੀਆਂ ਨੂੰ ਦਿੱਤੀ ਹੈ, ਅਤੇ ਤੀਜਾ ਸੀ ਓਡੂਪੀ ਦੇ ਉਹਨਾਂ ਮੱਠਾਂ (ਮੰਦਰਾਂ) ਵਿਚ ਦਾਖਲ ਹੋਇਆ ਜਾਵੇ, ਜਿਹੜੇ ਦਲਿਤਾਂ ਦੇ ਵਿਰੁੱਧ ਜਾਤੀ ਭੇਦਭਾਵ ਪਾਲਦੇ ਹਨ ਅਤੇ ਜਿੱਥੇ ਦਲਿਤਾਂ ਦੇ ਦਾਖਲੇ ਦੀ ਮਨਾਹੀ ਹੈ। ਰੈਲੀ ਤੋਂ ਪਿੱਛੋਂ ਹਿੰਦੂਤਵੀ ਤਾਕਤਾਂ ਨੇ ਇਕ ਨਵੀਂ ਚਾਲ ਚੱਲੀ। ਉਹਨਾਂ ਨਮੋ ਯੁਵਾ ਬਰਗੇਡ ਦੇ ਬੈਨਰ ਹੇਠ 23 ਅਕਤੂਬਰ ਨੂੰ ਇਕ ਸ਼ੁੱਧੀਕਰਨ ਦਾ ਪ੍ਰੋਗਰਾਮ ਕਰਨ ਦਾ ਫੈਸਲਾ ਲਿਅ। ਨਮੋ, ਭਾਵ ਨਰਿੰਦਰ ਮੋਦੀ, ਜਿਹੜਾ ਚੋਣਾਂ ਦਰਮਿਆਨ ਆਮ ਪ੍ਰਚੱਲਿਤ ਹੋਇਆ ਸੀ, ਭਾਵ ਜਿੱਥੇ 'ਰਾਮ ਰਾਮ ਬੋਲ ਪਿਆਰੇ' ਚੱਲਦਾ ਸੀ, ਉਥੇ ਨਮੋ-ਨਮੋ ਬੋਲ ਪਿਆਰੇ ਨਮੋ-ਨਮੋ ਬੋਲ ਚੱਲਣ ਲੱਗ ਪਿਆ ਸੀ। ਉਹੀ ਨਰਿੰਦਰ ਮੋਦੀ ਭਾਵ ਨਮੋ, ਜਿਸਨੇ ਗੁਜਰਾਤ ਦੀ ਊਨਾ ਘਟਨਾ ਪਿੱਛੋਂ ਚੱਲੇ ਦਲਿਤ ਅੰਦੋਲਨ ਮਗਰੋਂ ਇਕ ਜੁਮਲਾ ਉਛਾਲਿਆ ਸੀ, 'ਜੇ ਤੁਸੀਂ ਮਾਰਨਾ ਚਾਹੁੰਦੇ ਹੋ ਤਾਂ ਮੈਨੂੰ ਮਾਰ ਦਿਓ, ਦਲਿਤ ਭਰਾਵਾਂ ਨੂੰ ਨਾ ਮਾਰੋ।' ਇਸ ਸ਼ੁੱਧੀਕਰਨ ਮੁਹਿੰਮ 'ਚ ਬ੍ਰਿਗੇਡ ਨੂੰ ਪਰਯਾਗ ਪੇਜਾਵਰ ਮੱਠ ਦੇ ਵਿਸ਼ਵੇਸ਼ ਤੀਰਥ ਸੁਆਮੀ ਦੀ ਚੁੱਪ ਸਹਿਮਤੀ ਵੀ ਹਾਸਲ ਸੀ।

# ਡਾ. ਅੰਬੇਡਕਰ ਦੇ ਬੁੱਤ ਦਾ ਸੁਰੱਖਿਆ ਸ਼ੀਸ਼ਾ ਤੋੜਨ ਵਾਲਾ ਕਾਬੂ

**ਜਲੰਧਰ–** ਬੀਤੀ ਰਾਤ ਨਕੋਦਰ ਚੌਂਕ 'ਚ ਲੱਗੇ ਡਾ. ਅੰਬੇਡਕਰ ਦੇ ਬੁੱਤ ਦੀ ਸੁਰੱਖਿਆ ਵਾਲੇ ਸ਼ੀਸ਼ੇ ਨੂੰ ਕਿਸੇ ਨੇ ਤੋੜ ਦਿੱਤਾ, ਜਿਸ ਦੀ ਸੂਚਨਾ ਮਿਲਦੇ ਹੀ ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕਰ ਲਿਆ ਹੈ। ਇਸ ਸਬੰਧੀ ਅੰਬੇਡਕਰ ਸੈਨਾ ਦੇ ਜੀਵਨ ਸਿੰਘ,



ਪ੍ਰੇਮ ਪਾਲ ਡੁਮੇਲੀ, ਅਮਿਤ ਸੁਮਨ ਤੇ ਹੋਰਾਂ ਨੇ ਜਾਣਕਾਰੀ ਦਿੱਤੀ ਕਿ ਬੀਤੀ ਰਾਤ ਕਿਸੇ ਵਿਅਕਤੀ ਨੇ ਬੁੱਤ ਦਾ ਸੁਰੱਖਿਆ ਵਾਲਾ ਸ਼ੀਸ਼ਾ ਤੋੜ ਦਿੱਤਾ ਪਰ ਪੁਲਿਸ ਵੱਲੋਂ ਕਿਸੇ ਵੀ ਵਿਅਕਤੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਵੱਲੋਂ ਨਕੋਦਰ ਚੌਂਕ 'ਚ ਧਰਨਾ ਲਗਾਏ ਜਾਣ ਤੋਂ ਬਾਅਦ ਪੁਲਿਸ ਨੇ ਇਕ ਵਿਅਕਤੀ ਨੂੰ ਕਾਬੂ ਕਰਕੇ ਉਸ ਦੇ ਖਿਲਾਫ ਮੁਕੱਦਮਾ ਦਰਜ ਕੀਤਾ, ਜਿਸ ਤੋਂ ਬਾਅਦ ਉਹਨਾਂ ਪ੍ਰਦਰਸ਼ਨ ਖਤਮ ਕੀਤਾ। ਜੀਵਨ ਸਿੰਘ ਅਨੁਸਾਰ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਮੰਦਬੁੱਧੀ ਹੈ ਜਦਕਿ ਸੁਰੱਖਿਆ ਸ਼ੀਸ਼ਾ ਤੋੜਨ 'ਚ ਇਸ ਸਬੰਧੀ ਜਾਣਕਾਰੀ ਰੱਖਣ ਵਾਲੇ ਦਾ ਹੱਥ ਹੋ ਸਕਦਾ ਹੈ। ਇਸ ਲਈ ਉਹ ਸ਼ਨਿਚਰਵਾਰ ਨੂੰ ਸਵੇਰੇ 11 ਵਜੇ ਪੁਲਿਸ ਕਮਿਸ਼ਨਰ ਨੂੰ ਮਿਲਣਗੇ ਅਤੇ ਸਹੀ ਦੋਸ਼ੀ ਖਿਲਾਫ ਕਾਰਵਾਈ ਦੀ ਮੰਗ ਕਰਨਗੇ। ਪੁਲਿਸ ਦਾ ਕਹਿਣਾ ਹੈ ਕਿ ਸਾਨੂੰ ਪਤਾ ਲੱਗਾ ਕਿ ਕੋਈ ਵਿਅਕਤੀ ਸ਼ੀਸ਼ਾ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਤੋਂ ਬਾਅਦ ਤੁਰੰਤ ਮੌਕੇ 'ਤੇ ਪੀ. ਸੀ. ਆਰ. ਦੀ ਟੀਮ ਪਹੁੰਚ ਗਈ। ਉਹਨਾਂ ਵੱਲੋਂ ਦੋਸ਼ੀ ਅਜੇ ਸਾਈਂ ਭਗਤ (28) ਪੁੱਤਰ ਵਿਜੇ ਕੁਮਾਰ ਵਾਸੀ ਭਾਰਗੋ ਕੈਂਪ ਨੂੰ ਕਾਬੂ ਕਰ ਲਿਆ ਗਿਆ।

ਕਾਬੂ ਕੀਤਾ ਵਿਅਕਤੀ ਮੰਦਬੁੱਧੀ ਲੱਗ ਰਿਹਾ ਸੀ, ਜਦੋਂ ਢੁਸ ਦੇ ਪਰਿਵਾਰਕ ਮੈਂਬਰਾਂ ਨਾਲ ਗੱਲ ਕੀਤੀ ਤਾਂ ਉਹਨਾਂ ਤੋਂ ਜਾਣਕਾਰੀ ਮਿਲੀ ਕਿ ਅਜੇ ਦੀ ਇਕ ਸਾਲ ਪਹਿਲਾਂ ਦਿਮਾਗ ਦੀ ਦਵਾਈ ਚਲਦੀ ਸੀ। ਦਿਮਾਗੀ ਪ੍ਰੇਸ਼ਾਨੀ ਦੇ ਚਲਦੇ ਹੁਣ ਵੀ ਉਹ ਅਕਸਰ ਘਰ 'ਚ ਭਾਂਡੇ ਤੇ ਹੋਰ ਸਮਾਨ ਦੀ ਤੋੜ ਭੰਨ ਕਰਦਾ ਰਹਿੰਦਾ ਹੈ। ਏ. ਸੀ. ਪੀ. ਢਿੱਲੋਂ ਨੇ ਕਿਹਾ ਕਿ ਉਕਤ ਖਿਲਾਫ ਮੁਕੱਦਮਾ ਦਰਜ ਕਰਕੇ ਬਣਦੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।



ਨਕੋਦਰ ਚੌਂਕ 'ਚ ਲੱਗੇ ਡਾ. ਅੰਬੇਡਕਰ ਦੇ ਬੁੱਤ ਦੇ ਸੁਰੱਖਿਆ ਸ਼ੀਸ਼ੇ ਦੀ ਭੰਨ ਤੋੜ ਕਰਨ ਦੀ ਕੋਸ਼ਿਸ਼ ਤੋਂ ਬਾਅਦ ਕਮਿਸ਼ਨਰੇਟ ਪੁਲਿਸ ਨੇ ਬੁੱਤ ਦੀ ਸੁਰੱਖਿਆ ਲਈ 4 ਸੀ. ਸੀ. ਟੀ. ਵੀ. ਕੈਮਰੇ ਲਗਵਾ ਦਿੱਤੇ ਹਨ। ਏ. ਸੀ. ਪੀ. (ਕੇਂਦਰੀ) ਮਨਪ੍ਰੀਤ ਸਿੰਘ ਢਿੱਲੋਂ ਨੇ ਜਾਣਕਾਰੀ ਦਿੱਤੀ ਕਿ ਬੁੱਤ ਦੀ ਸੁਰੱਖਿਆ ਨੂੰ ਹੋਰ ਵਧਾਉਣ ਲਈ ਪੁਲਿਸ ਕਮਿਸ਼ਨਰ ਸ੍ਰੀ ਅਰਪਿਤ ਸ਼ੁਕਲਾ ਦੀਆਂ ਹਦਾਇਤਾਂ 'ਤੇ ਵੱਖ-ਵੱਖ ਦਿਸ਼ਾਵਾਂ ਤੋਂ ਨਿਗਰਾਨੀ ਕਰਨ ਲਈ ਕੈਮਰੇ ਲਗਾਏ ਜਾ ਰਹੇ ਹਨ। ਇਹਨਾਂ ਕੈਮਰਿਆਂ ਜ਼ਰੀਏ ਜਿੱਥੇ ਬੁੱਤ ਦੀ ਸੁਰੱਖਿਆ ਵਧੇਗੀ, ਉਥੇ ਚੌਂਕ ਵਿਚ ਲੰਘਣ ਵਾਲੇ ਸ਼ੱਕੀ ਵਿਅਕਤੀਆਂ 'ਤੇ ਵੀ ਨਜ਼ਰ ਰੱਖੀ ਜਾ ਸਕੇਗੀ।

(ਸਫਾ 1 ਦੀ ਬਾਕੀ)

# ਚੰਡੀਗੜ੍ਹ ਚੋਣਾਂ ਨੇ ਸੱਤਾਧਾਰੀਆਂ ਦੇ ਵਧਾਏ ਹੌਸਲੇ

ਨੂੰ ਪੰਜਾਬ ਵਿਧਾਨ ਸਭਾ ਚੋਣ ਦਾ ਸੈਮੀਫਾਈਨਲ ਦੱ ਸਿਆ ਹੈ ਅਤੇ ਦਾਅਵਾ ਕੀਤਾ ਹੈ ਕਿ ਜਨਤਾ ਦਾ ਰੁਝਾਨ ਦੱਸਦਾ ਹੈ ਕਿ ਪੰਜਾਬ ਅੰਦਰ ਅਕਾਲੀ-ਭਾਜਪਾ ਗਠਜੋੜ ਲਗਾਤਾਰ ਤੀਸਰੀ ਵਾਰ ਸਰਕਾਰ ਬਣਾਏਗਾ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੀ ਜਨਤਾ ਨੇ ਨੋਟਬੰਦੀ 'ਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਗਾ ਦਿੱਤੀ ਹੈ ਅਤੇ ਪੂਰੇ ਵਿਰੋਧੀ ਧਿਰ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਉਨ੍ਹਾਂ ਦੇ ਗੁੰਮਰਾਹਕੁਨ ਪ੍ਰਚਾਰ ਨਾਲ ਪ੍ਰਭਾਵਿਤ ਹੋਣ ਵਾਲੇ ਨਹੀਂ ਅਤੇ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਖਿਲਾਫ਼ ਛੇੜੀ ਗਈ ਲੜਾਈ 'ਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਨਾਲ ਹਨ।

### ਅਕਾਲੀ-ਭਾਜਪਾ ਦੀ ਪੰਜਾਬ 'ਚ ਤੀਜੀ ਵਾਰ ਸਰਕਾਰ ਬਣੇਗੀ- ਸੁਖਬੀਰ ਬਾਦਲ

ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਨੂੰ ਕੰਧ 'ਤੇ ਲਿਖੀ ਇਬਾਰਤ ਪੜ੍ਹ ਲੈਣੀ ਚਾਹੀਦੀ ਹੈ ਕਿ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਉਸੇ ਤਰ੍ਹਾਂ ਹੂੰਝਾ ਫੇਰ ਜਿੱਤ ਹਾਸਲ ਕਰੇਗਾ, ਜਿਸ ਤਰ੍ਹਾਂ ਇਸ ਗਠਜੋੜ ਨੇ ਚੰਡੀਗੜ੍ਹ ਨਿਗਮ ਚੋਣਾਂ ਵਿਚ ਹਾਸਲ ਕੀਤੀ ਹੈ । ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਉਪਰੋਕਤ ਸ਼ਬਦ ਕਹੇ । ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਕਾਰਗੁਜ਼ਾਰੀ ਨੂੰ ਲੈ ਕੇ ਦਿਨ-ਰਾਤ ਵੱਡੇ-ਵੱਡੇ ਦਾਅਵੇ ਕਰ ਰਿਹਾ ਹੈ।

ਉਹ ਅਜਿਹੀਆਂ ਧਮਕੀਆਂ ਦੇਣ 'ਤੇ ਉੱਤਰ ਆਇਆ ਹੈ ਕਿ ਜੇਕਰ ਕਾਂਗਰਸ ਸੱਤਾ ਵਿਚ ਆ ਗਈ ਤਾਂ ਉਹ ਬਾਦਲ ਸਰਕਾਰ ਦੁਆਰਾ ਲਏ ਗਏ ਲੋਕ ਭਲਾਈ ਦੇ ਸਾਰੇ ਫ਼ੈਸਲਿਆਂ ਨੂੰ ਰੱਦ ਕਰ ਦੇਵੇਗਾ । ਉਨ੍ਹਾਂ ਨੇ ਕਿਹਾ ਕਿ ਚੰਡੀਗੜ੍ਹ ਵਿਚ ਕਾਂਗਰਸ ਪਾਰਟੀ ਨੂੰ ਮਿਲੀ ਲੱਕ-ਤੋੜਵੀਂ ਹਾਰ ਦੇ ਤਜਰਬੇ ਮਗਰੋਂ ਅਮਰਿੰਦਰ ਨੂੰ ਅਸਲੀਅਤ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ ।

# ਜਰਮਨੀ ਵਿੱਚ ਫਿਰ ਦਹਿਸ਼ਤੀ ਹਮਲਾ, ਯੂਰਪ ਵਿਚ ਦਹਿਸ਼ਤ ਫੈਲੀ

ਐਲ ਡੀ ਅਖ਼ਬਾਰ ਨੇ ਤਫ਼ਤੀਸ਼ਕਾਰਾਂ ਦੇ ਹਵਾਲੇ ਨਾਲ ਉਸ ਦੀ ਪਛਾਣ 23 ਸਾਲਾ ਨਵੇਦ ਬੀ. ਵਜੋਂ ਦੱਸੀ ਹੈ, ਜਿਸ ਨੇ ਫਰਵਰੀ 2016 ਵਿੱਚ ਇਕ ਪਨਾਹਗੀਰ ਵਜੋਂ ਜਰਮਨੀ ਵਿੱਚ ਆਪਣਾ ਨਾਂ ਦਰਜ ਕਰਵਾਇਆ ਸੀ। ਬੀਬੀ ਮਰਕਲ ਨੇ ਕਿਹਾ ਕਿ ਅਧਿਕਾਰੀਆਂ ਮੁਤਾਬਕ ਇਹ ਇਕ 'ਦਹਿਸ਼ਤੀ' ਹਮਲਾ ਹੈ, ਜੋ ਇਕ ਸ਼ਰਨ ਦੇ ਬਿਨੈਕਾਰ ਨੇ ਕੀਤਾ ਹੈ। ਉਨ੍ਹਾਂ ਕਿਹਾ, "ਸਾਡੇ ਲਈ ਮੰਨਣਾ ਬਹੁਤ ਔਖਾ ਹੈ ਕਿ ਇਹ ਹਮਲਾ ਜਰਮਨੀ ਸ਼ਰਨ ਦੀ ਮੰਗ ਕਰਨ ਵਾਲੇ ਨੇ ਕੀਤਾ ਹੈ।" ਮੁਲਕ ਦੇ ਗ੍ਰਹਿ ਮੰਤਰੀ ਥੌਮਸ ਡੇਅ ਮੀਜ਼ੀਅਰ ਨੇ ਕਿਹਾ ਕਿ ਇਸ ਹਮਲੇ ਦੇ ਬਾਵਜੂਦ 'ਕ੍ਰਿਸਮਸ ਬਾਜ਼ਾਰ ਅਤੇ ਹੋਰ ਵੱਡੇ ਮੇਲੇ' ਲੱਗਦੇ ਰਹਿਣਗੇ।

## ਤੋਰ ਸਿਆਸਤ ਦੀ

# ਸਭ ਕੁਝ ਸੱਤਾ, ਸਭ ਕੁਝ ਅਹੁਦਾ ਤੱਕ ਸਿਮਟ ਗਿਆ ਭਾਰਤੀ ਲੋਕਤੰਤਰ

**ਕਦੇ ਸਮਾਂ ਸੀ ਕਿ ਚੋਣਾਂ ਵੇਲੇ ਵਿਰੋਧੀ ਧਿਰ ਦੇ ਨੇਤਾਵਾਂ ਦੇ ਵਿਰੁੱਧ ਸੱਤਾ ਪੱਖ ਵਾਲੀਆਂ ਪਾਰਟੀਆਂ ਆਪਣੇ ਕਮਜ਼ੋਰ ਉਮੀਦਵਾਰ ਖੜ੍ਹੇ ਕਰਦੀਆਂ ਸਨ ਤਾਂ ਕਿ ਦੇਸ਼ ਅਤੇ ਸਦਨ ਉਨ੍ਹਾਂ ਦੇ ਰਾਜਨੀਤਕ ਤਜ਼ਰਬਿਆਂ ਦਾ ਫਾਇਦਾ ਲੈ ਸਕਣ। ਪਰ ਅੱਜਕਲ੍ਹ ਤਾਂ ਸਿਆਣੇ, ਬੁੱਧੀਜੀਵੀ, ਹੰਡੇ ਹੋਏ ਵਿਰੋਧੀ ਸਿਆਸਤਦਾਨਾਂ ਨੂੰ, ਮੁਕਾਬਲੇ ਵਿਚ ਫ਼ਿਲਮੀ ਸਿਤਾਰਿਆਂ, ਖੇਡ ਸਿਤਾਰਿਆਂ ਨੂੰ ਖੜ੍ਹੇ ਕਰਕੇ ਹਰਾਉਣ ਦਾ ਹਰ ਯਤਨ ਕੀਤਾ ਜਾਂਦਾ ਹੈ। ਭਾਰਤੀ ਸਿਆਸਤ ਵਿਚ ਨਜ਼ਰ ਮਾਰੀਏ ਤਾਂ ਵੇਖ ਸਕਦੇ ਹਾਂ ਕਿ ਰਾਮ ਮਨੋਹਰ ਲੋਹੀਆ ਵਿਰੋਧੀ ਧਿਰ ਵਿਚ ਰਹੇ ਪਰ ਕਦੇ ਵੀ ਸੱਤਾ ਪੱਖ ਦੇ ਕਿਸੇ ਵੱਡੇ ਤੋਂ ਵੱਡੇ ਨੇਤਾ ਤੋਂ ਉਹ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਨ।**



ਗੁਰਮੀਤ ਸਿੰਘ ਪਲਾਹੀ
91-98158-02070

ਕਈ ਦਿਨਾਂ ਤੱਕ ਦੇਸ਼ ਦੇ ਹੇਠਲੇ ਸਦਨ, ਲੋਕ ਸਭਾ, ਵਿੱਚ ਕੰਮ ਨਹੀਂ ਹੋਇਆ। ਦੇਸ਼ ਦੇ ਉੱਪਰਲੇ ਸਦਨ ਰਾਜ ਸਭਾ ਦੀ ਕਾਰਵਾਈ ਵੀ ਠੱਪ ਰਹੀ। ਰਾਸ਼ਟਰਪਤੀ ਨੇ 'ਰੱਬ' ਦਾ ਵਾਸਤਾ ਪਾ ਕੇ ਦੇਸ਼ ਦੀਆਂ ਇਹਨਾਂ ਦੋਵਾਂ ਜਮਹੂਰੀ ਸੰਸਥਾਵਾਂ ਦੇ ਕੰਮ-ਕਾਰ ਨੂੰ ਚਾਲੂ ਕਰਨ ਦੀ ਬੇਨਤੀ ਦੇਸ਼ ਦੇ ਹਾਕਮਾਂ ਨੂੰ ਵੀ ਕੀਤੀ ਅਤੇ ਦੇਸ਼ ਦੀ ਵਿਰੋਧੀ ਧਿਰ ਨੂੰ ਵੀ। ਵਿਰੋਧੀ ਧਿਰ ਮੰਗ ਕਰਦੀ ਰਹੀ ਕਿ ਕਿਸੇ ਵਿਸ਼ੇਸ਼ ਧਾਰਾ ਅਧੀਨ ਸਦਨ ਵਿੱਚ ਨੋਟ-ਬੰਦੀ ਦੇ ਮਾਮਲੇ ਉੱਤੇ ਬਹਿਸ ਕਰਵਾਈ ਜਾਵੇ ਅਤੇ ਇਸ ਦੇ ਹੱਕ ਅਤੇ ਵਿਰੋਧ 'ਚ ਵੋਟਾਂ ਪੁਆਈਆਂ ਜਾਣ, ਪਰ ਹਾਕਮ ਧਿਰ ਇਸ ਮਾਮਲੇ ਉੱਤੇ ਅੜੀ ਰਹੀ। ਨਤੀਜਾ? ਦੇਸ਼ ਦਾ ਕਰੋੜਾਂ ਰੁਪੱਈਆ ਬਿਨਾਂ ਸੰਸਦੀ ਕੰਮ-ਕਾਰ ਦੇ ਨਿੱਤ ਖ਼ਰਾਬ ਹੁੰਦਾ ਰਿਹਾ। ਸਦਨ ਦੀ ਇੱਕ ਕਾਰਵਾਈ ਚਲਾਉਣ ਦਾ ਖ਼ਰਚ ਡੇਢ ਕਰੋੜ ਰੁਪਏ ਪ੍ਰਤੀ ਘੰਟਾ ਹੈ ਅਤੇ ਮੌਜੂਦਾ ਸੈਸ਼ਨ ਦੌਰਾਨ 199 ਕਰੋੜ ਰੁਪਏ ਸਦਨ ਦੀ ਕਾਰਵਾਈ ਨਾ ਚੱਲਣ, ਚਲਾਉਣ ਦੇਣ ਕਾਰਨ ਨਸ਼ਟ ਹੋ ਗਏ।

ਕਦੇ ਸਮਾਂ ਸੀ, ਜਦੋਂ ਭਾਰਤੀ ਸਦਨ ਵਿੱਚ ਵਿਰੋਧੀ ਧਿਰ ਨੂੰ ਭਰਪੂਰ ਸਨਮਾਨ ਦਿੱਤਾ ਜਾਂਦਾ ਸੀ। ਅੱਜ ਹਾਕਮ-ਵਿਰੋਧੀ ਹੋਣਾ ਦੇਸ਼-ਧ੍ਰੋਹੀ ਹੋਣਾ ਹੈ। ਕਦੇ ਕਿਸੇ ਮਸਲੇ ਉੱਤੇ ਆਲੋਚਨਾ ਕਰਨ ਵਾਲੇ ਦੀ ਗੱਲ ਨੂੰ ਵੀ ਵਜ਼ਨ ਦੇਣ ਦੀ ਪਰੰਪਰਾ ਸੀ, ਪਰੰਤੂ ਮੌਜੂਦਾ ਲੋਕਤੰਤਰ ਵਿੱਚ ਵਿਰੋਧੀ ਆਵਾਜ਼ ਨੂੰ ਬੰਦ ਕਰਨ ਦੀ ਪਿਰਤ ਨੇ ਭਾਰਤੀ ਲੋਕਤੰਤਰ ਦੇ ਅਸਲੀ ਮਕਸਦ, ਕਿ ਹਰ ਇੱਕ ਨੂੰ ਬੋਲਣ ਦੀ ਆਜ਼ਾਦੀ ਹੋਵੇ, ਹਰ ਇੱਕ ਨੂੰ ਬਿਨਾਂ ਡਰ-ਭੈਅ ਦੇਸ਼-ਸਮਾਜ 'ਚ ਵਿਚਰਨ ਦਾ ਅਧਿਕਾਰ ਹੋਵੇ, ਹਰ ਇੱਕ ਨੂੰ ਬਿਨਾਂ ਜਾਤ-ਪਾਤ, ਲਿੰਗ-ਭੇਦ ਬਰਾਬਰ ਕੰਮ ਕਰਨ ਦੀ ਖੁੱਲ੍ਹ ਹੋਵੇ, ਨੂੰ ਪਿੱਛੇ ਧੱਕ ਦਿੱਤਾ ਹੈ।

ਮੌਜੂਦਾ ਲੋਕਤੰਤਰ ਵਿੱਚ ਵਿਰੋਧੀ ਧਿਰ ਦਾ ਰੋਲ ਨਿਰੰਤਰ ਛਿੱਜਦਾ ਜਾ ਰਿਹਾ ਹੈ, ਪੇਤਲਾ ਪੈਂਦਾ ਜਾ ਰਿਹਾ ਹੈ। ਆਜ਼ਾਦੀ ਦੇ ਬਾਅਦ ਲੰਮੇ ਸਮੇਂ ਤੱਕ ਜਦੋਂ ਸੰਸਦੀ ਰਾਜਨੀਤੀ ਦਾ ਆਧਾਰ 'ਵਿਚਾਰ' ਸੀ, ਵਿਚਾਰ-ਚਰਚਾ ਸੀ, ਉਦੋਂ ਰਾਜਨੀਤਕ ਦਲਾਂ ਵਿਚਕਾਰ ਆਪਸੀ ਸਪੱਸ਼ਟ ਸੀਮਾ ਰੇਖਾਵਾਂ ਸਨ। ਰਾਜਨੀਤਕ ਪਾਰਟੀਆਂ ਵਾਲੇ ਇੱਕ ਦੂਜੇ ਦੀ ਗੱਲ ਨੂੰ ਸੁਣਦੇ ਸਨ, ਉਨ੍ਹਾਂ ਦੇ ਵਿਚਾਰਾਂ ਨੂੰ ਮਾਣ ਦਿੰਦੇ ਸਨ ਤੇ ਮੰਨਦੇ ਹਨ। ਅੱਜ ਰਾਜਨੀਤਕ ਪਾਰਟੀਆਂ ਦਾ ਉਦੇਸ਼ 'ਚੋਣਾਂ' ਜਿੱਤਣ ਅਤੇ ਕਿਸੇ ਵੀ ਢੰਗ ਨਾਲ ਆਪਣੀ ਹਕੂਮਤ ਕਾਇਮ ਰੱਖਣ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਇਹ ਸਥਿਤੀ ਦੇਸ਼ ਦੀ ਰਾਜਨੀਤੀ ਵਿੱਚ ਇੱਕ ਵੱਖਰੀ ਕਿਸਮ ਦਾ ਨਾਂਹ-ਪੱਖੀ ਰੁਝਾਨ ਹੈ, ਜਿਸ ਨਾਲ ਭਾਰਤੀ ਲੋਕਤੰਤਰ ਅੱਗੇ ਵੱਡਾ ਸੰਕਟ ਪੈਦਾ ਹੁੰਦਾ ਜਾ ਰਿਹਾ ਹੈ। ਸਿਧਾਂਤ-ਵਿਹੂਣੀ ਰਾਜਨੀਤੀ ਨੇ ਇੱਕ ਰਾਜਨੀਤਕ ਦਲ ਤੋਂ ਦੂਜੇ ਰਾਜਨੀਤਕ ਦਲ ਵਿੱਚ ਨੇਤਾਵਾਂ ਦੀ ਆਵਾਜਾਈ ਆਸਾਨ ਬਣਾ ਦਿੱਤੀ ਹੈ, ਕਿਉਂਕਿ ਰਾਜਨੀਤਕ ਦਲਾਂ ਦੀ ਆਪਸੀ ਲੜਾਈ ਵਿਚਾਰਾਂ ਦੀ ਨਾ ਹੋ ਕੇ ਕੁਰਸੀ ਪ੍ਰਾਪਤੀ ਦੀ ਰਹਿ ਗਈ ਹੈ; 'ਸਭ ਕੁਝ ਸੱਤਾ, ਸਭ ਕੁਝ ਅਹੁਦਾ ਅਤੇ ਕੁਰਸੀ'!

ਹਾਕਮ ਧਿਰ ਤਾਂ ਤਾਕਤ ਦੇ ਨਸ਼ੇ ਵਿੱਚ ਵਿਰੋਧੀਆਂ ਨੂੰ ਟਕੇ ਸੇਰ ਨਹੀਂ ਪੁੱਛਦੀ, ਪਰ ਸ਼ਕਤੀਹੀਣ ਵਿਰੋਧੀ ਧਿਰ ਦਾ ਵੀ ਸੱਤਾ ਦੀਆਂ ਸਮੀਕਰਣਾਂ ਵਿੱਚ ਉਲਝਾਅ ਅਤੇ ਕਿਸੇ ਵੀ ਹੀਲੇ ਤਾਕਤ ਹਥਿਆਉਣ ਦੇ ਯਤਨ ਉਸ ਨੂੰ ਆਪਣੇ ਰਸਤੇ ਅਤੇ ਉਦੇਸ਼ ਤੋਂ ਭਟਕਾਈ ਜਾ ਰਹੇ ਹਨ। ਅੱਜ ਟੋਟੇ-ਟੋਟੇ ਹੋਈ ਵਿਰੋਧੀ ਧਿਰ ਦੇ ਪੱਲੇ ਲੋਕ ਅੰਦੋਲਨ ਚਲਾਉਣ ਦੀ ਤਾਕਤ ਵੀ ਨਹੀਂ ਰਹੀ। ਦੇਸ਼ ਭ੍ਰਿਸ਼ਟਾਚਾਰ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ ਦੀ ਗ੍ਰਿਫ਼ਤ ਵਿੱਚ ਜਕੜਿਆ ਹੋਇਆ ਹੈ, ਪਰ ਕਿਸੇ ਵੀ ਵਿਰੋਧੀ ਪਾਰਟੀ ਕੋਲ ਐਨੀ ਤਾਕਤ ਨਹੀਂ ਹੈ ਕਿ ਉਸ ਵੱਲੋਂ ਜਨ-ਸੰਘਰਸ਼ ਚਲਾਉਣਾ ਤਾਂ ਦੂਰ ਦੀ ਗੱਲ ਹੈ, ਉਸ ਦਾ ਕੋਈ ਨੇਤਾ ਇਸ ਦੀ ਕਲਪਨਾ ਵੀ ਨਹੀਂ ਕਰ ਸਕਦਾ। ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਵਿਰੋਧੀ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਪੱਤਰਕਾਰਾਂ, ਵਿਦਿਆਰਥੀਆਂ ਦੇ ਕਤਲ ਹੋ ਰਹੇ ਹਨ, ਪਰ ਵਿਰੋਧੀ ਧਿਰ ਇਹੋ ਜਿਹੇ ਮਸਲਿਆਂ 'ਤੇ ਚੁੱਪੀ ਸਾਧੀ ਬੈਠੀ ਰਹਿੰਦੀ ਹੈ, ਕੋਈ ਅੰਦੋਲਨ ਹੀ ਨਹੀਂ ਛੇੜਦੀ। ਇੰਜ ਜਾਪਦਾ ਹੈ ਕਿ ਦੇਸ਼ ਦੀ ਹਕੂਮਤ ਦੇ ਨਾਲ-ਨਾਲ ਦੇਸ਼ ਦੀ ਜਨਤਾ ਵੀ ਵਿਰੋਧੀ ਧਿਰ ਦੀ ਹਾਜ਼ਰੀ ਨੂੰ ਨਕਾਰਨ ਲੱਗ ਪਈ ਹੈ। ਦਿੱਲੀ ਵਿਧਾਨ ਸਭਾ ਦੀ ਚੋਣ ਇਸ ਦੀ ਪ੍ਰਤੱਖ ਉਦਾਹਰਣ ਹੈ, ਜਿੱਥੇ ਵਿਰੋਧੀ ਧਿਰ ਦੀ ਜ਼ਰੂਰਤ ਨੂੰ ਦਿੱਲੀ ਦੇ ਵੋਟਰਾਂ ਨੇ ਜ਼ਰੂਰੀ ਨਹੀਂ ਸਮਝਿਆ। ਦਿੱਲੀ ਵਿਧਾਨ ਸਭਾ ਸਦਨ ਵਿਰੋਧੀ ਧਿਰ ਤੋਂ ਲੱਗਭੱਗ ਸੱਖਣਾ ਹੈ।



ਕਦੇ ਸਮਾਂ ਸੀ ਕਿ ਚੋਣਾਂ ਵੇਲੇ ਵਿਰੋਧੀ ਧਿਰ ਦੇ ਨੇਤਾਵਾਂ ਦੇ ਵਿਰੁੱਧ ਸੱਤਾ ਪੱਖ ਵਾਲੀਆਂ ਪਾਰਟੀਆਂ ਆਪਣੇ ਕਮਜ਼ੋਰ ਉਮੀਦਵਾਰ ਖੜੇ ਕਰਦੀਆਂ ਸਨ, ਤਾਂ ਕਿ ਦੇਸ਼ ਅਤੇ ਸਦਨ ਉਨ੍ਹਾਂ ਦੇ ਰਾਜਨੀਤਕ ਤਜਰਬਿਆਂ ਦਾ ਫਾਇਦਾ ਲੈ ਸਕਣ। ਅੱਜ ਕੱਲ੍ਹ ਸਿਆਣੇ, ਬੁੱਧੀਜੀਵੀ, ਹੰਢੇ ਹੋਏ ਵਿਰੋਧੀ ਸਿਆਸਤਦਾਨਾਂ ਨੂੰ, ਮੁਕਾਬਲੇ ਵਿੱਚ ਫ਼ਿਲਮੀ ਸਿਤਾਰਿਆਂ, ਖੇਡ ਸਿਤਾਰਿਆਂ ਨੂੰ ਖੜੇ ਕਰ ਕੇ ਹਰਾਉਣ ਦਾ ਹਰ ਯਤਨ ਕੀਤਾ ਜਾਂਦਾ ਹੈ। ਭਾਰਤੀ ਸਿਆਸਤ 'ਤੇ ਨਜ਼ਰ ਮਾਰੀਏ ਤਾਂ ਵੇਖ ਸਕਦੇ ਹਾਂ ਕਿ ਰਾਮ ਮਨੋਹਰ ਲੋਹੀਆ ਵਿਰੋਧੀ ਧਿਰ ਵਿੱਚ ਰਹੇ, ਪਰ ਕਦੇ ਵੀ ਸੱਤਾ ਪੱਖ ਦੇ ਕਿਸੇ ਵੱਡੇ ਤੋਂ ਵੱਡੇ ਨੇਤਾ ਤੋਂ ਉਹ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਨ। ਜੈ ਪ੍ਰਕਾਸ਼ ਨਾਰਾਇਣ ਲਗਾਤਾਰ ਸਰਕਾਰਾਂ ਦੇ ਵਿਰੋਧ ਵਿੱਚ ਰਹੇ, ਪਰ ਰਾਜਨੀਤਕ ਤੌਰ 'ਤੇ ਉਨ੍ਹਾ ਦਾ ਕੱਦ ਲੋਕਾਂ ਵਿੱਚ ਬਹੁਤ ਵੱਡਾ ਰਿਹਾ।

ਵਿਰੋਧੀ ਹੋਣਾ ਦੇਸ਼-ਧ੍ਰੋਹੀ ਹੋਣਾ ਨਹੀਂ ਹੈ, ਪਰ ਇਨ੍ਹੀਂ ਦਿਨੀਂ ਸੱਤਾਧਾਰੀ ਦਲ ਅਤੇ ਸਰਕਾਰ ਵੱਲੋਂ ਵਿਰੋਧੀਆਂ ਨੂੰ ਇਹੀ 'ਖਿਤਾਬ' ਦਿੱਤਾ ਜਾ ਰਿਹਾ ਹੈ। ਜੇਕਰ ਕੋਈ ਸਰਕਾਰ ਦੇ ਕੰਮ-ਕਾਰ ਕਰਨ ਦੇ ਢੰਗ-ਤਰੀਕੇ ਉੱਤੇ ਸਵਾਲ ਉਠਾ ਰਿਹਾ ਹੈ ਤਾਂ ਉਸ ਨੂੰ ਦੇਸ਼ ਦਾ ਦੁਸ਼ਮਣ ਗਰਦਾਨਿਆ ਜਾ ਰਿਹਾ ਹੈ। ਲੋਕਤੰਤਰ ਵਿੱਚ ਸਿਰਫ਼ ਸਿਆਸੀ ਦਲ ਹੀ ਵਿਰੋਧੀ ਧਿਰ ਨਹੀਂ ਹੁੰਦੇ, ਇਨ੍ਹਾਂ ਵਿੱਚ ਪੱਤਰਕਾਰ, ਸਾਹਿਤਕਾਰ ਵੀ ਆਲੋਚਨਾਤਮਿਕ ਦ੍ਰਿਸ਼ਟੀਕੋਣ ਨਾਲ ਆਪਣੀ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਉਂਦੇ ਹਨ। ਉਹ ਸਰਕਾਰ ਦੇ ਕੰਮ-ਕਾਰ ਦੀ ਸਮੀਖਿਆ ਕਰਦੇ ਹਨ। ਉਨ੍ਹਾਂ ਦਾ ਮਾਰਗ-ਦਰਸ਼ਨ ਕਰਨਾ ਨੁਕੀਲੀਆਂ ਕਲਮਾਂ ਦਾ ਫਰਜ਼ ਵੀ ਹੁੰਦਾ ਹੈ। ਉਹ ਸਿਆਸੀ ਲੋਕਾਂ ਵਾਂਗ ਹੀ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਲਈ ਗਿਣੇ ਜਾਂਦੇ ਹਨ।

ਕਦੇ ਸਮਾਂ ਸੀ, ਜਦੋਂ ਪੱਤਰਕਾਰ ਅਤੇ ਸਾਹਿਤਕਾਰ ਸੱਤਾ ਪੱਖ ਦੀਆਂ ਮਨਮਰਜ਼ੀਆਂ ਅਤੇ ਚਾਲਾਂ ਵਿਰੁੱਧ ਚੁਣੌਤੀ ਬਣ ਕੇ ਖੜਦੇ ਸਨ, ਪਰ ਇਸ ਸਮੇਂ ਮੀਡੀਆ ਦੇ ਵੱਡੇ ਹਿੱਸੇ ਦਾ ਸੱਤਾ-ਪੱਖੀ ਹੋਣਾ ਜਾਂ ਸੱਤਾ ਹਥਿਆਉਣ ਲਈ ਕਿਸੇ ਸਿਆਸੀ ਧਿਰ ਦਾ ਹੱਥ-ਠੋਕਾ ਬਣਨਾ ਦੇਸ਼ ਦੇ ਲੋਕਤੰਤਰ ਦੀ ਇਸ ਸੰਕਟਮਈ ਹਾਲਤ ਵਿੱਚ ਹੋਰ ਵਾਧਾ ਕਰ ਰਿਹਾ ਹੈ। ਮੌਜੂਦਾ ਚਲਾਕ ਵਿਵਸਥਾ ਨੇ ਪੱਤਰਕਾਰਾਂ, ਸਾਹਿਤਕਾਰਾਂ ਸਾਹਮਣੇ ਸੁਵਿਧਾਵਾਂ ਦਾ ਚਮਕੀਲਾ ਸੰਸਾਰ ਸਿਰਜ ਦਿੱਤਾ ਹੈ, ਜਿਸ ਵਿੱਚ ਫਸ ਕੇ ਅੱਜ ਦੇ ਬਹੁਤੇ ਕਲਮਕਾਰਾਂ ਨੇ ਆਪੋ-ਆਪਣੀਆਂ ਸਕੀਰੀਆਂ ਤੈਅ ਕੀਤੀਆਂ ਹੋਈਆਂ ਹਨ, ਜਿਹੜੇ ਜਨਤਾ-ਪੱਖੀ ਨਾ ਹੋ ਕੇ ਆਪਣੇ ਸਿਆਸੀ ਗੁਰੂਆਂ ਨੂੰ ਨਤ-ਮਸਤਕ ਹੋਏ ਦਿੱਸਦੇ ਹਨ।

ਅੱਜ ਕੀ ਹੋ ਰਿਹਾ ਹੈ ਦੇਸ਼ ਦੀ ਲੋਕ ਸਭਾ ਵਿੱਚ? ਕੀ ਵਾਪਰ ਰਿਹਾ ਹੈ ਸਿਆਣਿਆਂ ਦੇ ਸਦਨ, ਦੇਸ਼ ਦੀ ਰਾਜ ਸਭਾ, ਵਿੱਚ, ਜਿੱਥੋਂ ਦੀ ਇਕੱਤਰਤਾ ਦੀ ਕਾਰਵਾਈ ਦਾ 'ਹਰ ਪਲ' ਦੇਸ਼ ਦੇ ਲੋਕਾਂ ਸਾਹਮਣੇ ਦੂਰਦਰਸ਼ਨ ਵੱਲੋਂ ਪਰੋਸਿਆ ਜਾ ਰਿਹਾ ਹੈ, ਜਿੱਥੇ ਦੇਸ਼ ਦੇ ਚੁਣੇ ਹੋਏ ਸੂਝਵਾਨ ਨੇਤਾ ਗਰਜਦੇ ਹਨ, ਇੱਕ ਦੂਜੇ ਨੂੰ ਫਿਟਕਾਰਦੇ ਹਨ, ਬਾਹਾਂ ਉਲਾਰ-ਉਲਾਰ ਕੇ ਆਪਣੀ ਸਿਆਣਪ ਦਾ ਸਬੂਤ ਦਿੰਦੇ ਹਨ ਅਤੇ ਕਦੀ-ਕਦਾਈਂ ਆਰਾਮਦਾਇਕ ਬੈਂਚਾਂ ਉੱਤੇ ਬੈਠੇ-ਬੈਠੇ ਸੌਂ ਜਾਂਦੇ ਹਨ-ਬੇਫ਼ਿਕਰ? ਕੀ ਦੇਸ਼ ਦਾ ਹਾਕਮ ਐਨਾ ਵਿਚਾਰਹੀਣ ਹੋ ਗਿਆ ਹੈ ਕਿ ਉਹ ਆਪਣੀ ਗੱਲ ਤਹੱਮਲ ਨਾਲ ਕਰ ਹੀ ਨਹੀਂ ਸਕਦਾ, ਵਿਰੋਧੀ ਦੀ ਗੱਲ ਜਾਂ ਉਸ ਵੱਲੋਂ ਕੀਤੀ ਆਲੋਚਨਾ ਜਾਂ ਨਿੰਦਾ ਸੁਣ ਹੀ ਨਹੀਂ ਸਕਦਾ?

ਗੱਲ ਸਿਰਫ਼ ਉਂਜ ਲੋਕ ਸਭਾ, ਰਾਜ ਸਭਾ ਜਾਂ ਸੂਬਾ ਅਸੰਬਲੀਆਂ ਦੀ ਹੀ ਨਹੀਂ ਰਹੀ, ਦੇਸ਼ ਦੀ ਹਰ ਲੋਕਤੰਤਰਿਕ ਸੰਸਥਾ ਦੀ ਹਾਲਤ ਖਸਤਾ ਹੋ ਚੁੱਕੀ ਹੈ, ਸਮੇਤ ਪਿੰਡ ਦੀਆਂ ਚੁਣੀਆਂ ਹੋਈਆਂ ਪੰਚਾਇਤਾਂ, ਨਗਰਾਂ ਦੀਆਂ ਨਗਰ ਪਾਲਿਕਾਵਾਂ, ਬਲਾਕਾਂ ਦੀਆਂ ਬਲਾਕ ਸੰਮਤੀਆਂ, ਜ਼ਿਲ੍ਹੇ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਦੇ ਕੰਮਕਾਰ ਦੀ, ਜਿੱਥੇ ਵਿਰੋਧੀ ਦੀ ਦਲੀਲ ਭਾਵੇਂ ਸੌ ਫ਼ੀਸਦੀ ਸੱਚੀ ਹੀ ਕਿਉਂ ਨਾ ਹੋਵੇ, ਨਕਾਰੀ ਜਾਣੀ ਜ਼ਰੂਰੀ ਸਮਝੀ ਜਾਂਦੀ ਹੈ। ਕਿਵੇਂ ਹੋਵੇਗਾ ਵਿਚਾਰਾਂ ਦਾ ਅਦਾਨ-ਪ੍ਰਦਾਨ, ਜਦ ਸੁਣਨ ਵਾਲੇ ਕੰਨ ਹੀ ਬੋਲ਼ੇ ਹੋ ਗਏ ਹੋਣ? ਕਿਵੇਂ ਬਣੇਗੀ ਕਿਸੇ ਵੀ ਮਸਲੇ ਪ੍ਰਤੀ ਸਰਬ-ਸੰਮਤੀ, ਜੇਕਰ ਮਿਲ-ਬੈਠ ਕੇ ਕੋਈ ਹੱਲ ਲੱਭਣ ਦਾ ਯਤਨ ਹੀ ਨਹੀਂ ਹੋਵੇਗਾ? ਚੋਣਾਂ ਵਿੱਚ ਡਾਂਗ, ਪੈਸਾ, ਝੂਠ ਵਰਤੋ, ਤਾਕਤਵਰ ਬਣੋ, ਅਤੇ ਫਿਰ ਪੰਜ ਸਾਲ ਕਿਸੇ ਦੀ ਪ੍ਰਵਾਹ ਨਾ ਕਰੋ; ਨਾ ਲੋਕਾਂ ਦੀ, ਨਾ ਵਿਰੋਧੀ ਨੇਤਾਵਾਂ ਦੀ, ਨਾ ਸਦਨ ਦੇ ਨਿਯਮਾਂ ਦੀ, ਜੋ ਮਰਜ਼ੀ ਕਰੋ, ਅਗਲੀ ਵੇਰ ਵੇਖੀ ਜਾਏਗੀ! ਅਸੰਬਲੀ, ਕਾਰਪੋਰੇਸ਼ਨ ਮੀਟਿੰਗਾਂ 'ਚ ਹੋ ਰਹੀ ਪੱਗੋ-ਲੱਥੀ, ਰੌਲਾ-ਰੱਪਾ, ਕੁਰਸੀਆਂ ਇੱਕ ਦੂਜੇ ਉੱਤੇ ਸੁੱਟਣਾ,-ਆਖ਼ਿਰ ਇਹ ਕਿਹੜੇ ਲੋਕਤੰਤਰ ਦੀ ਮੱਦ ਦਾ ਹਿੱਸਾ ਹਨ? 'ਲੰਮੇ ਪਾ ਕੇ ਕੁੱਟਾਂਗੇ', 'ਡਾਂਗਾਂ ਨਾਲ ਸੂਤ ਕਰ ਦਿਆਂਗੇ', 'ਬੰਦੇ ਬਣਾ ਦਿਆਂਗੇ',-ਲੋਕਤੰਤਰਿਕ ਪ੍ਰਣਾਲੀ ਦੇ ਇਹ ਕਿਹੜੇ ਭਾਸ਼ਾ-ਕੋਸ਼ ਦੇ ਸ਼ਬਦ ਹਨ? ਦੇਸ਼ ਵਿੱਚੋਂ ਅੱਜ 'ਵਿਚਾਰ' ਮਰ ਰਿਹਾ ਹੈ। ਵਿਚਾਰਵਾਨ ਲੋਕਾਂ ਦੇ ਬੋਲ ਮਿੱਧੇ ਜਾ ਰਹੇ ਹਨ। ਬਹਿਸ-ਵਿਚਾਰ ਸੰਸਥਾਵਾਂ ਨੂੰ ਧੱਕੜਸ਼ਾਹੀ ਨੇਤਾਵਾਂ ਦੇ ਧੱਕੇ ਦਾ ਮੁੱਲ ਤਾਰਨਾ ਪੈ ਰਿਹਾ ਹੈ। ਅੱਜ ਜਦੋਂ ਲੋੜ ਦੇਸ਼ ਨੂੰ ਵਿਚਾਰਾਂ ਉਪਰੰਤ ਅਨਪੜ੍ਹਤਾ, ਗ਼ਰੀਬੀ, ਬੇਰੁਜ਼ਗਾਰੀ, ਜਾਤ-ਪਾਤ, ਭ੍ਰਿਸ਼ਟਾਚਾਰ ਜਿਹੇ ਮੁੱਦਿਆਂ 'ਚੋਂ ਬਾਹਰ ਕੱਢਣ ਦੀ ਹੈ, ਨੇਤਾ ਲੋਕ ਆਪਹੁਦਰੇਪਣ ਨਾਲ ਦੇਸ਼ ਨੂੰ ਦਲਦਲ ਵਿੱਚ ਸੁੱਟਣ ਦੇ ਆਹਰ ਵਿੱਚ ਲੱਗੇ ਹੋਏ ਹਨ। ਅੱਜ ਦੇਸ਼ 'ਚ ਪੁਰਾਣੇ ਪੈ ਚੁੱਕੇ 'ਆਲੋਚਕ ਨੇੜੇ ਰੱਖੀਏ' ਦੇ ਭਾਰਤੀ ਦਰਸ਼ਨ ਨੂੰ ਮੁੜ ਅਪਣਾਉਣਾ ਸਮੇਂ ਦੀ ਲੋੜ ਜਾਪ ਰਹੀ ਹੈ, ਕਿਉਂਕਿ ਨਿੰਦਕ, ਆਲੋਚਕ ਦੀ ਆਵਾਜ਼ ਸੁਣਿਆਂ ਹੀ ਨਰੋਏ ਸਮਾਜ ਤੇ ਵਿਕਸਤ ਦੇਸ਼ ਦੀ ਉਸਾਰੀ ਸੰਭਵ ਹੋ ਸਕਦੀ ਹੈ।

# ਜਾਤੀ ਹੰਕਾਰ ਦਾ ਸੰਤਾਪ ਭੋਗ ਰਿਹਾ ਪੰਜਾਬ

ਮਿਤੀ 5 ਦਸੰਬਰ 2016 ਦੀਆਂ ਦੋ ਅਹਿਮ ਖਬਰਾਂ ਪੜਦਿਆਂ ਇਹ ਹਥਲਾ ਆਰਟੀਕਲ ਲਿਖਣ ਦਾ ਸਬੱਬ ਬਣਿਆ। ਇਹ ਦੋਵੇਂ ਘਟਨਾਵਾਂ ਬੇਸ਼ੱਕ ਵੱਖ ਵੱਖ ਜਿਲਿਆਂ ਨਾਲ ਸਬੰਧਿਤ ਸਨ ਪਰ ਇਹ ਘਟਨਾਵਾਂ ਇੱਕੋ ਮਾਨਸਿਕਤਾ ਦੀ ਉਪਜ ਹਨ। ਪਹਿਲੀ ਘਟਨਾ ਵਿੱਚ ਮੌੜ ਮੰਡੀ ਵਿਖੇ ਵਿਆਹ ਸਮਾਗਮ ਦੌਰਾਨ ਪ੍ਰੋਗਰਾਮ ਪੇਸ ਕਰਦੇ ਸਮੇਂ ਕੁਲਵਿੰਦਰ ਕੌਰ ਨਾਮੀਂ ਆਰਕੈਸਟਰਾ ਦੀ ਇੱਕ ਬਰਾਤੀ ਦੀ ਲਾਇਸੰਸੀ ਬੰਦੂਕ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਬਰਾਤੀ ਸਟੇਜ ਦੇ ਨੇੜੇ ਹਥਿਆਰ ਸਮੇਤ ਨੱਚ ਰਿਹਾ ਸੀ ਜਦਕਿ ਮੈਰਿਜ ਪੈਲਿਸ ਵਿੱਚ ਹਥਿਆਰ ਲੈ ਕੇ ਜਾਣ ਦੀ ਮਨਾਹੀ ਹੁੰਦੀ ਹੈ।

ਪਰ ਇਸ ਦੇ ਬਾਵਜੂਦ ਵੀ ਅਸੀਂ ਅਖੌਤੀ ਉੱਚ ਜਾਤ ਦੇ ਹੰਕਾਰ ਕਾਰਣ ਕਾਨੂੰਨ ਤੋੜਣ ਨੂੰ ਆਪਣੀ ਸਾਨ ਸਮਝਣ ਲੱਗ ਪਏ ਹਾਂ। ਅਸਲ ਵਿੱਚ ਅਸਲਾ ਸਾਡੀ ਸਮਾਜਿਕ ਪੁਜੀਸਨ ਦਾ ਚਿੰਨ੍ਹ ਬਣ ਗਿਆ ਹੈ। ਅਸੀਂ ਆਪਣੀ ਅਖੌਤੀ ਉੱਚ ਜਾਤ ਦੀ ਹਾਊਮੈ ਵਿੱਚ ਜਾਨਵਰ ਬਣਦੇ ਜਾ ਰਹੇ ਹਾਂ। ਮਨੁੱਖੀ ਕਦਰਾਂ ਕੀਮਤਾਂ ਸਾਡੇ 'ਚੋਂ ਮਨਫੀ ਹੁੰਦੀਆਂ ਜਾ ਰਹੀਆਂ ਹਨ। ਅਸੀਂ ਕਾਨੂੰਨ ਤੋੜਣ ਨੂੰ ਵੀ ਆਪਣੀ ਜਿੱਤ ਸਮਝਣ ਦੀ ਭੁੱਲ ਕਰ ਰਹੇ ਹਾਂ, ਜਦਕਿ ਕਾਇਦੇ ਕਾਨੂੰਨ ਸਾਡੀ ਬਿਹਤਰੀ ਲਈ ਹਨ। ਦੂਜੀ ਘਟਨਾ ਵਿੱਚ 25 ਲੱਖ ਰੂਪੈ ਦੇ ਕਰਜਾਈ ਇੱਕ ਕਿਸਾਨ ਨੇ ਆਪਣੀ ਲਾਇਸੰਸੀ ਬੰਦੂਕ ਨਾਲ ਆਪਣੇ ਆਪ ਨੂੰ ਗੋਲੀ ਮਾਰ ਕੇ ਦੁਖਦਾਈ ਅੰਤ ਕਰ ਲਿਆ। ਵਿਚਾਰਨਯੋਗ ਪਹਿਲੂ ਇਹ ਹੈ ਕਿ ਜੋ ਕਿਸਾਨ 25 ਲੱਖ ਰੂਪੈ ਦਾ ਕਰਜਾਈ ਹੈ, ਉਸ ਨੂੰ ਭਲਾ ਕਿਸ ਤੋਂ ਖਤਰਾ ਹੋ ਸਕਦਾ ਹੈ ਕਿ ਉਸ ਨੂੰ ਹਥਿਆਰ ਰੱਖਣੀ ਜਰੂਰਤ ਪੈ ਗਈ? ਅਜਿਹੀਆਂ ਘਟਨਾਵਾਂ ਲਈ ਜਿੱਥੇ ਬ੍ਰਹਾਮਣਵਾਦੀ ਮਾਨਸਿਕਤਾ ਤੋਂ ਇਲਾਵਾ ਸਰਕਾਰ ਵੱਲੋਂ ਅਮਨ ਕਾਨੂੰਨ ਬਣਾਈ ਰੱਖਣ ਪ੍ਰਤੀ ਸੰਜੀਦਾ ਨਾ ਹੋਣਾਂ ਜਿੰਮੇਵਾਰ ਹੈ। ਸਿਆਸੀ ਦਬਾਅ ਹੇਠ ਪੁਲਿਸ ਪ੍ਰਸਾਸਨ ਵੱਲੋਂ ਬੇਲੋੜੇ ਅਸਲਾ ਲਾਇਸੰਸ ਥੋਕ ਵਿੱਚ ਧੜਾਧੜ ਵੰਡੇ ਜਾ ਰਹੇ ਹਨ। ਅਮਨ ਕਾਨੂੰਨ ਦੀ ਫਿਕਰ ਕਰਨ ਦੀ ਸੱਤਾਧਾਰੀ ਧਿਰਾਂ ਵੋਟ ਬੈਂਕ ਲਈ ਤਰਲੋਮੱਛੀ ਹੋ ਰਹੀਆਂ ਹਨ। ਇੱਕ ਘਟਨਾ ਆਪ ਨਾਲ ਸਾਂਝੀ ਕਰ ਰਿਹਾ ਹਾਂ। ਮੈਂ ਆਪਣੇ ਇੱਕ ਮਿੱਤਰ, ਜੋ ਸਹਾਇਕ ਡਿਪਟੀ ਕਮਿਸਨਰ ਲੱਗਿਆ ਹੋਇਆ ਸੀ,ਨੂੰ ਮਿਲਣ ਲਈ ਉਸਦੇ ਦਫਤਰ ਗਿਆ ਤਾਂ ਮੇਰੀ ਮੌਜੂਦਗੀ ਵਿੱਚ ਇੱਕ ਨੌਜਵਾਨ ਅਸਲਾ ਲਾਇਸੰਸ ਦੀ ਦਰਖਾਸਤ ਮਾਰਕ ਕਰਵਾਉਣ ਲਈ ਇੱਕ ਵੱਡੇ ਸਿਆਸੀ ਆਗੂ ਦੀ ਚਿੱਠੀ ਨਾਲ ਲੈ ਕੇ ਆਇਆ। ਏਡੀਸੀ ਨੇ ਸਿਆਸੀ ਆਗੂ ਦੀ ਚਿੱਠੀ ਪੜਨ ਉਪਰੰਤ ਉਸ ਨੌਜਵਾਨ ਨੂੰ ਦੱਸਿਆ ਕਿ ਅਸਲਾ ਲਾਇਸੰਸ ਮਾਰਕ ਕਰਨ ਲਈ ਦਿਨ ਰਾਖਵਾਂ ਕੀਤਾ ਹੋਇਆ ਹੈ, ਤੁਸੀ ਉਸ ਦਿਨ ਆਇਓ। ਉਹ ਨੌਜਵਾਨ ਨੇ ਤਰੁੰਤ ਹੀ ਆਪਣੇ ਸਿਆਸੀ ਆਗੂ ਨੂੰ ਘੰਟੀ ਖੜਕਾ ਦਿੱਤੀ, ਬੱਸ ਫਿਰ ਕੀ ਮਿੰਟਾਂ ਸਕਿੰਟਾਂ ਵਿੱਚ ਏਡੀਸੀ ਦੇ ਮੋਬਾਇਲ ਦੀ ਘੰਟੀ ਵੱਜੀ। ਏਡੀਸੀ ਨੇ ਅਣਮੰਨੇ ਮਨ ਨਾਲ ਅਸਲਾ ਲਾਇਸੰਸ ਦੀ ਫਾਇਲ ਤਰੁੰਤ ਮਾਰਕ ਕਰਕੇ ਅਗਲੀ ਕਾਰਵਾਈ ਲਈ ਭੇਜ ਦਿੱਤੀ। ਸਿਆਸੀ ਦਬਾਅ ਹੇਠ ਜਿਲ੍ਹਾ ਅਧਿਕਾਰੀ ਬੇਵੱਸ ਨਜਰ ਆਇਆ।

ਇਹ ਸਭ ਕੁਝ ਉਸ ਪੰਜਾਬ ਵਿੱਚ ਵਾਪਿਰ ਰਿਹਾ ਹੈ , ਜਿੱਥੇ ਗੁਰੂਆਂ, ਪੀਰਾਂ, ਪੈਗੰਭਰਾਂ, ਸਹੀਦਾਂ, ਸਿਰਲੱਥ ਯੋਧਿਆਂ ਦੀਆਂ ਕੁਰਬਾਨੀਆਂ ਦੀ ਮਿਸਾਲ ਮਿਲਦੀ ਹੈ। ਸਿੱਖ ਧਰਮ ਦਾ ਸਭ ਤੋਂ ਵੱਡਾ ਇਤਿਹਾਸਕ ਸਥਾਨ ਸੱਚਖੰਡ ਸ੍ਰੀ ਹਰਮੰਦਰ ਸਾਹਿਬ ਸੁਸੋਭਿਤ ਹੈ, ਜਿੱਥੋਂ ਹਰ ਵੇਲੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਵਾਹ ਚਲਦੇ ਰਹਿੰਦੇ ਹਨ। ਪਰ ਇਸ ਸਭ ਦੇ ਬਾਵਜੂਦ ਸਾਡੇ ਮਨਾਂ ਬ੍ਰਹਾਮਣਵਾਦ ਦੀ ਵਿਚਾਰਧਾਰਾ ਜਿਆਦਾ ਭਾਰੂ ਹੈ। ਇਹੀ ਕਾਰਣ ਹੈ ਕਿ ਅਸੀਂ ਅਖੌਤੀ ਜਾਤ ਪਾਤ ਚੱਕਰਾਂ ਵਿੱਚੋਂ ਨਿਕਲ ਨਹੀ ਸਕੇ। ਸਾਡੇ ਆਪਣੇ ਦਿਲ ਅਤੇ ਦਿਮਾਗ ਵਿੱਚ ਜਾਤੀ ਹੰਕਾਰ ਨਾਲ ਗ੍ਰਹਿਸੇ ਪਏ ਹਨ, ਅਸੀਂ ਧੁਰ ਦੁਰਗਾਹੋਂ ਆਈ ਇਲਾਹੀ ਬਾਣੀ ਦੀ ਪ੍ਰਵਾਹ ਵੀ ਨਹੀਂ ਕਰਦੇ। ਅਖੌਤੀ ਉੱਚ ਜਾਤ ਦਾ ਹੰਕਾਰ ਕੀਮਤੀ ਮਨੁੱਖੀ ਜਿੰਦਗੀਆਂ ਦੀ ਬਲੀ ਲੈ ਰਿਹਾ ਹੈ ਪਰ ਅਸੀਂ ਅਸਲ ਕਾਰਣਾਂ ਦੀ ਸਵੈ ਪੜਚੋਲ ਕਰਨ ਦਾ ਹੀਅ ਨਹੀ ਕਰ ਰਹੇ। ਸਾਨੂੰ ਸੱਚ ਦਾ ਸਾਹਮਣਾ ਕਰਨ ਦੀ ਹਿੰਮਤ ਕਰਨ ਦੀ ਲੋੜ ਹੈ।



ਕੁਲਵੰਤ ਸਿੰਘ ਟਿੱਬਾ
91-92179-71379

## ਆਰਥਿਕ ਤੌਰ ਤੇ ਮਜ਼ਬੂਤ ਦਲਿਤਾਂ ਨੂੰ ਮਿਲ ਰਹੀਆਂ ਸਹੂਲਤਾਂ 'ਤੇ ਰੋਕ ਲੱਗੇ: ਹੰਸ

ਅੰਮ੍ਰਿਤਸਰ- ਅਕਾਲੀ ਦਲ ਅਤੇ ਕਾਂਗਰਸ ਛੱਡ ਕੇ ਭਾਜਪਾ ਦਾ ਪੱਲਾ ਪਕੜਨ ਤੋਂ ਬਾਅਦ ਸੂਫ਼ੀ ਗਾਇਕ ਹੰਸ ਰਾਜ ਹੰਸ ਨੇ ਬੁੱਧਵਾਰ ਨੂੰ ਅੰਮ੍ਰਿਤਸਰ ਸੈਂਟਰਲ ਤੋਂ ਪਾਰਟੀ ਦੇ ਲਈ ਪ੍ਰਚਾਰ ਆਰੰਭ ਕੀਤਾ। ਭਾਜਪਾ ਕੌਮੀ ਸਕੱਤਰ ਤਰੁਣ ਚੁੱਘ ਦੀ ਅਗਵਾਈ ਵਿਚ ਐਸ. ਸੀ. ਮੋਰਚਾ ਦੀ ਰੈਲੀ ਵਿਚ ਪਹੁੰਚੇ ਹੰਸ ਨੇ ਕਿਹਾ, ਰਿਜ਼ਰਵ ਕੈਟੇਗਰੀ ਵਿਚ ਆਉਣ ਵਾਲੇ ਜੋ ਲੋਕ ਆਰਥਿਕ ਤੌਰ ਤੇ ਮਜ਼ਬੂਤ ਹੋਣ ਦੇ ਬਾਵਜੂਦ ਸਰਕਾਰੀ ਸਹੂਲਤਾਂ ਦਾ ਲਾਭ ਲੈ ਰਹੇ ਹਨ, ਉਹਨਾਂ 'ਤੇ ਰੋਕ ਲੱਗਣੀ ਚਾਹੀਦੀ ਹੈ। ਜਿਹਨਾਂ ਦਲਿਤਾਂ ਦੀਆਂ ਫੈਕਟਰੀਆਂ ਚੱਲ ਰਹੀਆਂ ਹਨ, ਉਹ ਆਪਣੇ ਬੱਚਿਆਂ ਦਾ ਭਵਿੱਖ ਬਣਾ ਸਕਦੇ ਹਨ। ਗਰੀਬ ਕਿਸੇ ਵੀ ਜਾਤੀ ਦਾ ਹੋਵੇ, ਉਸਨੂੰ ਰਿਜ਼ਰਵ ਕੈਟੇਗਰੀ ਵਿਚ ਲਿਆ ਕੇ ਮਦਦ ਅਤੇ ਸਰਕਾਰੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਮੈਂ ਭਾਜਪਾ ਤੋਂ ਕੁਝ ਨਹੀਂ ਮੰਗਿਆ ਸਿਰਫ ਇਹੀ ਮੰਗਿਆ ਕਿ ਕਿਸੇ ਵੀ ਜਾਤ ਦੇ ਗਰੀਬ ਨੂੰ ਅਮੀਰ ਬਣਾਇਆ ਜਾਵੇ, ਕਿਉਂਕਿ ਮੈਂ ਬਚਪਨ ਵਿਚ ਘਰ ਦੇ ਹਾਲਾਤ ਦੇਖੇ ਹਨ।

### ਨੋਟਬੰਦੀ ਦਾ ਫੈਸਲਾ ਸੁਣ ਕੇ ਕਾਂਗਰਸੀ ਵਿਧਾਇਕ ਬੇਹੋਸ਼

ਹੰਸ ਰਾਜ ਨੇ ਜਿੱਥੇ ਨੋਟਬੰਦੀ ਦੇ ਫੈਸਲੇ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਸ਼ਲਾਘਾ ਕੀਤੀ, ਉਥੇ ਹੀ ਕਾਂਗਰਸ ਦੀ ਰੱਜ ਕੇ ਪੋਲ ਖੋਲ੍ਹੀ। ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਪਾਰਟੀ ਬਦਲਣ ਦਾ ਸ਼ੌਂਕ ਨਹੀਂ ਹੈ ਪਰ ਨੋਟਬੰਦੀ ਦੇ ਫੈਸਲੇ ਦੇ ਕਾਰਨ ਉਹ ਭਾਜਪਾ ਦਾ ਮੈਂਬਰ ਬਣੇ ਹਨ। ਜਿਸ ਦਿਨ ਮੋਦੀ ਨੇ ਫੈਸਲਾ ਸੁਣਾਇਆ, ਉਸ ਦਿਨ ਉਹਨਾਂ ਦੇ ਨਾਲ ਸਫਰ ਕਰ ਰਿਹਾ ਇਕ ਕਾਂਗਰਸੀ ਵਿਧਾਇਕ ਬੇਹੋਸ਼ ਹੋ ਗਿਆ। ਨੋਟਬੰਦੀ ਦੇ ਫੈਸਲੇ ਤੋਂ ਉਮੀਦ ਹੈ ਕਿ ਮੋਦੀ ਮੁਲਕ ਵਿਚ ਗਰੀਬੀ ਅਤੇ ਅਮੀਰੀ ਦਾ ਅੰਤਰ ਖਤਮ ਕਰਨਗੇ। ਚੁੱਘ ਨੇ ਕਿਹਾ, ਭਾਜਪਾ ਹਰ ਗਰੀਬ ਅਤੇ ਦਲਿਤ ਨੂੰ ਆਰਥਿਕ ਤੌਰ ਤੇ ਮਜਬੂਤ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਥੇ ਹੀ ਕਾਂਗਰਸ ਪਿਛਲੇ ਕਈ ਸਾਲਾਂ ਤੋਂ ਸਿੰਘਾਬਨ ਤੇ ਬੈਠ ਕੇ ਗਰੀਬਾਂ ਦਾ ਸ਼ੋਸ਼ਣ ਕਰਦੀ ਰਹੀ ਹੈ। ਸ਼ਹਿਰ ਦੇ ਪੌਸ਼ ਇਲਾਕਿਆਂ ਵਿਚ ਜਿੱਥੇ ਸਾਲ ਵਿਚ ਦੋ ਵਾਰ ਸੜਕਾਂ ਬਣਦੀਆਂ ਸਨ, ਉਥੇ ਅੰਦਰੂਨੀ ਸ਼ਹਿਰ ਵਿਚ ਸਾਲਾਂ ਤੋਂ ਇਕ ਵਾਰ ਵੀ ਗਲੀ ਨਹੀਂ ਬਣੀ।

# Ram Family welcomes newly sworn in California elected officials



On Wednesday December 14, 2016 newly elected US Senator Kamala Devi Harris hosted a special victory party thanking her close friends in San Francisco.



Jackie Ram, Mrs. Prito Ram, California Lieutenant Governor Gavin Newsom, Alameda County Supervisor Scott Haggerty, Jasmyne Ram, Ramit Ram. On Sunday December 18 Ram Family joined the swearing in ceremony for Alameda County Supervisor Scott Haggerty in Livermore, CA



Senator Kamala Devi Harris thanked everyone for helping her make history. She is the first Indian American ever to be elected in the United States Senate.



Jagdev Ram, Ajaipaul Ram, Jagdish Ram, Ashok Bhatt and Senator Harris' husband Douglas Emhoff celebrated with the Senator elect.



Newly elected councilman Jelani Killings Pittsburg City Counsil



Pittsburg City Vice Mayor sworn in Pete Longmire Along with retiring vice mayor Will Casey



First Indian elected to California State Assembly Ash Kalra



Assemblyman Jim Cooper Sworn in representing the the Elk Grove area



Senate President Pro-Tempore Kevin De Leon



Ajaipaul Ram and Jagdish Ram welcome newly elected California State Senator Bill Dodd sworn in California elected officials




City of Pittsburg new mayor sworn in on Tuesday December 13, 2016. Mayor Merl Craft was greeted by community leaders Jagdev Ram, Iqbal Budwal, Ajaipaul Ram and Shri Guru Ravidass Temple priests Ompal Singh and Gurnam Singh. In picture also Contra Costa Supervisor Federal Glover

# ਸਿਟੀ ਆਫ ਲੈਥਰੋਪ ਦੇ ਨਵੇਂ ਕੌਂਸਲ ਮੈਂਬਰਾਂ ਨੇ ਸਹੁੰ ਚੁੱਕੀ

ਲੈਥਰੋਪ (ਕੈਲੇਫੋਰਨੀਆ) ਦੇ ਨਵੇਂ ਚੁਣੇ ਗਏ ਮੇਅਰ ਸੋਨੀ ਧਾਲੀਵਾਲ ਅਤੇ ਬਾਕੀ ਸਾਰੇ ਸਿਟੀ ਕੌਂਸਲ ਦੇ ਚੁਣੇ ਗਏ ਮੈਂਬਰ ਸਾਹਿਬਾਨ ਨੇ 19 ਦਸੰਬਰ 2016 ਦੀ ਸ਼ਾਮ, 7 ਵਜੇ ਬੁਲਾਈ ਗਈ ਸਿਟੀ ਕੌਂਸਲ ਦੀ ਰੈਗੂਲਰ ਮੀਟਿੰਗ ਦੌਰਾਨ ਸਹੁੰ ਚੁੱਕੀ। ਮੇਅਰ ਵਜੋਂ ਸੋਨੀ ਧਾਲੀਵਾਲ, ਉਹਨਾਂ ਦੇ ਲੜਕੇ ਕਰਨ ਧਾਲੀਵਾਲ ਨੇ ਸਹੁੰ ਚੁਕਾਈ ਅਤੇ ਬਾਕੀ ਸਾਰੇ ਮੈਂਬਰ ਸਾਹਿਬਾਨ ਨੂੰ ਸਿਟੀ ਕਲਰਕ ਟਰੇਸਾ ਵਰਗਸ (Teresa Vargas) ਨੇ ਸਹੁੰ ਚੁਕਾਈ। ਸਟੀਵ ਡਰੈਸਰ (Steve Dresser) ਵਾਈਸ ਮੇਅਰ ਦੀ ਜਗ੍ਹਾ ਪਾਲ ਅਕੈਂਜੋ (Paul Akinjo) ਨੂੰ ਵਾਈਸ ਮੇਅਰ ਬਣਾਇਆ ਗਿਆ।

ਇਸ ਸਹੁੰ ਚੁੱਕ ਸਮਾਗਮ ਦੌਰਾਨ ਲੈਥਰੋਪ ਸਿਟੀ ਅਤੇ ਹੋਰਨਾਂ ਬਾਕੀ ਸ਼ਹਿਰਾਂ ਤੋਂ ਭਾਰੀ ਗਿਣਤੀ ਵਿਚ ਲੋਕਾਂ ਨੇ ਹਾਜ਼ਰੀ ਭਰੀ, ਜਿਸ ਵਿਚ ਪੰਜਾਬੀਆਂ ਦੀ ਗਿਣਤੀ ਕਾਫੀ ਜ਼ਿਆਦਾ ਸੀ। ਸਭ ਨੇ ਸਮੂਹ ਸਿਟੀ ਕੌਂਸਲ ਨੂੰ ਮੁਬਾਰਕਬਾਦ ਦਿੱਤੀ ਅਤੇ ਮੇਅਰ ਸੋਨੀ ਧਾਲੀਵਾਲ ਨੇ ਸਭ ਦਾ ਕੋਟਿਨ-ਕੋਟਿ ਧੰਨਵਾਦ ਕੀਤਾ। ਇਸ ਉਪਰੰਤ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।








Paul Akinjo
Vice Mayor
































All pictures by Prem K. Chumber

# ਸਿਟੀ ਆਫ ਲੈਥਰੋਪ ਦੇ ਨਵੇਂ ਕੌਂਸਲ ਮੈਂਬਰਾਂ ਨੇ ਸਹੁੰ ਚੁੱਕੀ










All pictures by Prem K. Chumber






















ਪ੍ਰਸਿਧ ਲੇਖਕ ਤੇ ਫਿਲਮਸ਼ਾਜ ਦਵਿੰਦਰ ਦਮਨ
ਹੁਣਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ
ਸਟੇਜ ਨਾਟਕ



# ਬਾਬਾ ਬੰਦਾ ਸਿੰਘ ਬਹਾਦਰ

## ਪ੍ਰੋਗਰੈਸਿਵ ਆਰਟ ਐਸੋਸੀਏਸ਼ਨ ਆਫ ਅਲਬਰਟਾ ਦੀ ਪੇਸ਼ਕਾਰੀ

ਦਾਖਲਾ ਮੁਫਤ ਹੈ

ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈਆਂ ਜਥੇਬੰਦੀਆਂ ਵਲੋਂ ਕੈਲੇਫੋਰਨੀਆਂ
ਦੇ ਤਿੰਨ ਸ਼ਹਿਰਾ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ।

ਦਾਖਲਾ ਮੁਫਤ ਹੈ

### ਇੰਡੋ ਅਮੈਰੀਕਨ ਦੇਸ਼ ਭਗਤ ਫਾਊਡੇਸ਼ਨ ਆਫ ਬੇ-ਏਰੀਆ

**6 ਜਨਵਰੀ 2017, ਸ਼ਾਮ 6:30 ਵਜੇ**
Mt. Pleasant High School
1750 South White Road San Jose, CA 95127

### ਗਦਰ ਮੈਮੋਰੀਅਲ ਫਾਊਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ

**7 ਜਨਵਰੀ 2017 ਦਿਨ ਸ਼ਨੀਵਾਰ, 12 ਵਜੇ ਤੋਂ 5 ਵਜੇ ਤੱਕ**
Performing Art Center Sheldon High School
8333 Kingsbridge Dr, Sacramento, CA 95829

**ਬੁਲਾਰੇ** ਸ੍ਰ ਨਿਰਮਲ ਸਿੰਘ ਘੁੰਮਣ (ਸਰੀ ਕੈਨੇਡਾ)
ਡਾ ਗੁਰੂਮੇਲ ਸਿੱਧੂ (ਫਰਿਜਨੋ), ਸ੍ਰੀ ਮੁਲਖ ਰਾਜ ਸ਼ਰਮਾ

### ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਔਰਗੇਨਾਈਜੇਸ਼ਨ ਆਫ ਯੂਬਾਸਿਟੀ

**8 ਜਨਵਰੀ 2017 ਦਿਨ ਐਤਵਾਰ, 1 ਵਜੇ ਤੋਂ 5 ਵਜੇ ਤੱਕ**
Andros Kaperos School
1700 Camino De Flores Yuba City, CA 95993

ਪਰਿਵਾਰਾਂ ਸਮੇਤ ਸਮੇਂ ਸਿਰ ਪਹੁੰਚ ਕੇ ਇਸ ਇਤਿਹਾਸਿਕ ਨਾਟਕ ਨੂੰ ਵੇਖੋ।

## ਪ੍ਰਬੰਧਕ ਕਮੇਟੀ

### ਯੂਬਾਸਿਟੀ

ਮੁਲਖ ਰਾਜ ਸ਼ਰਮਾ (ਪ੍ਰਧਾਨ)
ਮੱਖਣ ਬਾਸੀ (ਸੈਕਟਰੀ)
(530-415-1680)
ਸ਼ਿੰਗਾਰਾ ਰਾਮ
ਅਜੈਬ ਸਿੰਘ ਪਨੂੰ
ਸੁੱਚਾ ਸਿੰਘ ਦਿਉਲ
ਰਵਿੰਦਰ ਸਹੋਤਾ
ਹਰਭਜਨ ਬਾਸੀ
ਬਲਬੀਰ ਬਾਸੀ
ਹਰਜਿੰਦਰ ਦੋਸਾਂਝ
ਸਤਿੰਦਰਵੀਰ ਬਾਸੀ
ਗੁਰਬਚਨ ਚੋਪੜਾ

### ਬੇ-ਏਰੀਆ

ਬਲਵੀਰ ਸਿੰਘ ਜੌਹਲ
(408-592-4044)
ਪੰਕਜ ਆਂਸਲ
(408-515-3178)
ਨਰਿੰਦਰ ਸਿੰਘ ਸੁਜੋਂ
(510-714-5058)
ਦਿਲਬਾਗ ਸਿੰਘ ਸੰਧੂ
ਭੁਪਿੰਦਰ ਸਿੰਘ ਸੰਧੂ
ਭੁਪਿੰਦਰ ਸਿੰਘ ਢਿਲੋਂ
ਰਾਜ ਭਨੋਟ
ਪ੍ਰੀਤਮ ਸਿੰਘ ਗਰੇਵਾਲ
ਸ਼ਾਮ ਕੁਮਾਰ
ਹਰਦੁਮਣ ਸਿੰਘ ਸੰਘੇੜਾ
ਸਰਬਜੋਤ ਸਿੰਘ ਸਵੱਦੀ

### ਸੈਕਰਾਮੈਂਟੋ

ਕੁਲਦੀਪ ਸਿੰਘ ਅਟਵਾਲ (ਚੇਅਰਮੈਨ)
(209-769-4784)
ਜਗਜੀਤ ਸਿੰਘ ਕੰਦੋਲਾ (ਜਨਰਲ ਸੈਕਟਰੀ)
(916-968-0901)
ਸੁਰਜੀਤ ਸਿੰਘ ਅਟਵਾਲ (ਪ੍ਰਧਾਨ)
(209-628-2382)
ਜਰਨੈਲ ਸਿੰਘ ਮੰਡੇਰ (ਮੀਤ ਪ੍ਰਧਾਨ)
(916-698-4245)
ਸਤਬੀਰ ਸਿੰਘ ਬਾਜਵਾ (ਮੀਤ ਪ੍ਰਧਾਨ)
(916-616-7200)
ਹਰਪਾਲ ਸਿੰਘ ਮਾਨ (ਵਾਇਸ ਚੇਅਰਮੈਨ)
(916-798-8641)

## ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ’ਤੇ

# ਸਿੱਖ ਇਤਿਹਾਸ ਦੇ ‘ਫ਼ਖ਼ਰ-ਏ-ਕੌਮ’ ਯੋਧੇ



ਪ੍ਰੋ: ਐਚ.ਐਲ.ਕਪੂਰ
001- 916- 587-4002

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਸੁਪਤਨੀ ਮਾਤਾ ਜੀਤੋ ਜੀ ’ਜਿਹਨਾਂ ਦਾ ਦੂਸਰਾ ਨਾਮ ਮਾਤਾ ਸੁੰਦਰੀ ਜੀ ਵੀ ਸੀ) ਦੇ ਚਾਰ ਸਪੁੱਤਰ ਸਨ, ਜਿਨ੍ਹਾਂ ਦੇ ਕ੍ਰਮਵਾਰ ਨਾਮ ਹਨ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ। ਸਾਹਿਬਜ਼ਾਦਾ ਅਜੀਤ ਸਿੰਘ ਤੇ ਗੁਰੂ ਸਾਹਿਬ ਜੀ ਦੇ ਦੂਸਰੇ ਪੁੱਤਰਾਂ ਨੂੰ ਸਿਆਣਪ ਤੇ ਸਤਿਕਾਰ ਵਜੋਂ ’ਬਾਬਾ’ ਜੀ ਵੀ ਕਿਹਾ ਜਾਂਦਾ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ 11 ਫਰਵਰੀ, 1687 ਈਸਵੀ ਨੂੰ ਪਾਉਂਟਾ ਸਾਹਿਬ ਵਿਖੇ ਹੋਇਆ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸਪੁੱਤਰ ਸਨ। ਗੁਰੂ ਸਾਹਿਬ ਪਰਿਵਾਰ ਸਮੇਤ ਸ੍ਰੀ ਪਾਉਂਟਾ ਸਾਹਿਬ ਛੱਡ ਕੇ ਆਨੰਦਪੁਰ ਸਾਹਿਬ ਆ ਗਏ ਤੇ ਉਨ੍ਹਾਂ ਦੇ ਦੂਸਰੇ ਤਿੰਨਾਂ ਸਪੁੱਤਰਾਂ ਦਾ ਜਨਮ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਹੋਇਆ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਪਾਲਣ-ਪੋਸ਼ਣ ਆਨੰਦਪੁਰ ਸਾਹਿਬ ਵਿਖੇ ਹੀ ਸਿੱਖ ਮਰਿਆਦਾ ਅਨੁਸਾਰ ਹੋਇਆ। ਉਨ੍ਹਾਂ ਨੂੰ ਧਾਰਮਿਕ ਸਿੱਖਿਆ, ਸਿੱਖ ਦਾਰਸ਼ਨਿਕ ਸਿਧਾਂਤਾਂ, ਇਤਿਹਾਸ, ਯੁੱਧ ਕਲਾਵਾਂ ਜਿਵੇਂ ਘੋੜ ਸਵਾਰੀ, ਤਲਵਾਰ ਚਲਾਉਣਾ, ਗੱਤਕਾ ਤੇ ਤੀਰ ਅੰਦਾਜ਼ੀ ਦੀ ਸਿੱਖਿਆ ਦਿੱਤੀ ਗਈ। ‘ਖਾਲਸਾ ਪੰਥ’ ਦੀ ਅਪ੍ਰੈਲ 13, 1699 ਨੂੰ ਸਥਾਪਨਾ ਉਪਰੰਤ ਉਨ੍ਹਾਂ ਨੂੰ ਛੇਤੀ ਹੀ ਆਪਣੀ ਯੋਗਤਾ ਤੇ ਯੁੱਧ ਕਲਾ ਵਿਚ ਨਿਪੁੰਨਤਾ ਦਿਖਾਉਣ ਦਾ ਮੌਕਾ ਦਿੱਤਾ ਗਿਆ। ਪੋਠੋਹਾਰ (ਪੋਠੋਹਾਰ ਜੋ ਉੱਤਰ-ਪੂਰਬ ਪੰਜਾਬ ਵਿਚ ਸਥਿਤ ਹੈ) ਤੋਂ ਇਕ ਸਿੱਖ ਜੱਥਾ (ਸੰਗਤ) ਜੋ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵੱਲ ਆ ਰਿਹਾ ਸੀ ਨੂੰ, ਨੂਹ (ਪਿੰਡ) ਜੋ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਨਜ਼ਦੀਕ ਹੀ ਸਥਿਤ ਹੈ, ਵਿਖੇ ਮੁਸਲਮਾਨ ਰੰਗੜ ਕਬੀਲਿਆਂ ਨੇ ਲੁੱਟ ਲਿਆ। ਇਹ ਸਾਰੀ ਵਾਰਤਾ ਸਿੱਖ ਸੰਗਤ ਨੇ ਆਨੰਦਪੁਰ ਸਾਹਿਬ ਆ ਕੇ ਗੁਰੂ ਸਾਹਿਬ ਨੂੰ ਦੱਸੀ। ਗੁਰੂ ਸਾਹਿਬ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ, ਜੋ ਉਸ ਸਮੇਂ ਸਿਰਫ 12 ਸਾਲ ਦੇ ਹੀ ਸਨ, ਨੂੰ ਉਸ ਪਿੰਡ 100 ਸਿੰਘਾਂ ਦਾ ਜੱਥਾ ਦੇ ਕੇ ਭੇਜਿਆ ਤੇ ਉਥੇ ਪਹੁੰਚ ਕੇ ਐਨ ਮੌਕੇ ’ਤੇ 23 ਮਈ, 1699 ਨੂੰ ਉਨ੍ਹਾਂ ਰੰਗੜਾਂ ਨੂੰ ਫੜ ਕੇ ਸਜਾਅ ਦਿੱਤੀ ਤੇ ਲੁੱਟਿਆ ਗਿਆ ਸਾਰਾ ਸਮਾਨ ਪ੍ਰਾਪਤ ਕਰਕੇ ਸਿੱਖ ਜੱਥੇ ਨੂੰ ਦੇ ਦਿੱਤਾ।

ਉਸੇ ਸਾਲ ਹੀ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਨੂੰ ਇਕ ਹੋਰ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ। ਉਸ ਸਮੇਂ ਦੇ ਪਹਾੜੀ ਰਾਜੇ, ਜਿਨ੍ਹਾਂ ਨੂੰ ਮੁਗਲ ਰਾਜ ਦੀ ਲਾਹੌਰ ਤੇ ਸਰਹਿੰਦ ਵਿਖੇ ਸਥਿਤ ਫੌਜ ਦੀ, ਪੂਰੀ ਮਦਦ ਸੀ ਨਾਲ ਸ੍ਰੀ ਆਨੰਦਪੁਰ ਸਾਹਿਬ ’ਤੇ ਮਿਤੀ 29 ਅਗਸਤ, 1700 ਈਸਵੀ ਨੂੰ ਹਮਲਾ ਕਰ ਦਿੱਤਾ। ਮੁਗਲ ਫੌਜ ਨਾਲ ਤਾਰਾਗੜ੍ਹ ਕਿਲ੍ਹੇ ਦੀ ਰੱਖਿਆ ਕਰਦਿਆਂ ਬੜੀ ਜ਼ਬਰਦਸਤ ਟੱਕਰ ਹੋਈ। ਇਸ ਲੜਾਈ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨਾਲ ਬਹਾਦਰ ਸਿੱਖ, ਸਰਦਾਰ ਉਦੈ ਸਿੰਘ ਜੀ ਨੇ, ਇਕ ਸਹਾਇਕ ਵਜੋਂ, ਇਸ ਯੁੱਧ ਵਿਚ ਸਹਿਯੋਗ ਦਿੱਤਾ। ਨਿਰਮੋਹਗੜ੍ਹ, ਦੀ ਅਕਤੂਬਰ, 1700 ਦੀ ਲੜਾਈ ਵਿਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਮਾਰਚ 15, 1701 ਈਸਵੀ ਨੂੰ ਸਿੱਖ ਸੰਗਤ ਜੋ ਕਿ ਸਿਆਲਕੋਟ ਦੇ ਨੇੜੇ ਦਰਪ ਖੇਤਰ ਤੋਂ ਆ ਰਹੀ ਸੀ, ਨੂੰ ਰਸਤੇ ਵਿਚ ਹੀ ਗੁਜਰਾਂ ਤੇ ਰੰਗੜਾਂ ਨੇ ਲੁੱਟ ਲਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਇਨ੍ਹਾਂ ਨੂੰ ਸਬਕ ਸਿਖਾਉਣ ਲਈ ਫਿਰ ਅਗਵਾਈ ਕੀਤੀ।

ਮਾਰਚ, 1703 ਵਿਚ ਇਕ ਅਜਿਹੀ ਘਟਨਾ ਵਾਪਰੀ ਕਿ ਡੇਰਾਬੱਸੀ, ਜੋ ਹੁਸ਼ਿਆਰਪੁਰ ਦੇ ਨਜ਼ਦੀਕ ਹੀ ਹੈ ਵਿਖੇ, ਇਕ ਬ੍ਰਾਹਮਣ ਜਿਸ ਦਾ ਨਾਮ ਦੇਵਕੀ ਦਾਸ ਸੀ, ਉਸ ਦੀ ਪਤਨੀ ਨੂੰ ਉਥੇ ਦਾ ਚੌਧਰੀ ਜ਼ਾਬਰ ਖਾਨ ਧੱਕੇ ਨਾਲ ਉਠਾਅ ਕੇ ਲੈ ਗਿਆ ਤਾਂ ਉਸ ਬ੍ਰਾਹਮਣ ਨੇ ਇਹ ਸਾਰੀ ਘਟਨਾ ਗੁਰੂ ਜੀ ਨੂੰ ਦੱਸੀ ਤਾਂ ਗੁਰੂ ਸਾਹਿਬ ਜੀ ਨੇ ਅੱਗੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਭਾਈ ਉਦੈ ਸਿੰਘ ਜੀ ਨੂੰ ਕਾਰਵਾਈ ਕਰਕੇ ਉਸ ਚੌਧਰੀ ਪਾਸੋਂ ਗਰੀਬ ਬ੍ਰਾਹਮਣ ਦੀ ਪਤਨੀ ਨੂੰ ਛੁਡਵਾ ਕੇ ਲਿਆਉਣ ਲਈ ਕਿਹਾ। ਮਾਰਚ 7, 1703 ਈਸਵੀ ਵਾਲੇ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਜੀ ਨੇ ਡੇਰਾ ਬੱਸੀ ਕਲਾਂ ਨੂੰ ਕੋਈ ਇਕ ਸੌ ਸਿੰਘਾਂ ਦੇ ਜੱਥੇ ਨਾਲ ਘੇਰਾ ਪਾ ਲਿਆ ਤੇ ਜ਼ਾਬਰ ਖਾਨ ਨੂੰ ਉਸ ਗਰੀਬ ਬ੍ਰਾਹਮਣ ਦੀ ਉਠਾਈ ਗਈ ਪਤਨੀ ਨੂੰ ਵਾਪਸ ਮੋੜਨ ਲਈ ਸੁਨੇਹਾ ਭੇਜਿਆ। ਜ਼ਾਬਰ ਖਾਨ ਨੇ ਅਜਿਹਾ ਕਰਨ ਦੀ ਥਾਂ ਆਪਣੇ ਸਿਪਾਹੀਆਂ ਨੂੰ ਕਿਹਾ ਕਿ ਇਨ੍ਹਾਂ ਸਿੰਘਾਂ ਤੇ ਹਮਲਾ ਕਰ ਦਿੱਤਾ ਜਾਵੇ। ਉਥੇ ਜ਼ਾਬਰ ਖਾਨ ਦੇ ਸਿਪਾਹੀਆਂ ਤੇ ਸਿੰਘਾਂ ਵਿਚਕਾਰ ਜ਼ਬਰਦਸਤ ਲੜਾਈ ਹੋਈ, ਜਿਸ ਵਿਚ ਜ਼ਾਬਰ ਖਾਨ ਤੇ ਉਸ ਦੇ ਕਾਫੀ ਸਿਪਾਹੀ ਮਾਰੇ ਗਏ ਤੇ ਕਾਫੀ ਸਿੰਘ ਵੀ ਸ਼ਹੀਦ ਹੋ ਗਏ। ਉਸ ਗਰੀਬ ਬ੍ਰਾਹਮਣ ਦੀ ਪਤਨੀ ਨੂੰ, ਉਸ ਨੂੰ ਮੋੜ ਦਿੱਤਾ। ਜਦੋਂ ਇਸ ਘਟਨਾ ਦੀ ਖ਼ਬਰ ਆਮ ਲੋਕਾਂ ਵਿਚ ਪਹੁੰਚੀ ਤਾਂ ਉਨ੍ਹਾਂ ਨੇ ਇਸ ਕਾਰਵਾਈ ਦੀ ਬੜੀ ਪ੍ਰਸ਼ੰਸਾ ਕੀਤੀ।

27 ਸਤੰਬਰ 1691 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਜੀਤੋ ਜੀ ਦੀ ਕੁੱਖੋਂ ਦੂਸਰੇ ਸਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਜੁਝਾਰ ਸਿੰਘ ਰੱਖਿਆ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੋਂ ਚਾਰ ਸਾਲ ਛੋਟੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਲਈ, ਉਨ੍ਹਾਂ ਦੇ ਕੀਤੇ ਗਏ ਮਹਾਨ ਕੰਮਾਂ ਕਾਰਨ ਪ੍ਰੇਰਨਾ ਸਰੋਤ ਬਣੇ। ਆਨੰਦਪੁਰ ਸਾਹਿਬ ਤੇ ਉਸ ਦੇ ਗਿਰਦ ਪਹਾੜੀ ਖੇਤਰ ਵਿਚ ਕਾਫੀ ਝੜੱਪਾਂ ਤੇ ਕਾਰਵਾਈਆਂ ਹੋਈਆਂ। ਜਿਹਨਾਂ ਵਿਚ ਬਾਬਾ ਜੁਝਾਰ ਸਿੰਘ ਜੀ ਨੇ ਆਪਣੇ ਵੱਡੇ ਭਰਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਸਾਥ ਦਿੱਤਾ ਤੇ ਸਫਲਤਾ ਪ੍ਰਾਪਤ ਕੀਤੀ। ਜੋ ਵੀ ਗਰੀਬ ਜਾਂ ਕਮਜ਼ੋਰ ਆਦਮੀ ਗੁਰੂ ਜੀ ਪਾਸ ਆਉਂਦਾ ਉਸ ਦੀ ਉਹ ਮਦਦ ਕਰਦੇ ਤੇ ਗੁਰੂ ਜੀ ਨੂੰ ਵੀ ਉਨ੍ਹਾਂ ਦੀ ਮਦਦ ਤੇ ਇਨਸਾਫ ਦਿਵਾਉਣ ਲਈ ਆਖਦੇ। ਹਿਸੇ ਤਰ੍ਹਾਂ ਹੀ ਪੂਰੀ ‘ਗੁਰ ਮਰਿਯਾਦਾ’ ਅਨੁਸਾਰ ਉਨ੍ਹਾਂ ਨੂੰ ਵੀ ਆਪਦੇ ਵੱਡੇ ਵੀਰ ਦੀ ਤਰ੍ਹਾਂ ਸਿੱਖਿਆ ਦਿੱਤੀ ਗਈ। ’ਖਾਲਸਾ ਪੰਥ’ ਦੀ ਸਥਾਪਨਾ ਦੇ ਤੁਰੰਤ ਬਾਅਦ ਗੁਰੂ ਸਾਹਿਬ ਦੀ ਚੜ੍ਹਤ ਦੇਖ ਕੇ ਮੁਸਲਮਾਨ ਤੇ ਹਿੰਦੂ ਸਮਾਜ ਵਿਚ ਕਾਫੀ ਵਿਰੋਧਤਾ ਵੱਧ ਗਈ। ਗੁਰੂ ਸਾਹਿਬ ਜੀ ਦਾ ਮੁੱਖ ਉਦੇਸ਼ ਉਸ ਸਮੇਂ ਦੇ ਜ਼ਾਲਮ ਹਾਕਮਾਂ ਤੋਂ ਆਪਣੇ ਬਰਾਬਰੀ ਦੇ ਅਧਿਕਾਰ ਲੈਣ ਤੇ ਇਨ੍ਹਾਂ ਦੇ ਜ਼ੁਲਮਾਂ ਪ੍ਰਤੀ ਲੋਕਾਂ ਦੇ ਮਨਾਂ ’ਚੋਂ ਭੈਅ ਦੂਰ ਕਰਨਾ ਤੇ ਜ਼ੁਲਮ ਦਾ ਖਾਤਮਾ ਕਰਨਾ ਸੀ। ਗੁਰੂ ਸਾਹਿਬ ਦੀ ਉਦਾਰਤਾ ਦੇਖ ਕੇ ਕਾਫੀ ਗਿਣਤੀ ਵਿਚ ਹਿੰਦੂ ਅਤੇ ਮੁਸਲਮਾਨ, ਸਿੱਖ ਧਰਮ ਗ੍ਰਹਿਣ ਕਰਨ ਲੱਗ ਪਏ ਸਨ।

ਇਸੇ ਕਰਕੇ ਹੀ ਪਹਾੜੀ ਰਾਜੇ ਗੁਰੂ ਜੀ ਨਾਲ ਈਰਖਾ ਕਰਦੇ ਸਨ ਤੇ ਸਿੰਘਾਂ ਨਾਲ ਉਨ੍ਹਾਂ ਦੀਆਂ ਛੋਟੀਆਂ-ਮੋਟੀਆਂ ਝੜੱਫਾਂ ਵੀ ਚਲਦੀਆਂ ਰਹਿੰਦੀਆਂ ਸਨ। ਇਸ ਦੇ ਨਾਲ ਹੀ ਸਥਾਨਕ ਮੁਸਲਮਾਨ ਹਾਕਮ ਵੀ ਗੁਰੂ ਜੀ ਦੀ ਵਧਦੀ ਹੋਈ ਤਾਕਤ ਤੇ ਸਿੱਖ ਧਰਮ ਦੇ ਹੋ ਰਹੇ ਫੈਲਾਓ ਤੋਂ ਈਰਖਾ ਕਰਦੇ ਸਨ। ਦੋਵਾਂ ਫਿਰਕਿਆਂ ਦੇ ਲੋਕਾਂ ਨੇ ਮਿਲ ਕੇ ਔਰੰਗਜ਼ੇਬ ਪਾਸ ਦਿੱਲੀ ਜਾ ਕੇ ਸ਼ਿਕਾਇਤਾਂ ਵੀ ਕੀਤੀਆਂ ਤੇ ਪੰਜਾਬ ਦੀ ਸਾਰੀ ਸਥਿਤੀ ਦੱਸੀ ਕਿ ਅਗਰ ਸਿੱਖਾਂ ਦੀ ਤਾਕਤ ਇਸੇ ਤਰ੍ਹਾਂ ਵਧਦੀ ਗਈ ਤਾਂ ਇਕ ਦਿਨ ਉਹ ਦੋਵਾਂ ਫਿਰਕਿਆਂ ਤੇ ਦਿੱਲੀ ਦੇ ਤਖਤ ਲਈ ਖਤਰਾ ਬਣ ਸਕਦੇ ਹਨ।




ਇਸ ਤੋਂ ਬਾਅਦ ਦਿੱਲੀ ਦੀ ਹਕੂਮਤ, ਪੰਜਾਬ ਤੇ ਜੰਮੂ-ਕਸ਼ਮੀਰ ਦੇ ਸ਼ਾਸਕਾਂ ਨੇ ਪਹਾੜੀ ਰਾਜਿਆਂ ਦੀ ਮਦਦ ਨਾਲ ਮਿਲ ਕੇ, ਆਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ ਤਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਹੋਈ ਤਾਕਤ ਨੂੰ ਸਦਾ ਲਈ ਠੱਲ੍ਹ ਪਾਈ ਜਾ ਸਕੇ। ਮੁਗਲ ਫੌਜ ਤੇ ਸਥਾਨਕ ਰਾਜਿਆਂ ਦੀ ਫੌਜ ਨੇ 1705 ਈਸਵੀ ਵਿਚ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਉਸ ਸਮੇਂ ਵੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣਾ ਹੌਸਲਾ ਤੇ ਬਹਾਦਰੀ ਬਣਾਈ ਰੱਖੀ ਤੇ ਜ਼ਰਾ ਵੀ ਡੋਲੇ ਨਹੀਂ। ਆਨੰਦਪੁਰ ਸਾਹਿਬ ਨੂੰ ਕੋਈ ਸੱਤ ਮਹੀਨੇ ਦੇ ਕਰੀਬ ਮੁਗਲ ਫੌਜ ਨੇ ਘੇਰਾ ਪਾਈ ਰੱਖਿਆ ਤੇ ਰਾਸ਼ਨ-ਪਾਣੀ, ਦਵਾਈਆਂ ਤੇ ਲੋਕਾਂ ਦੀਆਂ ਹੋਰ ਜ਼ਰੂਰਤਾਂ ਲਈ, ਬਾਹਰੋਂ ਆਉਂਦੇ ਹੋਰ ਸਮਾਨ ਨੂੰ ਆਨੰਦਪੁਰ ਸਾਹਿਬ ਦੇ ਅੰਦਰ ਨਹੀਂ ਜਾਣ ਦਿੱਤਾ। ਇਸ ਸਮੇਂ ਸਿੰਘਾਂ ਤੇ ਆਮ ਜਨਤਾ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਆਨੰਦਪੁਰ ਸਾਹਿਬ ਦੀ ਨਾਕਾਬੰਦੀ ਕਰਨ ਨਾਲ ਗੁਰੂ ਸਾਹਿਬ ਤੇ ਮੁਗਲ ਫੌਜਾਂ ਵਿਚਕਾਰ ਟਕਰਾਅ ਦੀ ਸਥਿਤੀ ਬਣ ਗਈ। ਇਸ ਤਰ੍ਹਾਂ ਦੇ ਬਣੇ ਗਤੀਰੋਧ ਵਿਚ ਮੁਗਲ ਫੌਜ ਦੇ ਫੌਜਦਾਰਾਂ ਨੇ ਗੀਤਾ ਤੇ ਕੁਰਾਨ ਦੀਆਂ ਝੂਠੀਆਂ ਸੌਂਹਾਂ ਖਾਧੀਆਂ ਤੇ ਗੁਰੂ ਸਾਹਿਬ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਕਿਲ੍ਹਾ ਖਾਲੀ ਕਰ ਦੇਣ ਤਾਂ ਉਹਨਾਂ ’ਤੇ ਕੋਈ ਹਮਲਾ ਨਹੀਂ ਕੀਤਾ ਜਾਵੇਗਾ ਤੇ ਕਿਲ੍ਹੇ ਵਿਚ ਘਿਰੇ ਸਿੰਘਾਂ ਤੇ ਆਨੰਦਪੁਰ ਸਾਹਿਬ ਦੇ ਆਮ ਲੋਕਾਂ ਨੂੰ ਸੁਰੱਖਿਅਤ ਬਾਹਰ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਦੇ ‘ਪੰਥਕ ਸਿੰਘਾਂ’ ਨੇ ਵੀ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਕਿਲ੍ਹਾ ਖਾਲੀ ਕਰ ਦਿੱਤਾ ਜਾਵੇ, ਇਸ ਵਿਚ ਹੀ ਭਲਾਈ ਹੈ। ਗੁਰੂ ਜੀ ਮੰਨ ਗਏ।

ਦਸੰਬਰ 5 ਅਤੇ 6, 1705 ਦੀ ਰਾਤ ਨੂੰ ਕਿਲ੍ਹਾ ਖਾਲੀ ਕਰ ਦਿੱਤਾ ਗਿਆ। ਇਸ ਕਿਲ੍ਹੇ ਨੂੰ ਖਾਲੀ ਕਰਨ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਦਿੱਤੀ ਗਈ, ਜਿਉਂ ਹੀ ਕਿਲ੍ਹਾ ਖਾਲੀ ਕੀਤਾ ਗਿਆ ਤਾਂ ਕਿਲ੍ਹੇ ਨੂੰ ਘੇਰਾ ਪਾਉਣ ਵਾਲੇ ਸੈਨਿਕਾਂ ਨੇ ਆਪਣੀਆਂ ਖਾਧੀਆਂ ਹੋਈਆਂ ਕਸਮਾਂ ਨੂੰ ਤੋੜ ਦਿੱਤਾ ਤੇ ਸਿਰਸਾ ਨਦੀ ਤੇ ਪਹੁੰਚਣ ਤੋਂ ਪਹਿਲਾਂ ਹੀ, ਪਿੱਛੋਂ ਦੀ ਜਾਣ ਵਾਲੇ ਕਾਫਲਿਆਂ ’ਤੇ ਹਮਲਾ ਕਰ ਦਿੱਤਾ। ਇਸ ਤਰ੍ਹਾਂ ਅਚਾਨਕ ਹਮਲਾ ਕਰਨ ਨਾਲ ਸਿੰਘਾਂ ਵਿਚ ਹਫੜਾ-ਦਫੜੀ ਮੱਚ ਗਈ। ਸਾਹਿਬਜ਼ਾਦਾ ਅਜੀਤ ਸਿੰਘ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਸੈਨਾ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਉਨ੍ਹਾਂ ਨੂੰ ਗੁਰੂ ਸਾਹਿਬ ਵੱਲ ਵਧਣ ਤੋਂ ਰੋਕਦੇ ਰਹੇ।

ਇਸ ਸਮੇਂ ਦੌਰਾਨ ਹੀ ਗੁਰੂ ਜੀ ਸੁਰੱਖਿਅਤ ਹੋ ਕੇ ਸਿਰਸਾ ਨਦੀ ਪਾਰ ਕਰ ਗਏ। ਉਨ੍ਹਾਂ ਦਿਨਾਂ ਵਿਚ ਭਾਰੀ ਮੀਂਹ ਪੈਣ ਕਾਰਨ ਸਿਰਸਾ ਨਦੀ ਵਿਚ ਹੜ੍ਹ ਦੀ ਸਥਿਤੀ ਬਣੀ ਹੋਈ ਸੀ। ਪਹਾੜੀ ਇਲਾਕਾ ਹੋਣ ਕਰਕੇ ਨਦੀ ਦੇ ਪਾਣੀ ਦਾ ਵਹਾਅ ਵੀ ਬਹੁਤ ਤੇਜ਼ ਸੀ। ਇਸ ਨਦੀ ਨੂੰ ਪਾਰ ਕਰਦਿਆਂ, ਕਾਫੀ ਗਿਣਤੀ ਵਿਚ ਸਿੰਘ ਪਾਣੀ ਦੀ ਤੇਜ਼ ਗਤੀ ਨਾਲ ਨਦੀ ਵਿਚ ਰੁੜ੍ਹ ਗਏ ਤੇ ਆਪਣੀਆਂ ਜਾਨਾਂ ਗੁਆ ਬੈਠੇ। ਉਨ੍ਹਾਂ ਸਿੰਘਾਂ ਪਾਸ ਕਾਫੀ ਗਿਣਤੀ ਵਿਚ ਹਥਿਆਰ, ਗੋਲੀ-ਸਿੱਕਾ ਤੇ ਹੋਰ ਕੀਮਤੀ ਸਮਾਨ ਵੀ ਨਾਲ ਹੀ ਰੁੜ੍ਹ ਗਿਆ। ਇਨ੍ਹਾਂ ਰੁੜਨ ਵਾਲੀਆਂ ਅਨਮੋਲ ਵਸਤਾਂ ਵਿਚ ਗੁਰੂ ਸਾਹਿਬ ਦੇ ਦਰਬਾਰੀ ਲੇਖਕਾਂ ਦੀਆਂ ਰਚਨਾਵਾਂ ਦਾ ਸੰਗ੍ਰਹਿ ਕੀਤਾ ਗਿਆ ’ਗ੍ਰੰਥ’ ਜਿਸ ਦਾ ਨਾਂ ‘ਵਿਦਿਆ ਸਾਗਰ’ ਸੀ ਵੀ ਨਦੀ ਵਿਚ ਆਏ ਹੜ੍ਹ ਦੀ ਭੇਟਾ ਚੜ੍ਹ ਗਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌਂ ਮਣ ਦੇ ਕਰੀਬ ਸੀ। ਇਹ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਇਹਨਾਂ ਝੜੱਪਾਂ ਵਿਚ ਕਾਫੀ ਸਿੰਘ ਸ਼ਹੀਦ ਹੋਏ ਤੇ ਕਾਫੀ ਸਿੰਘ ਜ਼ਖਮੀ ਵੀ ਹੋ ਗਏ। ਸੁਰੱਖਿਅਤ ਨਦੀ ਪਾਰ ਕਰਨ ਵਾਲਿਆਂ ਵਿਚ ਗੁਰੂ ਸਾਹਿਬ, ਉਨ੍ਹਾਂ ਦੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਤੇ ਕੁਝ ਸਿੰਘ ਸਨ, ਬਾਕੀ ਪਰਿਵਾਰ ਸਿਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਜੀ ਨਾਲੋਂ ਵਿੱਛੜ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਤੇ ਕੁਝ ਹੋਰ ਸਿੰਘ ਝੜੱਪਾਂ ਲੈਂਦੇ ਰਹੇ ਤੇ ਸਿੰਘਾਂ ਨੂੰ ਨਦੀ ਪਾਰ ਕਰਾਉਣ ਵਿਚ ਮਦਦ ਕਰਦੇ ਰਹੇ। ਗੁਰੂ ਸਾਹਿਬ ਨਦੀ ਪਾਰ ਕਰਕੇ ਪਹਿਲਾਂ ਰੋਪੜ ਤੇ ਫਿਰ ਕੋਟਲਾ ਨਿਹੰਗਾਂ ਤੋਂ ਹੁੰਦੇ ਹੋਏ ਦਸੰਬਰ 6 ਅਤੇ 7, 1705 ਦੀ ਰਾਤ ਨੂੰ ਚਮਕੌਰ ਸਾਹਿਬ ਪਹੁੰਚ ਗਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਕੁਝ ਹੋਰ ਸਿੰਘ ਬਾਅਦ ਵਿਚ ਚਮਕੌਰ ਸਾਹਿਬ ਵਿਖੇ ਗੁਰੂ ਜੀ ਨਾਲ ਆ ਮਿਲੇ।

ਇੱਥੇ ਗੁਰੂ ਸਾਹਿਬ ਤੇ ਕੁਝ ਸਿੰਘਾਂ ਨੇ ਬੁੱਧੀ ਚੰਦ ‘ਰਾਵਤ’ ਦੀ ਗੜ੍ਹੀ ਵਿਚ ਥੋੜ੍ਹਾ ਸਮਾਂ ਆਰਾਮ ਹੀ ਕੀਤਾ ਸੀ ਤਾਂ ਸਰਹਿੰਦ ਤੇ ਮਲੇਰਕੋਟਲਾ ਤੋਂ ਸਰਕਾਰੀ ਅੰਕੜਿਆਂ ਮੁਤਾਬਕ ਕੋਈ 700 ਮੁਗਲ ਫੌਜ ਦੇ ਸਿਪਾਹੀ, ਉਥੇ ਪਹੁੰਚ ਗਏ ਤੇ ਗੜ੍ਹੀ ਨੂੰ ਬੜਾ ਜ਼ਬਰਦਸਤ ਘੇਰਾ ਪਾ ਲਿਆ। ਸਿੰਘ ਵੀ ਹਰਕਤ ਵਿਚ ਆ ਗਏ। ਉਸ ਸਮੇਂ ਗੁਰੂ ਸਾਹਿਬ ਜੀ ਨਾਲ ਸਿਰਫ ਗਿਣਤੀ ਤੇ 40 ਸਿੰਘ ਹੀ ਸਨ ਤੇ ਲੜਾਈ ਸ਼ੁਰੂ ਹੋ ਗਈ। ਭਾਵੇਂ ਇਹ ਮੁਕਾਬਲਾ ਬਹੁਗਿਣਤੀ ਮੁਗਲ ਫੌਜ ਨਾਲ ਅਸਾਵਾਂ ਸੀ, ਫਿਰ ਵੀ ਇੱਥੇ ਸਿੰਘਾਂ ਨੇ ਆਪਣੇ ਪਾਸ ਹੱਥਿਆਰਾਂ, ਗੋਲੀ ਸਿੱਕਾ ਤੇ ਸਿੰਘਾਂ ਦੀ ਘਾਟ ਹੋਣ ਕਾਰਨ ਵੀ ਆਪਣੀਆਂ ਤਲਵਾਰਾਂ ਤੇ ਨੇਜ਼ਿਆਂ ਨਾਲ ਪੰਜ-ਪੰਜ ਸਿੰਘਾਂ ਦੇ ਜੱਥੇ ਬਣਾ ਕੇ ਵਾਰੀ-ਵਾਰੀ ਡੱਟ ਕੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ ਤੇ ਦੁਸ਼ਮਣ ਦੇ ਸੈਂਕੜੇ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਲੜਾਈ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਵੀ ਪੰਜ ਸਿੰਘਾਂ ਦੀ ਅਗਵਾਈ ਕਰਦੇ ਹੋਏ ਅਨੇਕਾਂ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਇਸ ਲੜਾਈ ਵਿਚ ਉਨ੍ਹਾਂ ਦਾ ਘੋੜਾ ਜ਼ਖਮੀ ਹੋ ਕੇ ਜ਼ਮੀਨ ਤੇ ਡਿੱਗ ਪਿਆ ਤੇ ਜਿਉਂ ਹੀ ਸਾਹਿਬਜ਼ਾਦੇ ਦਾ ਧਿਆਨ ਆਪਣੇ ਡਿੱਗੇ ਹੋਏ ਘੋੜੇ ਵੱਲ ਗਿਆ ਤਾਂ ਪਿੱਛੋਂ ਇਕ ਮੁਗਲ ਸਿਪਾਹੀ ਨੇ ਉਨ੍ਹਾਂ ਤੇ ਨੇਜ਼ੇ ਨਾਲ ਹਮਲਾ ਕਰਦਿਆਂ ਹੋਇਆਂ, ਨੇਜ਼ਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਸਰੀਰ ਵਿਚ ਮਾਰ ਕੇ ਆਰ-ਪਾਰ ਕਰ ਦਿੱਤਾ ਤੇ ਹੋਰ ਸਿਪਾਹੀਆਂ ਨਾਲ ਘਿਰੇ ਸਾਹਿਬਜ਼ਾਦਾ ’ਤੇ ਕਈ ਵਾਰ ਕਰਕੇ ਬੜੇ ਕਰੂਰ ਤਰੀਕੇ ਨਾਲ 7 ਦਸੰਬਰ, 1705 ਈਸਵੀ ਨੂੰ ਸ਼ਹੀਦ ਕਰ ਦਿੱਤਾ।

ਗੁਰੂ ਸਾਹਿਬ ਇਹ ਸਾਰਾ ਦ੍ਰਿਸ਼ ਆਪਣੀਆਂ ਅੱਖਾਂ ਨਾਲ ਗੜ੍ਹੀ ਦੀ ਛੱਤ ਤੋਂ ਦੇਖ ਰਹੇ ਸਨ ਤੇ ਨਾਲ ਦੀ ਨਾਲ ਆਪਣੇ ਬਾਣਾਂ ਨਾਲ ਦੁਸ਼ਮਣ ਤੇ ਹਮਲਾ ਵੀ ਕਰ ਰਹੇ ਸਨ। ਉਨ੍ਹਾਂ ਦੇ ਛੋਟੇ ਪੁੱਤਰ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਗੁਰੂ ਜੀ ਨਾਲ ਗੜ੍ਹੀ ਤੋਂ ਲੜਾਈ ਦੇ ਦ੍ਰਿਸ਼ ਦੇਖ ਰਿਹਾ ਸੀ ਤੇ ਨਾਲੇ ਤੀਰਾਂ ਨਾਲ ਦੁਸ਼ਮਣ ਨੂੰ ਨਿਸ਼ਾਨਾ ਬਣਾ ਰਿਹਾ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਆਪਣੇ ਵੱਡੇ ਵੀਰ ਨੂੰ ਲੜਾਈ ਦੇ ਮੈਦਾਨ ਵਿਚ ਬੜੀ ਬਹਾਦਰੀ ਨਾਲ ਲੜਾਈ ਕਰਦਿਆਂ ਤੇ ਦੁਸ਼ਮਣ ਦੇ ਆਹੂ ਲਾਉਂਦਿਆਂ ਬੜੀ ਨੀਝ ਨਾਲ ਤੱਕਿਆ। ਉਨ੍ਹਾਂ ਦਾ ਮਨ ਵੀ ਹੁਣ ਲੜਾਈ ਦੇ ਮੈਦਾਨ ਵਿਚ ਜਾਣ ਲਈ ਉਤਾਵਲਾ ਹੋ ਰਿਹਾ ਸੀ ਕਿ ਮੈਂ ਵੀ ਆਪਣੇ ਵੀਰ ਦੀ ਤਰ੍ਹਾਂ ਲੜਾਈ ਦੇ ਜੌਹਰ ਦਿਖਾਉਂਦਿਆਂ ਹੀ ਸ਼ਹੀਦੀ ਪ੍ਰਾਪਤ ਕਰਾਂ। ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਂ ਵੀ ਲੜਾਈ ਦੇ ਮੈਦਾਨ ਵਿਚ ਦੁਸ਼ਮਣ ਨਾਲ ਲੋਹਾ ਲੈਣ ਲਈ, ਜਾਣਾ ਚਾਹੁੰਦਾ ਹਾਂ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਜਾਜ਼ਤ ਦਿੰਦਿਆਂ, ਲੜਾਈ ਦੇ ਮੈਦਾਨ ਵਿਚ ਜਾਣ ਲਈ ਆਪ ਤਿਆਰ ਕੀਤਾ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਪੰਜ ਸਿੰਘਾਂ ਦੀ ਅਗਵਾਈ ਕਰਦਿਆਂ, ਲੜਾਈ ਦੇ ਮੈਦਾਨ ਵਿਚ ਦਾਖਲ ਹੁੰਦਿਆਂ ਹੀ, ਜੈਕਾਰਾ ਮਾਰਿਆ ਤੇ ਦੁਸ਼ਮਣ ਨੂੰ ਲਲਕਾਰ ਕੇ ਉਸ ’ਤੇ ਟੁੱਟ ਪਿਆ। ਕਈ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਆਪਣੇ ਭਰਾ ਦੀ ਤਰ੍ਹਾਂ ਹੀ ਬਹਾਦਰੀ ਨਾਲ ਲੜਦਾ-ਲੜਦਾ ਦੁਸ਼ਮਣ ਨੂੰ ਕਰਾਰੇ ਹੱਥ ਦਿਖਾਉਂਦਾ ਹੋਇਆ, ਸ਼ਹੀਦੀ ਪ੍ਰਾਪਤ ਕਰ ਗਿਆ। ਚਮਕੌਰ ਸਾਹਿਬ ਦੀ ਲੜਾਈ ਵਿਚ ਪਹਿਲੇ ਪੰਜ ਪਿਆਰਿਆਂ ’ਚੋਂ ਜਿਨ੍ਹਾਂ ਨੇ ’ਪੰਥ ਖਾਲਸਾ’ ਦੀ ਸਥਾਪਨਾ ਵੇਲੇ ਆਪਣੇ ਸੀਸ ਅਰਪਣ ਕਰਨ ਦੀ ਗੁਰੂ ਜੀ ਨੂੰ ਇੱਛਾ ਜਤਾਈ ਸੀ, ਉਨ੍ਹਾਂ ’ਚੋਂ ਦੋ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਵੀ ਗੁਰੂ ਜੀ ਦੇ ਨਾਲ ਹੀ ਸਨ ਤੇ ਉਨ੍ਹਾਂ ਨੇ ਵੀ ਚਮਕੌਰ ਸਾਹਿਬ ਦੀ ਲੜਾਈ ਬੜੀ ਬਹਾਦਰੀ ਨਾਲ ਲੜੀ ਤੇ ਸ਼ਹੀਦ ਹੋ ਗਏ। ਇਸ ਤੋਂ ਇਲਾਵਾ ਭਾਈ ਮਾਨ ਸਿੰਘ ਤੇ ਕੁਝ ਹੋਰ ਸਿੰਘਾਂ ਨੇ ਵੀ ਚਮਕੌਰ ਸਾਹਿਬ ਦੀ ਲੜਾਈ ਵਿਚ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਸਾਹਿਬ ਦੇ ਦੋਵੇਂ ਸ਼ਹੀਦ ਹੋਏ ਬੇਟਿਆਂ ਦੀ ਉਸ ਸਮੇਂ ਉਮਰ 15 ਤੇ 16 ਸਾਲ ਸੀ।

ਗੁਰੂ ਸਾਹਿਬ ਜੀ ਦੇ ਇਹ ਦੋਵੇਂ ਸਾਹਿਬਜ਼ਾਦੇ ਦੁਨੀਆਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਸ਼ਹੀਦੀ ਪਾਉਣ ਵਾਲੇ ਇਕੱਲੇ ਯੋਧੇ ਹਨ, ਜਿਨ੍ਹਾਂ ਨੇ ਆਪਣੇ ਧਰਮ ਤੇ ਕੌਮ ਦੀ ਰਾਖੀ ਕਰਦਿਆਂ, ਸ਼ਹੀਦੀਆਂ ਪਾਈਆਂ ਹਨ ਤੇ ਇਕ ਮਿਸਾਲ ਕਾਇਮ ਕੀਤੀ ਹੈ। ਇਸ ਲਈ ਇਹਨਾਂ ਬਾਲ ਯੋਧਿਆਂ ਨੂੰ ਸਿੱਖ ਇਤਿਹਾਸ ਦੇ ’ਫ਼ਖ਼ਰ-ਏ-ਕੌਮ’ ਦੀ ਉਪਾਧੀ ਨਾਲ ਨਿਵਾਜਣ ਵਿਚ, ਕੋਈ ਅਤਿਕਥਨੀ ਨਹੀਂ ਹੋਵੇਗੀ।

ਗੁਰੂ ਸਾਹਿਬ ਨੇ ਆਪਣੇ ਪਿਆਰੇ ਪੁੱਤਰਾਂ ਨੂੰ ਆਪ ਤਿਆਰ ਕਰਕੇ ਲੜਾਈ ਦੇ ਮੈਦਾਨ ਵਿਚ ਭੇਜਿਆ ਤੇ ਉਨ੍ਹਾਂ ਦੀ ਸ਼ਹੀਦੀ ਆਪਣੀਆਂ ਅੱਖਾਂ ਨਾਲ ਦੇਖੀ ਤੇ ਉਹ ਰਤਾ ਵੀ ਡੋਲੇ ਨਹੀਂ ਤੇ ਸਗੋਂ ਇਹ ਆਖਿਆ ਕਿ ਉਹ ਆਪਣੇ ਇਮਤਿਹਾਨ ਵਿਚ ਪਾਸ ਹੋਏ ਹਨ ਤੇ ਸਾਰੀ ਕੌਮ ਹੀ ਮੇਰੇ ਧੀਆਂ-ਪੁੱਤਰ ਹਨ।

ਆਉਣ ਵਾਲੀਆਂ ਕੌਮਾਂ ਹਮੇਸ਼ਾ ਇਨ੍ਹਾਂ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਕੇ, ਧਰਮ ਦੀ ਰੱਖਿਆ ਲਈ, ਇਨਸਾਫ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਪ੍ਰੇਰਨਾ ਲੈਂਦੀਆਂ ਰਹਿਣਗੀਆਂ। ਜਦੋਂ ਵੀ ਕਦੀ ਸਿੱਖ ਧਰਮ ਦੀ ਆਨ ਤੇ ਸ਼ਾਨ ਨੂੰ ਖਤਰਾ ਹੋਵੇ, ਜ਼ੁਲਮ ਨੂੰ ਨਾ ਸਹਾਰਦੇ ਹੋਏ, ਹਮੇਸ਼ਾ ਕੁਰਬਾਨੀਆਂ ਦੇਣ ਲਈ ਤਿਆਰ ਰਹੋ ਤੇ ਪਿੱਛੇ ਨਾ ਹਟੋ, ਜਿਵੇਂ ਕਿ ਉਨ੍ਹਾਂ ਨੇ ਆਪਣੇ ਬੇਟਿਆਂ ਦੀ ਕੁਰਬਾਨੀ ਦੇ ਕੇ ਸੰਸਾਰ ਨੂੰ ਦੱਸ ਦਿੱਤਾ ਹੈ ਕਿ ਉਨ੍ਹਾਂ ਨੂੰ ਸਿਰਫ ਆਪਣੇ ਬੇਟਿਆਂ ਦੀ ਕੁਰਬਾਨੀ ਨਾਲੋਂ ਸਿੱਖ ਧਰਮ ਦੇ ਆਦਰਸ਼ਾਂ ਲਈ ਕੁਰਬਾਨ ਹੋਣਾ ਜ਼ਿਆਦਾ ਪਿਆਰਾ ਹੈ। ਸੰਸਾਰ ਦੇ ਲੋਕਾਂ ਨੂੰ ਇਹ ਸੰਦੇਸ਼ ਵੀ ਜਾਂਦਾ ਹੈ ਕਿ ਗੁਰੂ ਜੀ ਤੇ ਉਨ੍ਹਾਂ ਦੇ ਸਿੱਖ ਕਿੰਨੇ ਬਹਾਦਰ ਤੇ ਨਿੱਡਰ ਸਨ। ਉਹ ਆਪਣੀਆਂ ਜ਼ਿੰਦਗੀਆਂ ਨੂੰ ਇੰਨਾ ਪਿਆਰ ਨਹੀਂ ਕਰਦੇ, ਜਿੰਨਾ ਗੁਰੂ ਸਾਹਿਬ ਦੇ ਹੁਕਮਾਂ ਨੂੰ ਪਿਆਰ ਕਰਦੇ ਹਨ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਯਾਦ ਵਿਚ ਚੰਡੀਗੜ੍ਹ ਦੇ ਨਜ਼ਦੀਕ ਮੁਹਾਲੀ ਨੂੰ ਜ਼ਿਲ੍ਹੇ ਦਾ ਦਰਜਾ ਦੇ ਕੇ ਤੇ ਇਸ ਦਾ ਨਾਮ ਬਦਲ ਕੇ ’ਸਾਹਿਬਜ਼ਾਦਾ ਅਜੀਤ ਸਿੰਘ ਨਗਰ’ ਰੱਖ ਦਿੱਤਾ ਗਿਆ ਹੈ। ਚਮਕੌਰ ਸਾਹਿਬ ਵਿਖੇ ਹਰ ਸਾਲ ਉਨ੍ਹਾਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲਾ ਲੱਗਦਾ ਹੈ। ਚਮਕੌਰ ਸਾਹਿਬ ਦੀ ਇਤਿਹਾਸਕ ਮਹਾਨਤਾ ਬਾਰੇ ਇਕ ਸ਼ਾਇਰ ਇੰਝ ਲਿਖਦਾ ਹੈ:

“ਗਰ ਹਿੰਦ ਮੇਂ ਏਕ ਤੀਰਥ ਹੈ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੇਟੇ ਜਹਾਂ ਖ਼ੁਦਾ ਕੇ ਲੀਏ।’

# ਕੀ ਮਨੁੱਖ ਮਾਤਰ ਲਈ ਧਰਮ ਨੂੰ ਮੰਨਣਾ ਜ਼ਰੂਰੀ ਹੈ?



ਬਖ਼ਸ਼ੀ ਰਾਮ ਲੁਧਿਆਣਾ
91 94 632 68101

ਪਿਛਲੇ ਦਿਨੀਂ (12,13,14 ਨਵੰਬਰ 2016), ਇਕ ਪਰਾਈਵੇਟ ਪਾਵਰਫੁਲ ਭਰਪੂਰ ਪਰਚਲਿਤ ਮੀਡੀਆ ਉਤੇ ਵਿਦਵਾਨ ਮਿਤਰਾਂ ਦੇ ਇਕ ਗਰੁਪ ਵਿਚ ਸਵਾਲ ਉਠਿਆ ਸੀ ਕਿ ਕੀ ਵਿਅਕਤੀ ਨੂੰ ਸਾਵੀਂ ਪੱਧਰੀ ਜ਼ਿੰਦਗ਼ੀ ਜਿਉਣ ਲਈ ਧਰਮ ਦੀ ਓਟ ਲੈਣੀ ਜ਼ਰੂਰੀ ਹੈ? ਕੀ ਧਰਮ ਤੋਂ ਬਿਨਾਂ ਇਨਸਾਨ ਸਮਾਜ ਵਿਚ ਮਾਣ ਸਨਮਾਨ ਨਾਲ ਨਹੀਂ ਰਹਿ ਸਕਦਾ। ਧਰਮ ਧਾਰਣ ਵਿਅਕਤੀਆਂ ਨੂੰ ਕੀ ਕੋਈ ਵਿਸ਼ੇਸ਼ ਰਿਆਇਤਾਂ ਮਿਲਦੀਆਂ ਹਨ ਇਸ ਸਮਾਜ ਵਲੋਂ ਜਾਂ ਸਰਕਾਰ ਵਲੋਂ? ਪ੍ਰਸ਼ਨ ਬੜਾ ਮਹੱਤਵਪੂਰਨ ਸੀ ਪਰ ਮੈਨੂੰ ਅਫਸੋਸ ਹੀ ਹੈ ਕਿ ਇਕ ਦੋ ਤੋਂ ਸਿਵਾਇ ਕਿਸੇ ਵਲੋਂ ਵੀ ਇਸ ਪ੍ਰਸ਼ਨ ਦਾ ਉਤਰ ਦੇਣ ਵਿਚ ਰੁਚੀ ਨਹੀਂ ਦਿਖਾਈ। ਜਿਸ ਕਿਸੇ ਨੇ ਥੋੜੀ ਰੁਚੀ ਦਿਖਾਈ ਉਸ ਨੇ ਵੀ ਅੱਧਾ ਅਧੂਰਾ ਉਤਰ ਦੇ ਕੇ ਹੀ ਛੱਡ ਦਿੱਤਾ ਗਿਆ। ਮੈਂ ਅੱਜ ਦੇ ਸੰਧਰਬ ਵਿਚ ਇਸ ਦੇ ਮਹੱਤਵ ਨੂੰ ਬਾਖੂਬੀ ਸਮਝਦਾ ਹਾਂ ਤੇ ਕੁਝ ਲਿਖਣ ਲਈ ਲੇਖਣੀ ਉਠਾਈ ਹੈ। ਮੇਰਾ ਮੰਨਣਾ ਹੈ ਕਿ ਸਾਵੀਂ ਪੱਧਰੀ ਇਨਸਾਨੀ ਜ਼ਿੰਦਗ਼ੀ ਜਿਉਣ ਲਈ ਕਿਸੇ ਵੀ ਵਿਅਕਤੀ ਨੂੰ ਧਰਮ ਦੀਆਂ ਫਹੁੜੀਆਂ ਕੱਛਾਂ ਵਿਚ ਲੈਣ ਦੀ ਲੋੜ ਨਹੀਂ। ਈਸਾ ਪੂਰਬ ਤੋਂ 5000 ਸਾਲ ਤੋਂ 3000 ਸਾਲ ਤੱਕ ਸਾਡੇ ਵੱਡੇ ਵਡੇਰੇ ਸਾਡੇ ਪੂਰਵਜ ਜਾਂ ਪੁਰਖੇ ਉਤਰ ਪੱਛਮ ਤੋਂ ਲੈ ਕੇ ਧੁਰ ਪੂਰਬ ਤੱਕ ਫੈਲੇ ਹੋਏ ਜੰਬੂ ਦੀਪ ਜਾਂ ਸਪਤ ਸਿੰਧੂ ਨਾਂ ਦੇ ਇਸ ਵਿਸ਼ਾਲ ਇਲਾਕੇ ਉਤੇ ਅਨੰਤ ਪ੍ਰਾਚੀਨ ਕਾਲ ਤੋਂ, ਪਤਾ ਨਹੀਂ ਕਦੋਂ ਤੋਂ, ਨਾਗਵੰਸ਼ੀ ਦਰਾਵਿੜ ਕੌਮ ਦੇ ਨਾ ਹੇਠ ਰਹਿੰਦੇ ਆ ਰਹੇ ਸਨ। ਅੱਤ ਦੀ ਸ਼ਾਂਤ ਤੇ ਪਿਆਰੀ ਕੌਮ ਮੰਨੀਂ ਜਾਂਦੀ ਰਹੀ ਹੈ ਇਹ। ਇਹ ਨਿਡਰ ਕਿਸਮ ਦੇ ਲੋਕ ਰੱਜ ਕੇ ਈਮਾਨਦਾਰ, ਮਿਹਨਤੀ ਸੱਚ ਬੋਲਣ ਵਾਲੇ ਉਚ ਚਰਿਤਰ ਧਾਰਨੀ ਲੋਕ ਸਨ। ਇਨ੍ਹਾਂ ਵਿਚ ਕੋਈ ਧਰਮ ਪਰਚੱਲਤ ਹੋਇਆ ਹੋਵੇ ਉਸ ਦੀ ਬਾਬਤ ਹਾਲੇ ਤੱਕ ਕੋਈ ਪਰਮਾਣ ਨਹੀ ਮਿਲੇ ਹਨ। ਇਹ ਲੋਕ ਚੰਦ ,ਸੂਰਜ,ਹਵਾ ਪਾਣੀ ਅੱਗ,ਧਰਤੀ ਮਾਤਾ ਆਦਿ ਕੁਦਰਤੀ ਤਾਕਤਾਂ ਦੀ ਪੂਜਾ ਕਰਦੇ ਦੱਸੇ ਜਾਂਦੇ ਰਹੇ ਹਨ।ਉਸ ਸਮੇਂ ਇਸ ਦੇਸ਼ ਨੂੰ ਜੰਬੂ ਦੀਪ, ਸਿੰਧੂ ਦੇਸ਼,ਸਪਤ ਸਿੰਧੂ ਭਾਰਤ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ।

ਲਗ ਭਗ ਈਸਾ ਪੂਰਬ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਤੱਕ ਇਹ ਬੜੀ ਸੁਖ ਸ਼ਾਂਤੀ ਨਾਲ ਰਹਿੰਦੇ ਰਹੇ ਜਦ ਕਿ ਇਸ ਸਮੇਂ ਵਿਚ ਇਸ ਵਿਸ਼ਾਲ ਇਲਾਕੇ ਉਤੇ ਵਿਦੇਸ਼ੀ ਧਾੜਵੀਆਂ ਦੇ ਹਮਲੇ ਹੋਣੇ ਸ਼ੁਰੂ ਹੋਏ। ਇਹ ਮੱਧ ਏਸ਼ੀਆ, ਅੱਜ ਦੇ ਈਰਾਨ ਆਦਿ ਮੁਲਕਾਂ ਵਲੋਂ ਆਏ ਹੋਏ ਲੋਕ ਆਰੀਆ ਕੌਮ ਕਹਾਉਂਦੇ ਸਨ।ਬੜੇ ਚਲਾਕ, ਲੜਾਕੇ, ਝਗੜਾਲੂ ਕਿਸਮ ਦੇ ਇਹ ਲੋਕ ਸ਼ਾਂਤੀ ਨਾਲ ਇਥੋਂ ਦੇ ਬਾਸ਼ਿੰਦਿਆਂ ਨਾਲ ਰਲਗੱਡ, ਇਕ ਮਿਕ ਹੋ ਕੇ ਰਹਿਣਾ ਪਸੰਦ ਨਹੀਂ ਕੀਤਾ। ਬਲਕਿ ਹਰ ਕੰਮ ਆਪਣੀ ਧੌਂਸ ਨਾਲ ਕਰਨਾ ਚਾਹੁੰਦੇ ਸਨ। ਠੱਗੀ, ਧੋਖੇਬਾਜ਼ੀ, ਧੱਕੇ ਖੋਰੀ, ਲੁੱਟ ਖਸੁਟ ਲੜਾਈ ਝਗੜਾ, ਕਤਲੋ ਗ਼ਾਰਤ, ਵਿਭਚਾਰੀ ਇਨ੍ਹਾਂ ਦੇ ਚਰਿਤਰ ਦਾ ਆਮ ਹਿੱਸਾ ਸਨ। ਗੱਲ ਕੀ ਕਿ ਮੂਲ ਨਿਵਾਸੀਆਂ ਦੀ ਜ਼ਿੰਦਗ਼ੀ ਵਿਚ ਇਨ੍ਹਾਂ ਨੇ ਇਕ ਤਰ੍ਹਾਂ ਨਾਲ ਕੁਹਰਾਮ ਹੀ ਮਚਾ ਦਿੱਤਾ। ਮੂਲ ਨਿਵਾਸੀਆਂ ਵਿਚੋਂ ਵਿਦਵਾਨ ਬਹਾਦਰ ਲੋਕਾਂ ਦਾ ਚੁਣ ਚੁਣ ਕੇ ਧੋਖੇ, ਠੱਗੀਆਂ ਚਲਾਕੀਆਂ ਨਾਲ ਕਤਲ ਕਰਨਾ, ਵਿਦਿਅਕ ਸੰਸਥਾਵਾਂ, ਲਾਇਬਰੇਰੀਆਂ ਤੇ ਉਚ ਕੋਟੀ ਗਿਆਨ ਭਰਪੂਰ ਪੁਸਤਕਾਂ ਦਾ ਨਾਸ਼ ਕਰਨਾ ਇਨ੍ਹਾਂ ਦੇ ਉਦੇਸ਼ ਦਾ ਹਿੱਸਾ ਸਨ। ਇਹ ਕੰਮ ਸਦੀਆਂ ਚਲਦਾ ਰਿਹਾ ਤੇ ਇਕ ਸਮਾਂ ਆਇਆ ਜਦ ਇਨ੍ਹਾਂ ਨੇ ਮੂਲ ਨਿਵਾਸੀਆਂ ਨੂੰ ਨਿਹੱਥੇ, ਲਾਚਾਰ ਤੇ ਬੇ-ਬੱਸ ਕਰ ਕੇ ਆਪਣੇ ਅਧੀਨ ਕਰ ਲਿਆ ਤੇ ਇਨ੍ਹਾਂ ਨਾਲ ਦਾਸਾਂ ਵਾਲਾ ਸਲੂਕ ਕਰਨ ਲੱਗੇ।

ਇਹ ਹੀ ਸਮਾਂ ਸੀ ਜਦ ਇਨ੍ਹਾਂ ਨੇ ਵੇਦਾਂ, ਪੁਰਾਣਾਂ, ਸਿਮਰਤੀਆਂ ਤੇ ਹੋਰ ਹਿੰਦੂ ਮਹੱਤਵ ਪੂਰਣ ਗਰੰਥਾਂ ਦੀ ਰਚਨਾ ਕੀਤੀ।ਆਪਣੇ ਧਰਮ ਨੂੰ ਇਹ ਵੈਦਕ ਧਰਮ ਤੇ ਦੇਸ਼ ਨੂੰ ਆਰੀਆ ਵਰਤ ਕਹਿਣ ਲੱਗੇ। ਇਹੀ ਵੈਦਿਕ ਧਰਮ ਅੱਗੇ ਜਾ ਕੇ ਹਿੰਦੂ ਧਰਮ ਵਿਚ ਪਰਿਵਰਤਿਤ ਹੋ ਜਾਂਦਾ ਹੈ। ਇਹ ਵੀ ਇਕ ਅਲੱਗ ਕਹਾਣੀ ਹੈ।

ਚਾਰੇ ਵਰਣ ਵੀ ਇਸੇ ਸਮੇਂ ਵਿਚ ਇਨ੍ਹਾਂ ਵਲੋਂ ਸਿਰਜੇ ਗਏ। ਸਭ ਤੋਂ ਉਪਰ ਆਰੀਆ ਲੋਕ ਜੋ ਬਾਹਰੋਂ ਆਏ ਸਨ ਉਹ ਬਿਠਾ ਦਿਤੇ ਗਏ ਤੇ ਇਨ੍ਹਾਂ ਦਾ ਕੰਮ , ਪੜ੍ਹਨਾ ਪੜ੍ਹਾਉਣਾ, ਪੂਜਾ ਪਾਠ ਕਰਨਾ ਸੀ। ਸਭ ਤੋਂ ਸ੍ਰੇਸ਼ਟ ਇਨ੍ਹਾਂ ਨੂੰ ਮੰਨਿਆਂ ਗਿਆ।ਦੂਜੇ ਦਰਜੇ ਤੇ ਕਸ਼ੱਤਰੀ ਲੋਕ ਰਖੇ ਗਏ। ਇਹ ਉਹ ਭਾਰਤੀ ਸਨ ਜੋ ਇਨ੍ਹਾਂ ਆਰੀਆ ਲੋਕਾਂ ਦਾ ਪਹਿਲਾ ਹੀ ਥਪੇੜਾ ਨਾ ਸਹਿ ਸਕੇ ਅਤੇ ਝੱਟ ਹੀ ਉਨ੍ਹਾਂ ਦੇ ਚਰਨਾਂ ਤੇ ਢਹਿ ਪਏ। ਉਨ੍ਹਾਂ ਨੂੰ ਰਾਜ ਭਾਗ ਸਾਂਭਣ ਤੇ ਮੁਲਕ ਦੀ ਰੱਖਿਆ ਦਾ ਮਹੱਤਵ ਪੂਰਨ ਤੇ ਇਜ਼ਤਦਾਰ ਕੰਮ ਸੌਂਪਿਆ ਗਿਆ। ਤੀਜੇ ਦਰਜੇ ਵਿਚ ਰੱਖੇ ਗਏ ਲੋਕਾਂ ਨੂੰ ਵੈਸ਼ ਕਿਹਾ ਗਿਆ ਜੋ ਕਿ ਆਰੀਆ ਹਮਲਾਵਰਾਂ ਸਾਹਮਣੇ ਥੋੜ੍ਹਾ ਬਹੁਤਾ ਅੜੇ। ਇਨ੍ਹਾਂ ਨੂੰ ਵਪਾਰ ਵਣਜ ਕਰਨ ਦਾ ਕੰਮ ਦਿੱਤਾ ਗਿਆ।ਚੌਥੇ ਦਰਜੇ ਵਿਚ ਉਹ ਮੂਲ ਭਾਰਤੀ ਲੋਕ ਰੱਖੇ ਗਏ ਜੋ ਬਾਹਰੋਂ ਆਏ ਹਮਲਾਵਰਾਂ ਅੱਗੇ ਬਿਲਕੁਲ ਹੀ ਝੁਕੇ ਨਹੀਂ ਬਲਕਿ ਹਰ ਥਾਂ ਡਟ ਕੇ ਮੁਕਾਬਲਾ ਕੀਤਾ। ਇਨ੍ਹਾਂ ਨੇ ਕਦੇ ਹਮਲਾਵਰ ਆਰੀਆ ਅੱਗੇ ਸਮਰਪਣ ਨਾ ਕੀਤਾ । ਇਸ ਲਈ ਇਨ੍ਹਾਂ ਨੂੰ ਆਰੀਆ ਲੋਕਾਂ ਨੇ ਅਬਾਦੀਆਂ ਤੋਂ ਦੂਰ ਪਿੰਡਾਂ ਤੋਂ ਦੂਰ ਕੱਢ ਦਿੱਤਾ। ਇਨ੍ਹਾਂ ਦੇ ਜੀਵਨ ਵਿਚ ਹਰ ਤਰ੍ਹਾਂ ਦੀਆਂ ਪਾਬੰਦੀਆਂ ਲਾ ਕੇ ਇਨ੍ਹਾਂ ਦਾ ਜਿਉਣਾ ਇਕ ਤਰ੍ਹਾਂ ਅਸੰਭਵ ਹੀ ਕਰ ਦਿੱਤਾ। ਇਹ ਲੋਕ ਸ਼ੂਦਰ ਕਹਾਏ। ਦੁਨੀਆਂ ਭਰ ਦੇ ਨਖਿਧ ਕੰਮ ਇਨ੍ਹਾਂ ਦੇ ਜ਼ਿੰਮੇ ਲਾਏ ਗਏ । ਪਿੰਡਾਂ ਵਿਚ ਇਨ੍ਹਾਂ ਦਾ ਆਉਣਾ ਬੰਦ ਕਰ ਦਿਤ ਗਿਆ। ਇਹ ਚੰਗੇ ਵਸਤਰ ਨਹੀਂ ਪਹਿਨ ਸਕਦੇ ਸਨ, ਚੰਗਾ ਖਾ ਨਹੀ ਸਕਦੇ ਸਨ, ਚੰਗੇ ਘਰਾਂ ਵਿਚ ਰਹਿ ਨਹੀਂ ਸਕਦੇ ਸਨ।ਇਨ੍ਹਾਂ ਦੇ ਪੜ੍ਹਨ ਤੇ ਸੰਪੂਰਨ ਪਾਬੰਦੀ ਸੀ। ਇਸ ਤਰ੍ਹਾਂ ਆਰੀਆ ਨੇ ਇਨ੍ਹਾਂ ਦੀ ਜ਼ਿੰਦਗ਼ੀ ਨੂੰ ਹਰ ਤਰ੍ਹਾਂ ਦੀਆਂ ਪਾਬੰਦੀਆਂ ਨਾਲ ਭਰ ਕੇ ਨਰਕ ਬਣਾ ਦਿੱਤਾ ਗਿਆ। ਅੱਜ ਤੋਂ ਛੱਬੀ ਕੁ ਸੌ ਸਾਲ ਪਹਿਲਾਂ ਭਗਵਾਨ ਬੁੱਧ ਦਾ ਆਗਮਨ ਹੋਇਆ। ਉਹ ਇਕ ਰਾਜੇ ਦੇ ਘਰ ਜਨਮੇ ਸਨ। ਲੋਕਾਂ ਦੀਆਂ ਦੁਖ ਤਕਲੀਫਾਂ ਨੂੰ ਨੇੜਿਓਂ ਹੋ ਕੇ ਦੇਖਿਆ। ਜਦ ਵੀ ਕਦੇ ਕਿਸੇ ਨੂੰ ਦੁਖ ਤਕਲੀਫ ਵਿਚ ਦੇਖਦੇ ਤਾਂ ਬਹੁਤ ਦੁਖੀ ਹੁੰਦੇ। ਉਨ੍ਹਾਂ ਲਈ ਇਨਸਾਨ ਜਾਂ ਜਾਨਵਰ ਇਕੋ ਹੀ ਚੀਜ਼ ਸਨ। ਮੌਕਾ ਮਿਲਿਆ ਤਾਂ ਰਾਜ ਭਾਗ ਦੇ ਸਾਰੇ ਠਾਠ ਬਾਠ ਤਿਆਗ ਕੇ ਜ਼ਿੰਦਗੀ ਦਾ ਅਸਲੀ ਸੱਚ ਲੱਭਣ ਤੁਰ ਪਏ ,ਜਿਸ ਵਿਚ ਉਹ ਭਰਪੂਰ ਸਫਲ ਹੋਏ। ਪਹਿਲੇ ਪੰਜ ਸੇਵਕ ਜੋ ਉਸ ਸਮੇਂ ਕਹੇ ਜਾਂਦੇ ਸ਼ੂਦਰ ਵਰਣ ਵਿਚੋਂ ਦੱਸੇ ਜਾਂਦੇ ਹਨ ਤੋਂ ਵਧਦੇ ਹੋਏ ਸਾਰੀ ਹੀ ਲੋਕਾਈ ਨੂੰ ਆਪਣੇ ਨਵੇਂ ਪੈਦਾ ਹੋਏ ਮਾਰਗ ਤੇ ਲਿਆਂਦਾ ਜੋ ਕਿ ਅੱਗੇ ਚੱਲ ਕ ਬੁੱਧ ਧੰਮ ਕਹਾਇਆ। ਪੂਰੇ ਦਾ ਪੂਰਾ ਮੌਰੀਆ ਖਾਨਦਾਨ ਤੇ ਉਸ ਸਮੇਂ ਦੀ ਪਰਜਾ ਬੋਧੀ ਕਹਾਉਣ ਲੱਗ ਪਏ। ਇਸ ਕੁਦਰਤੀ ਮਾਨਵਵਾਦੀ ਕਲਿਆਣਕਾਰੀ ਧਰਮ ਨੇ ਖੂਬ ਤਰੱਕੀ ਕੀਤੀ। ਲਗਭਗ ਉਸ ਸਮੇਂ ਦੁਨੀਆਂ ਭਰ ਦੀ ਸਾਰੀ ਹੀ ਲੋਕਾਈ ਇਸ ਧਰਮ ਨੂੰ ਗ੍ਰਹਿਣ ਕਰ ਗਈ ਕਿਉਂਕਿ ਇਸ ਦੀਆਂ ਸਾਰੀਆਂ ਦੀਆਂ ਸਾਰੀਆਂ ਸਿਖਿਆਂਵਾਂ ਕੁਦਰਤੀ, ਮਾਨਵਤਾ ਵਾਦੀ ਤੇ ਸ਼ਾਂਤੀ ਪਿਆਰੀਆਂ ਸਨ ਤੇ ਇਨ੍ਹਾਂ ਨੂੰ ਮੰਨਣ ਲਈ ਕਿਸੇ ਕਸ਼ਟਦਾਇਕ ਅਮਲ ਵਿਚ ਦੀ ਲੰਘਣਾ ਨਹੀਂ ਪੈਂਦਾ ਸੀ।

ਸਮਰਾਟ ਅਸ਼ੋਕ ਮਹਾਨ ਦੇ ਸਮੇਂ ਇਹ ਧਰਮ ਆਪਣੀਆਂ ਸਿਖ਼ਰਾਂ ਤੇ, ਜੋਬਨ ਤੇ ਪੂਰੇ ਜਾਹੋ ਜਲਾਲ ਤੇ ਸੀ।ਮੇਰੀ ਜਾਚੇ ਤਥਾਗਤ ਵਲੋਂ ਇਸ ਨੂੰ ਆਪ ਕਦੇ ਵੀ ਬੁਧ ਧੰਮ ਜਾਂ ਧਰਮ ਦਾ ਨਾਮ ਨਹੀਂ ਦਿੱਤਾ ਗਿਆ ਸੀ ।ਇਹ ਨਾਮ ਮਗਰੋਂ , ਉਨ੍ਹਾਂ ਦਾ ਸੰਸਾਰ ਛੱਡਣ ਤੋਂ ਬਾਅਦ ਉਨ੍ਹਾਂ ਦੇ ਸੇਵਕਾਂ ਵਲੋਂ ਪਰਚਾਰਿਆ ਜਾਣ ਲੱਗਾ।ਇਸੇ ਤਰ੍ਹਾਂ ਈਸਾਈ ਜਾਂ ਇਸਲਾਮ ਧਰਮ ਦੇ ਬਾਨੀਆਂ ਨੇ ਵੀ ਕਦੇ ਇਨ੍ਹਾਂ ਧਰਮਾਂ ਦਾ ਆਪ ਨਾਮ ਰਖਿਆ ਗਿਆ ਹੋਵੇ ਜਾਂ ਪਰਚੱਲਤ ਕੀਤਾ ਗਿਆ ਹੋਵੇ ਮੇਰੇ ਪੜ੍ਹਨ ਵਿਚ ਨਹੀਂ ਆਇਆ। ਹੁਣ ਗੱਲ ਕਰਦੇ ਹਾਂ ਸਿੱਖ ਧਰਮ ਦੀ ਜਿਹੜਾ ਅੱਜ ਦਾ ਆਧੁਨਿਕ ਤੇ ਇਨਕਲਾਬੀ ਧਰਮ ਹੈ।ਇਸ ਦੀ ਵਿਚਾਰਧਾਰਕ ਨੀਂਹ ਤਾਂ ਸੰਤ ਸਤਿਗੁਰੂ ਨਾਮਦੇਵ ਜੀ ਵਲੋਂ ਹੀ ਰੱਖ ਦਿੱਤੀ ਗਈ ਸੀ।ਇਹੀ ਵਿਚਾਰਧਾਰਾ ਸੰਤ ਸਤਿਗੁਰੂ ਕਬੀਰ ਰਵਿਦਾਸ ਜੀ ਵਲੋਂ ਹੁੰਦੀ ਹੋਈ ਗੁਰੂ ਨਾਨਕ ਦੇਵ ਜੀ ਤੱਕ ਪੁੱਜੀ ਜਿਨ੍ਹਾਂ ਨੂੰ ਸਿੱਖ ਧਰਮ ਦੇ ਬਾਨੀ ਮੰਨਿਆਂ ਜਾਂਦਾ ਹੈ।ਪਰ ਯਾਦ ਰਹੇ ਕਿ 'ਸਿੱਖ' ਸ਼ਬਦ ਜਦ ਕਦੇ ਵੀ ਗੁਰੂ ਬਾਣੀ ਵਿਚ ਆਇਆ ਤਾਂ ਇਸ ਨੂੰ ਕਦੇ ਵੀ ਸਿੱਖ ਧਰਮ ਵਾਸਤੇ ਨਹੀਂ ਵਰਤਿਆ ਗਿਆ।ਇਹ ਹਮੇਸ਼ਾ ਸ਼ਗਿਰਦ,ਸੇਵਕ ਦੇ ਅਰਥਾਂ ਵਿਚ ਹੀ ਆਇਆ ਸਿੱਖ ਧਰਮ ਵਾਸਤੇ ਹਰਗਿਜ਼ ਵੀ ਨਹੀਂ। ਸੰਤ ਗੁਰੂ ਨਾਮ ਦੇਵ ਜੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਦਿਲ ਵਿਚ ਕਦੇ ਵੀ ਇਸ ਨੂੰ ਇਕ ਵੱਖਰੇ ਧਰਮ ਦੇ ਤੌਰ ਤੇ ਤੋਰਨ ਦਾ ਵਿਚਾਰ ਕਦੇ ਵੀ ਨਹੀਂ ਆਇਆ ਹੋਵੇਗਾ।ਇਹ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੀ ਗੱਲ ਹੈ ਕਿ ਉਨ੍ਹਾਂ ਦੇ ਸੇਵਕਾਂ ਨੇ ਇਸ ਵਿਚਾਰਧਾਰਾ ਨੂੰ ਸਿੱਖ ਵਿਚਾਰਧਾਰਾ ਵਿਚ ਬਦਲ ਕੇ ਇਸ ਦਾ ਨਾਮ ਹੀ ਸਿਖ ਧਰਮ ਕਰ ਦਿਤਾ ਜੋ ਕਿ ਅੱਗੇ ਚੱਲ ਕੇ ਸੰਸਾਰ ਪ੍ਰਸਿੱਧ ਤਾਕਤਵਰ ਧਰਮ ਬਣ ਗਿਆ ਭਾਵੇਂ ਕਿ ਇਸ ਦੇ ਅਨੁਯਾਈਆਂ ਦੀ ਗਿਣਤੀ ਦੂਸਰੇ ਧਰਮਾਂ ਦੇ ਮੁਕਾਬਲੇ ਬਹੁਤ ਥੋੜੀ ਹੈ।

ਇਥੇ ਮੈਂ ਇਕ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਕਿਸੇ ਧਰਮ ਦੇ ਮੰਨੇ ਜਾਂਦੇ ਸੰਸਥਾਪਕ ਜਾਂ ਬਾਨੀ ਵਲੋਂ ਉਸ ਤਰ੍ਹਾਂ ਨਾਲ ਆਪਣੇ ਧਰਮ ਦੀ ਸਥਾਪਨਾ ਕਦੇ ਵੀ ਐਲਾਣੀਆਂ ਨਹੀਂ ਕੀਤੀ ਜਿਸ ਤਰ੍ਹਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਵਲੋਂ ਪੰਜਾਬ ਦੇ ਦੁਆਬੇ ਦੇ ਇਲਾਕੇ ਵਿਚ ਆਦਿ ਧਰਮ ਲਹਿਰ ਚਲਾ ਕੇ ਇਸ ਨੂੰ ਦਲਿਤਾਂ ਵਾਸਤੇ ਅੰਗਰੇਜ਼ ਸਰਕਾਰ ਵਲੋਂ ਇਸ ਲਹਿਰ ਨੂੰ 'ਆਦਿ ਧਰਮ' ਦੇ ਤੌਰ ਤੇ ਮੰਨਵਾ ਲਿਆ ਸੀ ਜਾਂ ਡੇਰਾ ਸੱਚ ਖੰਡ ਬੱਲਾਂ ਵਲੋਂ ਸਿੱਖ ਧਰਮ ਨਾਲ ਵਿਰੋਧ ਪੈਦਾ ਹੋਣ ਤੇ ਚਮਾਰ ਜਾਤੀ ਵਾਸਤੇ 'ਰਵਿਦਾਸੀਆਂ ਧਰਮ' ਦੀ ਇਕ ਵੱਖਰੇ ਧਰਮ ਦੇ ਤੌਰ ਤੇ ਸਥਾਪਨਾ ਕਰ ਦਿੱਤੀ ਤੇ ਉਸ ਲਈ ਇਕ ਜੁਦਾ ਧਾਰਮਿਕ ਗਰੰਥ ਵੀ ਰਚ ਲਿਆ।ਇਹ ਜੁਦੀ ਗੱਲ ਹੈ ਕਿ ਉਸ ਦੇ ਪੈਰੋਕਾਰਾਂ ਦੀ ਗਿਣਤੀ ਹਾਲੇ ਬਹੁਤ ਥੋੜ੍ਹੀ ਹੈ ਤੇ ਲਗਭਗ ਬਿਸਤ ਦੁਆਬ ਤੱਕ ਹੀ ਸੀਮਿਤ ਹੈ। ਦੇਖਣ ਵਿਚ ਆਇਆ ਹੈ ਕਿ ਭਾਰਤ ਵਿਚ ਆਰੀਆ ਦੇ ਆਗਮਨ ਤੋਂ ਬਾਅਦ ਧਰਮ ਨਾਮ ਦੀ ਸੰਸਥਾ ਭਾਰਤ ਵਿਚ ਪਰਵੇਸ਼ ਕੀਤੀ ਅਤੇ ਉਹ ਵੀ ਆਰੀਆ ਨੇ ਕਰਾਈ।ਭਾਰਤ ਦੇ ਮੂਲ ਨਿਵਾਸੀਆਂ ਨੂੰ ਨਿਚਲੇ ਦਰਜੇ ਦੇ ਨਾਗਰਿਕ ਦਿਖਾ ਕੇ ਹਰ ਹੀਲਾ ਵਰਤਿਆ ਗਿਆ ਆਰੀਆ ਲੋਕਾਂ ਵਲੋਂ ਇਨ੍ਹਾਂ ਨੂੰ ਆਪਣੇ ਵੈਦਿਕ ਧਰਮ ਵਿਚ ਬੰਨ੍ਹ ਕੇ ਰੱਖਣ ਦਾ। ਕਿਹੜਾ ਅਤਿਆਚਾਰ ਹੈ ਜੋ ਇਨ੍ਹਾਂ ਨੇ ਨਹੀਂ ਕੀਤਾ? ਅੱਤ ਨੀਵੇਂ ਤੇ ਘਟੀਆ ਦਰਜੇ ਦੀ ਅਣ ਮਨੁੱਖੀ ਜ਼ਿੰਦਗ਼ੀ ਦੇ ਕੇ ਆਪਣੀ ਗਿਣਤੀ ਵਧਾਈ ਰੱਖਣ ਲਈ ਇਨ੍ਹਾਂ ਆਰੀਆ ਵੈਦਿਕ ਲੋਕਾਂ ਨੇ ਹਰ ਹੀਲਾ ਵਰਤਿਆ। ਬੁੱਧ ਧਰਮ ਦੀ ਉਪਜ ਇਨ੍ਹਾਂ ਅਣਮਨੁਖੀ ਜ਼ਿਆਦਤੀਆਂ ਵਿਚੋਂ ਹੀ ਹੋਈ ਸੀ । ਬੁੱਧ ਧਰਮ ਜੋ ਕਿ ਪੂਰੀ ਦੁਨੀਆਂ ਵਿਚ ਅੱਜ ਵੀ ਇਕ ਕੁਦਰਤੀ ਤੇ ਮਾਨਵਤਾ ਵਾਦੀ ਧਰਮ ਮੰਨਿਆਂ ਜਾਂਦਾ ਹੈ ਦਾ ਭਾਰਤ ਵਿਚ ਉਦੇ ਹੁੰਦੇ ਸਾਰ ਹੀ ਬਰ੍ਹਮਾਂ ਤੋਂ ਅਫਗਾਨਸਿਤਾਨ ਈਰਾਨ ਤੱਕ ਫੈਲਿਆ ਹੋਇਆ ਉਸ ਸਮੇਂ ਦਾ ਜੰਬੂ ਦੀਪ (ਭਾਰਤ) ਤੁਰਤ ਫੁਰਤ ਹੀ ਬੋਧੀ ਦੇਸ਼ ਬਣ ਗਿਆ। ਰਾਜਿਆਂ ਮਹਾਰਾਜਿਆਂ ਸਮਰਾਟਾਂ ਨੇ ਵੀ ਇਸ ਧਰਮ ਨੂੰ ਅਪਣਾਇਆ। ਮੌਰੀਆ ਖਾਨਦਾਨ ਦੇ ਸਾਰੇ ਦੇ ਸਾਰੇ ਬਾਦਸ਼ਾਹਾਂ ਨੇ ਬੋਧੀ ਹੋ ਕੇ ਰਾਜ ਭਾਗ ਚਲਾਇਆ ਤੇ ਇਸ ਸਮੇਂ ਨੂੰ ਭਾਰਤ ਦੇ ਇਤਿਹਾਸ ਦਾ ਸੁਨਹਿਰੀ ਯੁਗ ਕਿਹਾ ਜਾਂਦਾ ਹੈ। ਫਿਰ ਜਦ ਬਿਪਰਾਂ ਦਾ ਜ਼ੋਰ ਚੜ੍ਹਿਆ ਧੋਖੇ ਠੱਗੀ ਨਾਲ ਮੌਰੀਆ ਰਾਜੇ ਨੂੰ ਕਲ ਕਰ ਕੇ ਆਪਣਾ ਰਾਜ ਸਥਾਪਿਤ ਕਰ ਲਿਆ। ਇਸ ਤੋਂ ਬਾਅਦ ਬੁੱਧ ਧਰਮ ਨੂੰ ਕਦੇ ਉਠਣ ਨਾ ਦਿਤਾ ਗਿਆ।

ਨੌਵੀਂ ਸਦੀ ਈਸਵੀ ( ਸ਼ਾਇਦ 810) ਵਿਚ ਅਰਬਾਂ ਨੇ ਸਿੰਧ ਉਤੇ ਹਮਲਾ ਕਰ ਦਿੱਤਾ ਤੇ ਇਸ ਤਰ੍ਹਾਂ ਹੋਏ ਭਾਰਤ ਵਿਚ ਦਾਖਲ ਮੁਸਲਮਾਨ ਲੋਕ ।ਨਿਚਲੇ ਦਰਜੇ ਦੇ ਭਾਰਤੀਆਂ ਨੇ ਰੱਜ ਕੇ ਮੁਸਲਮਾਨ ਧਰਮ ਧਾਰਣ ਕੀਤਾ ਕਿਉਂਕਿ ਉਸ ਵਿਚ ਉਚ ਨੀਚ ਨੂੰ ਕੋਈ ਸਥਾਨ ਨਹੀਂ ਸੀ ਤੇ ਸਭ ਨਾਲ ਇਕੋ ਜਿਹਾ ਹੀ ਮਨੁੱਖੀ ਵਰਤਾਰਾ ਹੁੰਦਾ ਸੀ ।ਇਸ ਉਪਰੰਤ ਭਾਰਤ ਵਿਚ ਜਿਸ ਕਿਸੇ ਦਾ ਵੀ ਰਾਜ ਰਿਹਾ ਉਸੇ ਦੇ ਧਰਮ ਦੀ ਤੂਤੀ ਬੋਲਣ ਲਗੀ। ਬਾਹਰਵੀਂ ਸਦੀ ਤੱਕ ਆਉਂਦੇ ਆਉਂਦੇ ਵੈਦਿਕ ਆਰੀਆ 'ਹਿੰਦੂ' ਬਣ ਚੁਕੇ ਸਨ।ਕਿਉਂਕਿ ਕਿਸੇ ਸਮੇਂ ਮੁਹੰਮਦ ਬਿਨ ਕਾਸਿਮ ਦੀ ਆਮਦ ਤੇ 'ਹਿੰਦੂ' ਨਾਮ ਦੀ ਦਿੱਤੀ ਹੋਈ ਗਾਲ਼ ਇਨ੍ਹਾਂ ਨੂੰ ਹੁਣ ਡਾਢੀ ਰਾਸ ਆਉਣ ਲੱਗੀ ਸੀ। ਮੁਗਲ ਬਾਦਸ਼ਾਹ ਆਏ । ਉਨ੍ਹਾਂ ਨੇ ਲੰਮਾ ਸਮਾਂ ਭਾਰਤ ਓਤੇ ਹਕੂਮਤ ਕੀਤੀ। ਭਾਵੇਂ ਆਪਣੇ ਰਾਜ ਭਾਗ ਨੂੰ ਸ਼ਾਂਤੀ ਪੂਰਬਕ ਤੇ ਲੰਮੇ ਸਮੇਂ ਤੱਕ ਚਲਾਈ ਰੱਖਣ ਲਈ ਉਨ੍ਹਾਂ ਨੇ ਹਿੰਦੂ ਰਾਜਪੂਤ ਰਾਜਿਆਂ ਨਾਲ ਰਿਸ਼ਤੇ ਨਾਤੇ ਗੰਢੇ, ਉਨ੍ਹਾਂ ਦੇ ਘਰ-ਾਣਿਆਂ ਵਿਚ ਆਪਣੇ ਰਾਜਕੁਮਾਰਾਂ ਦੇ ਵਿਆਹ ਸ਼ਾਦੀਆਂ ਰਚਾਏ ਆਦਿ। ਪੰਦਰ੍ਹਵੀ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ (1469) ਤੋਂ ਹੀ ਸਿਖ ਧਰਮ ਦੇ ਆਗਮਨ ਮੰਨਿਆਂ ਜਾਂਦਾ ਹੈ ਭਾਵੇਂ ਕਿ ਇਸ ਦਾ ਮੁੱਢ ਦੋ ਸੌ ਸਾਲ ਪਹਿਲਾਂ ਹੀ ਸੰਤ ਸਤਿਗੁਰੂ ਨਾਮਦੇਵ ਜੀ (1269) ਨੇ ਹੀ ਬੰਨ੍ਹ ਦਿੱਤਾ ਸੀ।ਸਿੱਖ ਧਰਮ ਦੇ ਪੈਦਾ ਹੋਣ ਦਾ ਕਾਰਣ ਵੀ ਤਾਂ ਹਿੰਦੂਆਂ ਵਲੋਂ ਆਮ ਨਿਚਲੇ ਤਬਕੇ ਦੀ ਰਿਆਇਆ ਨੂੰ ਅਣਮਨੁੱਖੀ ਤਸ਼ੱਦਦ ਢਾਅ ਢਾਅ ਕੇ ਦੁਖੀ ਕਰਨਾ ਹੀ ਸੀ। ਸਿੱਖਾਂ ਦੇ ਜਥੇਬੰਦ ਹੋਣ ਨਾਲ ਹੀ ਮੁਗਲਾਂ ਨੂੰ ਆਪਣੇ ਰਾਜ ਭਾਗ ਦਾ ਫਿਕਰ ਪਿਆ ਤੇ ਉਨ੍ਹਾਂ ਨੇ ਸਿੱਖਾਂ ਤੇ ਅਸਹਿ ਤੇ ਅਕਹਿ ਜ਼ੁਲਮ ਢਾਉਣੇ ਸ਼ੁਰੂ ਕਰ ਦਿੱਤੇ। ਇਹ ਤਦ ਤਕ ਚਾਲੂ ਰਹੇ ਜਦ ਤੱਕ ਮੁਗਲੀਆ ਰਾਜ ਦਾ ਅੰਤ ਹੋਣ ਤੋਂ ਬਾਅਦ ਅੰਗਰੇਜ਼ ਰਾਜ ਸਥਾਪਿਤ ਨਹੀ ਹੋ ਗਿਆ।

ਮੁਗਲੀਆ ਖ਼ਾਨਦਾਨ ਸਮੇਂ ਵਿਚ ਹੀ ਇਥੇ ਸਤਾਰ੍ਹਵੀਂ ਸਦੀ ਈਸਵੀ ਵਿਚ ਫਰਾਂਸੀਸੀ (ਸਤਾਰ੍ਹਵੀਂ ਸਦੀ ਈਸਵੀ), ਪੁਰਤਗੀਜ਼ ( ਸੋਲ੍ਹਵੀਂ ਸਦੀ ਈਸਵੀ), ਅੰਗਰੇਜ਼ਾਂ (ਸਤਾਰ੍ਹਵੀਂ ਸਦੀ ਈਸਵੀ) ਨੇ ਭਾਰਤ ਵਿਚ ਪੈਰ ਰੱਖਿਆ। ਇਨ੍ਹਾਂ ਯੂਰਪੀਨ ਕੌਮਾਂ ਦੇ ਆਉਣ ਦੇ ਨਾਲ ਹੀ ਈਸਾਈ ਧਰਮ ਦਾ ਭਾਰਤ ਵਿਚ ਪ੍ਰਵੇਸ਼ ਹੋਇਆ। ਉਨ੍ਹਾਂ ਨੇ ਵੀ ਭਾਰਤੀਆਂ ਨੂੰ ਆਪਣਾ ਈਸਾਈ ਧਰਮ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਨਾ ਸ਼ੁਰੂ ਕਰ ਦਿੱਤਾ।ਵਿਸ਼ੇਸ਼ ਤੌਰ ਤੇ ਬਹੁਤ ਸਾਰੇ ਦਲਿਤ ਪਿਛੜੇ ਲੋਕ ਈਸਾਈ ਧਰਮ ਵਿਚ ਪ੍ਰਵੇਸ਼ ਵੀ ਕਰ ਗਏ।ਇਥੋਂ ਤੱਕ ਪਹੁੰਚਦੇ ਪਹੁੰਚਦੇ ਭਾਰਤ ਕਈ ਧਰਮਾਂ ਦਾ ਮਿਲਗੋਭਾ ਬਣ ਗਿਆ। ਇਸ ਤਰ੍ਹਾਂ ਹੁਣ ਤੱਕ ਭਾਰਤ ਵਿਚ ਬੁੱਧ, ਹਿੰਦੂ, ਮੁਸਲਿਮ, ਈਸਾਈ, ਪਾਰਸੀ, ਜੈਨ, ਆਦਿ ਅਨੇਕਾਂ ਹੀ ਧਰਮ ਪਰਚੱਲਤ ਹੋ ਚੁਕੇ ਹਨ। ਜੇਕਰ ਸਹੀ ਕਿਹਾ ਜਾਵੇ ਤਾਂ ਇਹ ਸਾਰੇ ਦੇ ਸਾਰੇ ਪੁਰਾਣੇ ਆਰੀਆ ਵੈਦਿਕ ਜਾਂ ਹਿੰਦੂ ਧਰਮ ਵਿਚੋਂ ਹੀ ਨਿਕਲੇ ਹਨ। ਜਿਉਂ ਜਿਉਂ ਹਿੰਦੂ ਧਰਮ ਦੇ ਕਹੇ ਜਾਂਦੇ ਚੌਧਰੀਆਂ ਵਲੋਂ ਛੋਟੇ ਜਾਂ ਨੀਚ ਤਬਕੇ ਉਤੇ ਅਤਿਆਚਾਰਾਂ ਦੀ ਝੜੀ ਲਗਦੀ ਰਹੀ ਇਹ ਲੋਕ ਹੀ ਆਪਣੀ ਜ਼ਿੰਦਗ਼ੀ ਨੂੰ ਆਸਾਨ ਬਣਾਉਣ ਲਈ ਨਵੇਂ ਤੋਂ ਨਵਾਂ ਧਰਮ ਧਾਰਨ ਕਰਦੇ ਰਹੇ ਤਾਂ ਜੋ ਇਹ ਵੀ ਸੁੱਖ ਸ਼ਾਂਤੀ ਨਾਲ ਜ਼ਿੰਦਗ਼ੀ ਕੱਟ ਸਕਣ।ਪਰ ਸ਼ਾਂਤੀ ਕਦੇ ਨਸੀਬ ਹੋਈ ਨਹੀਂ ਇਨ੍ਹਾਂ ਨੂੰ। ਹਮੇਸ਼ਾ ਹੀ ਇਕ ਧਰਮ ਦੇ ਲੋਕਾਂ ਨੇ ਦੂਜੇ ਧਰਮ ਦੇ ਲੋਕਾਂ ਨੂੰ ਨੀਚੇ ਦਿਖਾਉਣ ਲਈ ਉਨ੍ਹਾਂ ਉਤੇ ਅਣ ਮਨੁੱਖੀ ਜ਼ਿਆਦਤੀਆਂ ਕੀਤੀਆਂ ਹਨ।

ਭਾਰਤ ਦੇ ਬਟਵਾਰੇ ਸਮੇਂ ਵੀ ਹਿੰਦੂ ਸਿੱਖ ਇਕ ਪਾਸੇ ਤੇ ਮੁਸਲਿਮ ਲੋਕ ਇਕ ਪਾਸੇ ਹੋ ਕੇ ਦੋਹਾਂ ਹੀ ਧਿਰਾਂ ਨੇ ਮਨੁੱਖਤਾ ਉਤੇ ਅਕਹਿ ਤੇ ਅਸਹਿ ਜ਼ੁਲਮ ਢਾਹੇ ਸਨ। ਜਿਨ੍ਹਾਂ ਨੇ ਇਸ ਬਟਵਾਰੇ ਦਾ ਸੇਕ ਆਪਣੇ ਪਿੰਡਿਆਂ ਉਤੇ ਝੱਲਿਆ ਹੈ ਅੱਜ ਵੀ ਉਨ੍ਹਾਂ ਵਿਚੋਂ ਵਿਰਲੇ ਵਿਰਲੇ ਟਾਵੇਂ ਟਾਵੇਂ ਜਿਉਂਦੇ ਬੈਠੇ ਲੋਕ ਦੇਖੇ ਜਾ ਸਕਦੇ ਹਨ। ਉਸ ਸਮੇਂ ਨੂੰ ਯਾਦ ਕਰ ਕੇ ਅੱਜ ਵੀ ਧਾਹਾਂ ਮਾਰ ਰੋਂਦੇ ਦੇਖੇ ਜਾਂਦੇ ਹਨ।ਇਹ ਹਾਲ ਇਕੱਲੇ ਭਾਰਤ ਦਾ ਹੀ ਨਹੀਂ ਹੈ। ਬਲਕਿ ਦੁਨੀਆਂ ਭਰ ਦੇ ਸਾਰੇ ਹੀ ਦੇਸ਼ਾਂ ਵਿਚ ਇਸ ਤਰ੍ਹਾਂ ਰਿਹਾ ਹੈ। ਕੋਈ ਇਕ ਧਰਮ ਦੂਜੇ ਨੂੰ ਸਹਿਜ ਹੀ ਸਹਿਣ ਨਹੀਂ ਕਰਦਾ। ਭਾਰਤ ਦੀ ਸਵਤੰਤਰਤਾ ਤੋਂ ਬਾਅਦ ਸੰਵਿਧਾਨ ਘਾੜਿਆਂ ਨੇ ਬਹੁਤ ਹੀ ਸੋਚ ਸਮਝ ਕੇ ਭਾਰਤੀ ਸੰਵਿਧਾਨ ਅਨੁਸਾਰ ਭਾਰਤ ਗਣ ਰਾਜ ਨੂੰ ਇਕ Secular ਗਣਰਾਜ ਪਰਿਭਾਸ਼ਿਤ ਕੀਤਾ। Secular ਦਾ ਅੱਜ ਅਰਥ 'ਧਰਮ ਨਿਰਪੱਖ' ਦੇ ਤੌਰ ਤੇ ਲਿਆ ਜਾਂਦਾ ਹੈ।ਪਰ ਇਹ ਸਹੀ ਨਹੀ ਹੈ।ਸ਼ਓਛੂ.ਲਅ੍ਰ ਦਾ ਅਸਲ ਭਾਵ 'ਧਰਮ ਰਹਿਤ' ਤੋਂ ਹੈ।ਸੰਵਿਧਾਨ ਘਾੜੇ ਜਾਣਦੇ ਸਨ ਕਿ ਧਰਮ ਨੇ ਭਾਰਤੀ ਪਰਜਾ ਨੂੰ ਪਹਿਲਾਂ ਹੀ ਬਹੁਤ ਨੁਕਸਾਨ ਪਹੁੰਚਾਇਆ ਸੀ। ਇਸ ਲਈ ਉਨ੍ਹਾਂ ਨੇ ਨਵੇਂ ਤੇ ਅਜ਼ਾਦ ਭਾਰਤ ਗਣਰਾਜ ਲਈ ਧਰਮ ਰਹਿਤ ਸਮਾਜ ਦੀ ਕਲਪਨਾ ਕੀਤੀ ਸੀ ਜਿਸ ਤਰ੍ਹਾਂ ਸਾਡੇ ਸਿੰਧੂ ਘਾਟੀ ਦੇ ਪੂਰਵਜ, ਸਾਡੇ ਵਡੇਰੇ,ਸਾਡੇ ਪੁਰਖੇ ਰਹਿੰਦੇ ਸਨ ਤੇ ਅਥਾਹ ਤਰੱਕੀ ਤੇ ਸਨ।ਪਰ ਅੱਜ ਓਹੀ ਗੱਲ ਬਣ ਨਹੀ ਸਕੀ। ਧਰਮ ਦੇ ਠੇਕੇਦਾਰਾਂ ਨੇ ਬਜਾਏ ਸ਼ਬਦ 'ਧਰਮ ਰਹਿਤ' ਦੇ 'ਧਰਮ ਨਿਰਪੱਖ' ਕਹਿ ਕੇ ਆਪਣੇ ਹੀ ਮਕਸਦ ਨੂੰ ਪੂਰਨ ਦਾ ਰਸਤਾ ਕੱਢਿਆ। ਨਤੀਜਾ ਕੀ ਨਿਕਲਿਆ ਕਿ ਧਾਰਮਿਕ ਖ਼ੂਨ ਖਰਾਬਾ ਇਥੋਂ ਕਦੇ ਮੁਕਿਆ ਨਾ।ਹਿੰਦੂ ਧਰਮ ਇਕ ਅਜਿਹਾ ਕਰੂਰ, ਜ਼ਾਲਮ ਧਰਮ ਹੈ ਜਿਹੜਾ ਨਾ ਤਾਂ ਕਿਸੇ ਨੂੰ ਵੀ ਆਪਣੇ ਹਿੰਦੂ ਧਰਮ ਵਿਚੋਂ ਬਾਹਰ ਜਾਣ ਦੀ ਆਗਿਆ ਦਿੰਦਾ ਹੈ ਤੇ ਨਾ ਕਿਸੇ ਨਵੇਂ ਬੰਦੇ ਨੂੰ ਹਿੰਦੂ ਧਰਮ ਧਾਰਣ ਕਰਨ ਦੀ।ਅਸਲ ਵਿਚ ਤਾਂ ਹਿੰਦੂ ਧਰਮ ਧਾਰਣ ਕਰਨ ਦੀ ਵਿਧੀ ਇਸ ਵਿਚ ਹੈ ਹੀ ਨਹੀਂ ਹੈ। ਨੀਵੀ ਸ਼੍ਰੇਣੀ ਦਾ ਬੰਦਾ ਜੇਕਰ ਉਚ ਸ਼ਰੇਣੀ ਜਾਂ ਜਾਤ ਵਿਚ ਜਾਣਾ ਚਾਹੇ ਤਾਂ ਉਸ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ। ਗੱਲ ਕੀ ਕਿ ਜਿਹੜੇ ਲੋਕ ਨੀਵੀਆਂ ਜਾਤਾਂ ਵਿਚ ਹਿੰਦੂ ਜੰਮੇ ਹਨ ਨਾ ਤਾਂ ਉਨ੍ਹਾਂ ਨੂੰ ਧਰਮ ਛੱਡਣ ਦੀ ਆਗਿਆ ਹੈ ਤੇ ਨਾ ਹਿੰਦੂ ਧਰਮ ਵਿਚ ਰਹਿ ਕੇ ਕਿਸੇ ਉਨਤ ਜਾਤ ਵਿਚ ਜਾਣ ਦੀ ਹੀ। ਭਾਵ ਕਿ ਸਾਰੀ ਉਮਰ ਉਚ ਜਾਤ ਅਭਿਮਾਨੀਆਂ ਦਾ ਸ਼ਿਕਾਰ ਹੋ ਕੇ ਉਨ੍ਹਾਂ ਦੀ ਸੇਵਕੀ ਕਰਦਾ ਹੀ ਮਰੇ। ਮਸ਼ਹੂਰ ਹੈ ਕਿ ਕਿਸੇ ਈਸਾਈ ਪਾਦਰੀ ਨੂੰ ਉਸ ਦੇ ਬੱਚਿਆਂ ਸਮੇਤ ਹੀ ਕਾਰ ਵਿਚ ਬੈਠਿਆਂ ਨੂੰ ਹਿੰਦੂ ਜਨੂੰਨੀਆਂ ਵਲੋਂ ਜ਼ਿੰਦਾ ਸਾੜ ਕੇ ਮਾਰ ਦਿੱਤਾ ਗਿਆ ਸੀ ਕਿਉਂਕਿ ਉਹ ਦਲਿਤ ਲੋਕਾਂ ਨੂੰ ਈਸਾਈ ਧਰਮ ਦੇ ਹੱਕ ਵਿਚ ਪਰੇਰਣਾ ਦੇ ਕੇ ਈਸਾਈ ਬਣਾ ਰਿਹਾ ਸੀ। ਲਗਭਗ ਹਰੇਕ ਹੀ ਸਟੇਟ ਵਿਚ ਦਲਿਤਾਂ ਤੋਂ ਮੁਸਲਮਾਨ ਧਰਮ ਧਾਰਨ ਕਰਨ ਵਾਲੇ ਦਲਿਤਾਂ ਉਤੇ ਹਿੰਦੂਆਂ ਵਲੋਂ ਬੜੇ ਹੀ ਮਾਰੂ ਹਮਲੇ ਹੁੰਦੇ ਰਹੇ ਹਨ। ਗੁਜਰਾਤ ਵਿਚ ਮੁਸਲਮਾਨ ਲੋਕਾਂ ਨੂੰ ਨਫਰਤ ਦੀ ਅੱਗ ਵਿਚੋਂ ਹੀ 2002 ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕਰ ਦਿੱਤਾ ਗਿਆ ਸੀ। ਅਜਿਹਾ ਹੀ ਖ਼ੂਨੀ ਸਾਕਾ 1984 ਵਿਚ ਸਿਖਾਂ ਵਿਰੁਧ ਵੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਦੇ ਕਤਲ ਉਪਰੰਤ ਬੀਤ ਚੁੱਕਾ ਹੈ।ਹਿੰਦੂਆਂ ਵਲੋਂ ਕਿਸੇ ਵੀ ਛੋਟੀ ਕਹੀ ਜਾਂਦੀ ਜਾਤੀ ਦੇ ਹਿੰਦੂ ਨੂੰ ਹਿੰਦੂ ਧਰਮ ਛੱਡ ਕੇ ਕਿਸੇ ਹੋਰ ਧਰਮ ਵਿਚ ਜਾਣ ਦੇਣ ਦੀ ਆਗਿਆ ਨਾ ਦੇਣਾ ਉਚ ਜਾਤੀ ਬਿਪਰ ਹਿੰਦੂਆਂ ਦੀ ਮਜਬੂਰੀ ਇਹੀ ਹੈ ਕਿ ਜੇਕਰ ਉਹ ਧਰਮ ਪਰਿਵਰਤਨ ਦੀ ਖੁਲ੍ਹ ਦਿੰਦੇ ਰਹਿਣ ਤਾਂ ਇਕ ਦਿਨ ਅਜਿਹਾ ਪੈਦਾ ਹੋ ਸਕਦਾ ਹੈ ਜਦ ਹਿੰਦੂਆਂ ਦੀ ਗਿਣਤੀ, ਜੋ ਇਨ੍ਹਾਂ ਨੇ ਧਕੇ ਨਾ ਵਧਾਈ ਹੋਈ ਹੈ, ਘੱਟ ਰਹਿ ਜਾਵੇਗੀ, ਜੋ ਇਹ ਹੋਣ ਨਹੀ ਦੇਣਾ ਚਾਹੁੰਦੇ।

ਕਿਸੇ ਸਮੇਂ ਹਿੰਦੂ ਵਧੀਕੀਆਂ ਕਾਰਣ ਪੰਜਾਬ ਵਿਚ ਸਿੱਖ ਧਰਮ ਦੀ ਸਿਰਜਣਾ ਹੋਈ ਸੀ।ਇਸ ਦੀ ਸਿਰਜਣਾ ਸਮੇਂ ਇਹ ਇਕ ਕਲਿਆਣਕਾਰੀ ਧਰਮ ਦੇ ਤੌਰ ਤੇ ਗ਼ਰੀਬ, ਮਜ਼ਲੂਮ ਦੀ ਰੱਖਿਆ ਕਰਨ ਵਾਲਾ ਧਰਮ ਗਿਣਿਆਂ ਜਾਂਦਾ ਸੀ। 'ਗੁਰੂ ਦੀ ਗੋਲਕ ਗ਼ਰੀਬ ਦਾ ਮੂੰਹ' ਦਾ ਅੱਜ ਭੀ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ ਜਾਂਦਾ ਹੈ ਭਾਵੇਂ ਕਿ ਇਹ ਗੋਲਕ ਹੁਣ ਮੌਕੇ ਦੇ ਰਾਜਨੀਤੀਵਾਨਾ ਹਾਕਮਾਂ ਦੀ ਭਰਪੂਰ ਸੇਵਾ ਕਰ ਰਹੀ ਹੈ। ਅੱਜ ਇਹ ਧਰਮ ਪੰਜਾਬ ਵਿਚ ਬਹੁ-ਮੱਤ ਵਿਚ ਹੈ। ਹਿੰਦੂ ਮੁਸਲਮਾਨ ਤੇ ਈਸਾਈ, ਬੋਧੀ ਘੱਟ ਗਿਣਤੀ ਵਿਚ ਰਹਿ ਜਾਂਦੇ ਹਨ। ਨਤੀਜੇ ਦੇ ਤੌਰ ਤੇ ਸਿੱਖ ਸਮਾਜ ਦਾ ਇਕ ਆਰਥਿਕ ਤੇ ਰਾਜਨੀਤਕ ਤੌਰ ਤੇ ਮਜ਼ਬੂਤ ਜੱਟ ਸਿੱਖ ਤਬਕਾ ਇਨ੍ਹਾਂ ਘੱਟ ਗਿਣਤੀ ਧਾਰਮਿਕ ਫਿਰਕਿਆਂ ਨੂੰ ਆਟੇ ਵਿਚੋਂ ਲੂਣ ਵੀ ਨਹੀਂ ਸਮਝਦਾ ਤੇ ਇਨ੍ਹਾਂ ਨੂੰ ਸਦਾ ਆਪਣੇ ਰੋਹਬ ਹੇਠ ਰੱਖਣ ਲਈ ਕੁਝ ਵੀ ਕਰ ਸਕਣ ਲਈ ਤਿਆਰ ਰਹਿੰਦਾ ਹੈ।ਵਿਸ਼ੇਸ਼ ਤੌਰ ਤੇ ਦਲਿਤ ਹਿੰਦੂ ਇਸ ਦੇ ਵੱਧ ਤੋਂ ਵੱਧ ਸ਼ਿਕਾਰ ਹੋਏ ਹਨ ਭਾਵੇਂ ਕਿ ਘੱਟ ਇਹ ਕਿਸੇ ਨਾਲ ਵੀ ਨਹੀਂ ਕਰਦਾ। ਗੱਲ ਕੀ, ਗਿਣਤੀਆਂ ਜਿੰਨੀਆਂ ਮਰਜ਼ੀ ਹੈ ਗਿਣੀ ਜਾਈਏ, ਕਿਸੇ ਵੀ ਧਰਮ ਨੇ ਕਿਸੇ ਦੂਸਰੇ ਧਰਮ ਨੂੰ ਮੰਨਣ ਵਾਲੇ ਉਨ੍ਹਾਂ ਧਰਮਾਂ ਦੇ ਪੈਰੋਕਾਰਾਂ ਨਾਲ ਘੱਟ ਨਹੀਂ ਕੀਤੀ।ਇਕ ਬੁੱਧ ਧੰਮ ਹੈ ਜਿਸ ਨੂੰ ਮਨੁਖ ਮਾਤਰ ਲਈ ਕਲਿਆਣਕਾਰੀ ਮੰਨਿਆਂ ਜਾ ਰਿਹਾ ਹੈ । ਅਸਲ ਵਿਚ ਇਹ ਕੋਈ ਧਰਮ ਹੈ ਹੀ ਨਹੀਂ। ਇਸ ਨੂੰ ਸਿਰਜਣ ਵਾਲਿਆਂ ਵਲੋਂ ਇਸ ਨੂੰ ਧੰਮ ਦਾ ਨਾਮ ਦੇਣ ਦਾ ਕਰਣ ਦੱਸਿਆ ਜਾਂਦਾ ਹੈ ਕਿ ਇਸ ਵਿਚ ਕਿਸੇ ਵੀ ਧਰਮ ਨੂੰ ਮੰਨਣ ਲਈ ਸਖ਼ਤ ਕਰੜੇ ਸ਼ਰੀਰ ਨੂੰ ਕਸ਼ਟ ਦੇਣ ਵਾਲੇ ਅਨੁਸ਼ਾਸਨਿਕ ਬੰਧਨ ਨਹੀਂ ਹਨ।ਇਸ ਵਿਚ ਪੰਜ ਸਮੇਂ ਨਮਾਜ਼ ਨਹੀਂ ਪੜ੍ਹਨੀ ਪੈਂਦੀ ਤੇ ਨਾਂ 30 ਰੋਜ਼ੇ ਰੱਖ ਕੇ ਭੁੱਖੇ ਰਹਿ ਕੇ ਖ਼ੂੰਨ ਸੁਕਾਉਣਾ ਪੈਂਦਾ ਹੈ। ਇਸ ਵਿਚ ਅੰਮ੍ਰਿਤ ਸ਼ਕ ਕੇ ਕਰੜੀ ਰਹਿਤ ਮਰਿਆਦਾ ਦੀ ਪਾਲਣਾ ਵੀ ਨਹੀਂ ਕਰਨੀ ਪੈਂਦੀ। ਪਿੱਛੇ ਜਿਹੇ ਕਹੀ ਜਾਂਦੀ ਸਤਿਕਾਰ ਕਮੇਟੀ ਵਲੋਂ ਕੋਈ ਕੁਰਹਿਤ ਕਰਦੇ ਫੜੇ ਗਏ ਭਾਈਆਂ ਦੇ ਸਤਿਕਾਰ ਕਮੇਟੀ ਦੇ ਬੰਦਿਆਂ ਦੀ ਡਾਂਗ ਹੱਥੋਂ ਤੂੰਬੇ ਉਡਦੇ ਵਟਸਐਪ ਤੇ ਫੇਸ ਬੁਕ ਰਾਹੀਂ ਸਭ ਨੇ ਦੇਖੇ ਹਨ। ਰੱਬ, ਭਗਵਾਨ ਸਵਰਗ ਨਰਕ, ਬਹਿਸ਼ਤ ਦੋਜ਼ਖ਼, ਪਾਪ ਪੁੰਨ ਦਾ ਡਰ ਦੱਸ ਦੱਸ ਕੇ ਧੰਮ ਵਿਚ ਕਿਸੇ ਦਾ ਖ਼ੂਨ ਨਹੀਂ ਸੁਕਾਇਆ ਜਾਂਦਾ। ਕੁਦਰਤੀ ਨੇਕ ਪਾਕ ਅਸੂਲਾਂ ਦਾ ਮੁਜੱਸਮਾ ਹੈ ਇਹ ਜਿਨ੍ਹਾਂ ਨੂੰ ਮੰਨਣਾ ਕਿਸੇ ਲਈ ਵੀ ਮੁਸ਼ਕਿਲ ਨਹੀਂ ਹੈ।ਇਸ ਵਿਚ ਕੋਈ ਸ਼ਰੀਰਕ ਕਸ਼ਟ ਨਹੀ ਸਹਿਣਾ ਪੈਂਦਾ ਹੈ। ਰੱਬ ਜਾਂ ਪ੍ਰਭੂ ਨਾਮ ਦੀ ਚੀਜ਼ ਕੋਈ ਬੁਧ ਧੰਮ ਵਿਚ ਨਹੀ ਹੈ ਜੋ ਪਾਪ ਪੁੰਨ ਦੇ ਡਰ ਤੋਂ ਹਰ ਸਮੇਂ ਖ਼ੂੰਨ ਸੁਕਾਉਣ ਦਾ ਕਾਰਣ ਬਣੇ। ਤਾਂ ਫਿਰ ਅਸੀਂ ਕਿਉਂ ਧਰਮਾਂ ਦੀ ਦੌੜ ਵਿਚ ਪਏ ਹੋਏ ਹਾਂ? ਇਹ ਦੁਨੀਆਂ ਭਰ ਦਾ ਵਰਤਾਰਾ ਹੈ। ਹਿੰਦੂ ਚਾਹੁੰਦੇ ਹਨ ਕ ਸਾਰਾ ਭਾਰਤ ਹਿੰਦੂ ਭਾਰਤ ਕਹਾਵੇ।ਮੁਸਲਮਾਨ ਸਾਰੇ ਭਾਰਤ ਨੂੰ ਮੁਸਲਿਮ ਤੇ ਈਸਾਈ ਧਰਮ ਵਾਲੇ ਇਸ ਨੂੰ ਪੂਰੇ ਦਾ ਪੂਰਾ ਈਸਾਈ ਮੁਲਕ ਬਣਿਆਂ ਦੇਖਣਾ ਚਾਹੁੰਦੇ ਹਨ।ਆਮ ਲੋਕਾਂ ਵਿਚ ਲਾਲਸਾ ਪੈਦਾ ਕਰਨ ਲਈ ਇਨ੍ਹਾਂ ਲੋਕਾਂ ਨੇ ਵਡੀਆਂ ਵਡੀਆਂ ਵਿਦਿਅਕ ਤੇ ਡਾਕਟਰੀ ਸੰਸਥਾਵਾਂ ਖੋਲ੍ਹ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਆਪਣੇ ਧਰਮ ਵਿਚ ਆਉਣ ਵਾਲਿਆਂ ਨੂੰ ਮੁਫਤ ਵਿਦਿਆ ਜਾਂ ਡਾਕਟਰੀ ਸਹੂਲਤਾਂ ਦੇਣ ਦਾ ਲਾਲਚ ਦਿਤਾ ਜਾਂਦਾ ਹੈ।ਪਰ ਮਨੁੱਖੀ ਆਜ਼ਾਦੀਆਂ ਨੂੰ ਧਰਮ ਦੇ ਨਾਮ ਤੇ ਘੋਰ ਤੇ ਕਸ਼ਟਦਾਇਕ ਪਾਬੰਦੀਆਂ ਦੀਆਂ ਜ਼ੰਜੀਰਾਂ ਵਿਚ ਜਕੜਨ ਵਾਲੇ ਧਰਮਾਂ ਨੂੰ ਮੰਨਣ ਨਾਲੋਂ ਬੇ-ਧਰਮ ਜਾਂ ਅਧਰਮੀ ਹੋਣਾ ਲੱਖ ਦਰਜੇ ਚੰਗਾ ਸਾਬਤ ਹੋਵੇਗਾ ਜੇਕਰ ਇਹ ਲੋਕਾਈ ਨੂੰ ਪਿਆਰ ਤੇ ਸੁਖ ਸ਼ਾਂਤੀ ਦੀ ਬਜਾਏ ਨਫਰਤ, ਦੁਖ, ਅਸ਼ਾਂਤੀ ਵਿਚ ਧੱਕੀ ਰੱਖਣਾ ਚਾਹੁੰਦੇ ਹਨ।ਇਨਸਾਨੀ ਜੀਵਨ ਕੁਦਰਤ ਦੀ ਇਸ ਕਾਇਨਾਤ ਨੂੰ ਇਕ ਅਨਮੋਲ ਦਾਤ ਦਿੱਤੀ ਹੋਈ ਹੈ ।ਇਸ ਜੀਵਨ ਨੂੰ ਸਵਰਗ, ਨਰਕ , ਰੱਬ ਵਾਹਿਗੁਰੂ , ਗਤੀ ਮੁਕਤੀ ਦੇ ਚੱਕਰ ਵਿਚ ਸੁਟ ਕੇ ਅਨੇਕਾਂ ਕਸ਼ਟ ਦੇਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆਂ ਜਾ ਸਕਦਾ। ਭਾਰਤ ਭਰ ਵਿਚ ਮਿਲਦੇ ਪੁਰਾਣੇ ਅਵਸ਼ੇਸ਼ਾਂ ਤੋਂ ਪਤਾ ਲੱਗਦਾ ਹੈ ਕਿ ਸਾਡੇ ਪੂਰਵਜ ਅਨੰਤ ਕਾਲ ਤੋਂ ਅੰਤਾਂ ਦੀ ਤਰੱਕੀ ਤੇ ਇਸ ਧਰਤੀ ਉਤੇ ਵਿਚਰਦੇ ਰਹੇ ਸਨ। ਪਰ ਉਨ੍ਹਾਂ ਦਾ ਕੋਈ ਧਰਮ ਵੀ ਸੀ , ਇਸ ਪਾਸੇ ਹਾਲੇ ਤੱਕ ਦੀ ਖੋਜ ਤੋਂ ਉੱਤਰ 'ਹਾਂ' ਵਾਚਕ ਨਹੀ ਮਿਲਿਆ।

# ਪੰਜਾਬ ਵਿਚ ਪ੍ਰਚੱਲਿਤ ਲਿਪੀਆਂ ਦਾ ਆਪੋ ਵਿਚ ਟਾਕਰਾ

ਜੀ ਬੀ ਸਿੰਘ

ਪਲੇਟ ਨੰ: 19, 20, 21, 22 ਵਿਚ ਪੰਜਾਬ ਦੀਆਂ ਲਿਪੀਆਂ ਬਰਾਬਰ-ਬਰਾਬਰ ਕਾਲਮਾਂ ਵਿਚ ਰੱਖ ਕੇ ਦਿਖਾਈਆਂ ਗਈਆਂ ਹਨ, ਇਹਨਾਂ ਦਾ ਆਪੋ ਵਿਚ ਟਾਕਰਾ ਕਰੋ।

'ਮਹਾਜਨੀ' ਵਿਚ ਤਿੰਨ ਸਵਰ ਅਤੇ 27 ਵਯੰਜਨ ਹਨ। 'ਗੁਰਮੁਖੀ' ਵਿਚ ਤਿੰਨ ਸਵਰ ਅਤੇ 32 ਵਯੰਜਨ ਹਨ। ਇਸੇ ਤਰ੍ਹਾਂ 'ਸਾਰਦਾ' ਤੇ 'ਟਾਕਰੀ' ਵਿਚ ਚਾਰ ਚਾਰ ਚਿੰਨ੍ਹ ਸਵਰਾਂ ਦੇ ਅਤੇ 33 ਵਯੰਜਨਾਂ ਦੇ ਹਨ। 'ਨਾਗਰੀ' ਵਿਚ 16 ਸਵਰ ਤੇ 36 ਵਯੰਜਨ ਹਨ। ਪਰ ਸਵਰਾਂ ਵਿਚੋਂ ਅਨੁਸਾਰ (ਟਿੱਪੀ) ਅਤੇ ਵਿਸਰਗ (ਦੋਬਿੰਦੇ) ਅਸਲ ਵਿਚ ਵਯੰਜਨ ਅੱਖਰ ਹਨ ਅਤੇ ਕੋਈ ਵੱਖਰੇ ਨਹੀਂ ਗਿਣੇ ਜਾ ਸਕਦੇ, ਕਿਉਂਕਿ 'ਨ' ਅਤੇ 'ਹ' ਦੀ ਥਾਂ ਪਰ ਹਨ। ਏਸ਼ੀਆ ਦੇ ਮਜ਼ਹਬਾਂ ਦੀਆਂ ਧਰਮ-ਪੁਸਤਕਾਂ ਦੇ ਤਰਜਮੇ ਕਰਨ ਲਈ, ਉਨ੍ਹਾਂ ਦੀਆਂ ਲਿਪੀਆਂ ਨੂੰ ਰੋਮਨ ਅੱਖਰਾਂ ਵਿਚ ਲਿਖਣ ਵਾਸਤੇ ਜੋ 26 ਅੱਖਰਾਂ ਦੀ ਵਰਣਮਾਲਾ ਯੂਰਪੀਨ ਵਿਦਵਾਨਾਂ ਨੇ ਬਣਾਈ ਹੈ, ਉਸ ਵਿਚ ਅਨੁਸਵਰ ਤੇ ਵਿਸਰਗ ਨੂੰ ਵਯੰਜਨਾਂ ਵਿਚ ਹੀ ਥਾਂ ਦਿੱਤੀ ਹੈ। ਭਾਵੇਂ ਸਭ ਤੋਂ ਛੇਕੜ। ਹੋਰ ਚਾਰ ਸਵਰ (ਅਰਿ, ਅਰੀ, ਲਰਿ, ਲਰੀ) ਕੁਝ ਇਤਨੇ ਜ਼ਰੂਰੀ ਨਹੀਂ। ਸੰਸਕ੍ਰਿਤ ਵਿਚ ਭਾਵੇਂ ਇਹ ਥੋੜ੍ਹੇ ਬਹੁਤੇ ਵਰਤੇ ਜਾਂਦੇ ਹਨ ਪਰ ਅੱਜਕਲ੍ਹ ਇਨ੍ਹਾਂ ਨੂੰ ਸਿੱਖ ਕੇ ਵੀ ਬਹੁਤ ਥੋੜ੍ਹੇ ਲੋਕ ਇਹ ਆਵਾਜ਼ਾਂ ਬੋਲ ਸਕਦੇ ਹਨ ਅਤੇ ਇਨ੍ਹਾਂ ਦੇ ਉਚਾਰਣ ਅੱਡ ਅੱਡ ਲੋਕੀ ਅੱਡ ਅੱਡ ਤਰ੍ਹਾਂ ਨਾਲ ਕਰਦੇ ਹਨ। ਉਚਾਰਣ ਵਾਂਗ ਇਨ੍ਹਾਂ ਦੀਆਂ ਸ਼ਕਲਾਂ ਵਿਚ ਵੀ ਥਾਂ-ਥਾਂ ਫ਼ਰਕ ਹੈ। ਜੇ ਬੰਬਈ ਵੱਲ ਇਕ ਤਰ੍ਹਾਂ ਲਿਖਦੇ ਹਨ ਤਾਂ ਉਤਰੀ ਹਿੰਦ ਵਿਚ ਹੋਰ ਹੀ ਤਰ੍ਹਾਂ। ਪਰ ਸਭ ਥਾਂ ਇਨ੍ਹਾਂ ਦੀਆਂ ਸ਼ਕਲਾਂ ਉਨ੍ਹਾਂ ਅੱਖਰਾਂ ਦੀਆਂ ਸ਼ਕਲਾਂ ਨੂੰ ਜੋੜ ਕੇ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਦੇ ਉਚਾਰਣ ਦੇ ਜੋੜ ਤੋਂ ਇਹ ਸਵਰ ਬਣੇ ਹਨ। 'ਅ' ਨੂੰ 'ਰਿ' ਤੇ 'ਰੀ' ਲਾ ਕੇ ਪਹਿਲੇ ਦੋ ਸਵਰ ਅਤੇ 'ਲ' ਨੂੰ 'ਰਿ' ਤੇ 'ਰੀ' ਲਾ ਕੇ ਪਿਛਲੇ ਦੋ ਸਵਰ ਬਣੇ ਹਨ। ਸੋ ਲਿਪੀ ਬਾਬਤ ਵਿਚਾਰ ਕਰਦਿਆਂ ਸਵਰਾਂ ਵਿਚੋਂ ਇਹ ਚਾਰ ਵੀ ਛੱਡੇ ਜਾ ਸਕਦੇ ਹਨ। ਏ ਤੇ ਔ ਇਕਹਿਰੇ ਸਵਰ ਨਹੀਂ। ਦੂਹਰੇ ਸਵਰ ਹਨ ਅਤੇ ਸ਼ਕਲਾਂ ਵੀ ਪਹਿਲੇ ਮੌਜੂਦ ਚਿੰਨ੍ਹਾਂ ਨੂੰ ਲਗਾ ਲਾ ਕੇ ਬਣੀਆਂ ਹਨ। ਸੋ ਇਹ ਦੋ ਵੀ ਛੱਡ ਦਿਓ। ਓ ਜਿਸ ਦਾ ਉਚਾਰਣ ਅ ਤੇ ਉ ਵਿਚਾਲੇ ਹੈ, ਇਸ ਦਾ ਵੀ ਔ ਵਰਗਾ ਹਾਲ ਹੈ। ਇਸ ਲਈ ਇਹ ਕੋਈ ਵੱਖਰਾ ਚਿੰਨ੍ਹ ਨਹੀਂ। ਏ ਨਾਗਰੀ ਵਿਚ ਅੱਡ ਚਿੰਨ੍ਹ ਹੈ। ਇਸ ਦਾ ਉਚਾਰਣ ਅ ਤੇ ਇ ਦੇ ਵਿਚਾਲੇ ਹੈ, ਇਸ ਕਰਕੇ ਗੁਰਮੁਖੀ ਵਗੈਰਾ ਲਿਪੀਆਂ ਵਿਚ ੲ ਨੂੰ ਹੀ ਲਗ ਲਾ ਕੇ ਇਹ ਸਵਰ ਬਣਦਾ ਹੈ। ਸੋ ਅਸਲ ਵਿਚ 'ਦੇਵਨਾਗਰੀ' ਵਿਚ ਸਵਰਾਂ ਲਈ ਸੋਲ੍ਹਾਂ ਦੀ ਥਾਂ ਕੁੱਲ ਚਾਰ ਅੱਡ ਅੱਡ ਚਿੰਨ੍ਹ ਹਨ: ਅ ਸੰਘ ਦਾ, ਇ ਤਾਲੂ ਦਾ, ਉ ਹੋਠਾਂ ਦਾ, ਤੇ ਏ ਸੰਘ ਤੇ ਤਾਲੂ ਦੋਹਾਂ ਦੇ ਵਿਚ ਦਾ ਸਵਰ।

ਅਸਲ ਗੱਲ ਇਉਂ ਹੈ ਕਿ ਸੰਸਕ੍ਰਿਤ ਦੇ ਵਿਯਾਕਰਣੀਆਂ ਦੇ ਵਾਲ ਦੀ ਖੱਲ ਲਾਹ ਕੇ, ਜਿਵੇਂ ਕਈ ਇਕ ਵਯੰਜਨ ਅੱਖਰ, ਉਨ੍ਹਾਂ ਦੇ ਉਪਜ ਸਥਾਨ ਤੋਂ ਨਿਕਲ ਸਕਣ ਵਾਲੀਆਂ ਆਵਾਜ਼ਾਂ ਦੇ ਖਿਆਲਾਂ ਤੋਂ, ਬੇਲੋੜੇ ਹੀ ਬਣਾ ਲਏ ਸਨ, ਤਿਵੇਂ ਹੀ ਉਨ੍ਹਾ ਨੇ ਸਵਰ ਆਵਾਜ਼ਾਂ ਬਾਬਤ ਕੀਤਾ। ਇਸ ਗੱਲ ਨੂੰ ਖੋਲ੍ਹਣ ਲਈ ਅਸੀਂ ਸਵਰਾਂ ਨੂੰ ਉਨ੍ਹਾਂ ਦੇ ਉਪਜ ਸਥਾਨਾਂ ਦੇ ਨਾਵਾਂ ਸਮੇਤ ਹੇਠਾਂ ਦਿੰਦੇ ਹਾਂ:-

| | | |
|---|---|---|
| ਸੰਘ ਦੇ | ਹਸਵ | ਅ |
| ਤਾਲੂ ਦੇ | '' | ਇ |
| ਦੰਦਾਂ ਦੇ | '' | ਲਰਿ |
| ਜੀਭ ਦੇ | '' | ਅਰਿ |
| ਹੋਠਾਂ ਦੇ | '' | ਉ |
| ਸੰਘ ਤੇ ਤਾਲੂ ਦੇ | '' | ਓ |
| ਸੰਘ ਤੇ ਹੋਠਾਂ ਦੇ | '' | ਔ |
| ਅਤੇ | ਦੀਰਘ | ਆ |
| ਅਤੇ | '' | ਈ |
| ਅਤੇ | '' | ਲਰਿ |
| ਅਤੇ | '' | ਅਰਿ |
| ਅਤੇ | '' | ਊ |
| ਅਤੇ | '' | ਐ |
| ਅਤੇ | '' | ਔ |

ਨਾਗਰੀ ਦੇ ਵਿਅੰਜਨ ਅੱਖਰਾਂ ਵਿਚ ਦੋ ਸੰਯੁਕਤ ਵਿਅੰਜਨ ਹਨ ਅਤੇ ਉਨ੍ਹਾਂ ਦੇ ਚਿੰਨ੍ਹ ਵੀ ਉਨ੍ਹਾਂ ਦੇ ਵਿਅੰਜਨ ਚਿੰਨ੍ਹਾਂ ਨੂੰ ਜੋੜ ਕੇ ਪੈਦਾ ਕੀਤੇ ਗਏ ਹਨ, ਜਿਹਨਾਂ ਦੇ ਉਚਾਰਣ ਮਿਲ ਕੇ ਇਹ ਬਣੇ ਹਨ, ਅਰਥਾਤ ਕਸ਼ ਅੱਖਰ ਕ ਅਰ ਸ਼ ਨੂੰ ਮਿਲਾ ਕੇ ਅਰ ਗਯਾ ਅੱਖਰ ਜ ਅਤੇ ਨ ਨੂੰ ਮਿਲਾ ਕੇ। ਜਿੱਥੇ ਦ ਅਰ ਨ ਦੇ ਉਚਾਰਣ ਮਿਲਾਣ ਨਾਲ ਦੂਜਾ ਵਿਅੰਜਨ ਬਣਦਾ ਹੈ, ਬਜਾਏ ਜ ਅਤੇ ਨ ਦੇ, ਜਿਸ ਤਰ੍ਹਾਂ ਕਿ ਮਹਾਰਾਸ਼ਟਰ ਵਿਚ, ਉਥੇ ਚਿੰਨ੍ਹ ਵੀ ਦ ਅਤੇ ਨ ਨੂੰ ਜੋੜ ਕੇ ਬਣਾਇਆ ਜਾਂਦਾ ਹੈ। ਯਥਾ ਕਸ਼ਾ। ਇਸੇ ਤਰ੍ਹਾਂ ਇਕ ਹੋਰ ਵਿਅੰਜਨ ਹੈ ਜੋ ਕੇਵਲ ਵੇਦਾਂ ਵਿਚ ਹੀ ਵਰਤਿਆ ਗਿਆ ਹੈ, ਸੋ ਵੀ ਕਿਤੇ ਕਿਤੇ। ਇਹਨਾਂ ਸੰਯੁਕਤ ਵਿਅੰਜਨਾਂ ਨੂੰ ਕੱਢ ਕੇ ਨਾਗਰੀ ਦੇ ਸਾਰੇ 33 ਵਿਅੰਜਨ ਹੀ ਰਹਿ ਜਾਂਦੇ ਹਨ। ਨਾਗਰੀ ਵਾਂਗ ਹੀ 'ਸਾਰਦਾ' ਦਾ ਹਾਲ ਹੈ, ਉਸ ਵਿਚ ਵੀ 4 ਸਵਰ ਅਤੇ 33 ਵਿਅੰਜਨ ਹੀ ਰਹਿ ਜਾਂਦੇ ਹਨ। ਗੁਰਮੁਖੀ ਵਿਚ ਇਕ ਅੱਖਰ 'ੜ' ਹੈ, ਜੋ ਨਾਗਰੀ, ਸਾਰਦਾ ਤੇ ਟਾਕਰੀ ਦੇ ਮੁਕਾਬਲੇ ਤੇ 33 ਦੀ ਥਾਂ 31 ਰਹਿ ਜਾਂਦੇ ਹਨ ਅਤੇ 4 ਸਵਰ ਚਿੰਨ੍ਹਾਂ ਦੀ ਥਾਂ 3 ਸਵਰ ਚਿੰਨ੍ਹ। ਦੋ ਵਿਅੰਜਨ ਸ਼ (ਜੀਭ ਦਾ) ਅਤੇ ਸ਼ (ਤਾਲੂ ਦਾ) ਅਰ ਇਕ ਸਵਰ ਚਿੰਨ੍ਹ ਏ ਘੱਟ ਹਨ। ਸੋ ਸ਼ (21 ਨੰ) ਦੀ ਤਾਂ ਠੇਠ ਪੰਜਾਬ ਵਿਚ ਲੋੜ ਨਹੀਂ ਸੀ, ਇਸ ਦਾ ਉਚਾਰਣ ਸ ਦਾ ਜਾਂ ਸ਼ ਦਾ ਹੋ ਜਾਂਦਾ ਸੀ, ਜੋ ਇਕ ਸੰਘ ਦਾ (sibilant) ਤੇ ਦੂਜਾ ਤਾਲੂ ਦਾ (spirated) ਸ਼ਬਦ ਹੈ। ਅੱਜਕਲ੍ਹ 'ਸ' ਦੇ ਹੇਠਾਂ ਬਿੰਦੀ ਦੇ ਕੇ ਅਤੇ 'ਸ਼ (ਲਿਖ ਕੇ ਫ਼ਾਰਸੀ ਦੇ ਲਫਜ਼ਾਂ ਵਗੈਰਾ, ਜੋ ਪਿੱਛੋਂ ਪੰਜਾਬੀ ਬੋਲੀ ਵਿਚ ਵੜੇ ਹਨ, ਲਿਖੇ ਜਾਂਦੇ ਹਨ। ਸ਼ (ਪੇਟ ਪਾਟਾ) ਦਾ ਉਚਾਰਣ ਪੰਜਾਬੀ ਵਿਚ ਅਕਸਰ ਖ ਦਾ ਹੋ ਜਾਂਦਾ ਹੈ ਅਤੇ ਕਦੇ ਕਦੇ ਛ ਦਾ। ਸੋ ਇਹ ਚਿੰਨ੍ਹ ਉਸੇ ਤਰ੍ਹਾਂ ਮੌਜੂਦ ਹੈ, ਕੇਵਲ ਉਪਰੋਂ ਖੁੱਲ੍ਹਾ ਹੈ। ਏ ਲਈ ਅੱਡ ਚਿੰਨ੍ਹ ਹੋਣ ਦੀ ਲੋੜ ਨਹੀਂ, ਤੇ ਹੋਰ ਕਿਤਨੀਆਂ ਹੀ ਲਿਪੀਆਂ ਵਿਚ ਹੈ ਵੀ ਨਹੀਂ। ਅਰਬੀ ਫ਼ਾਰਸੀ ਵਿਚ ਵੀ ਤਿੰਨ ਹੀ ਸਵਰ ਹਨ ਜਿਹਨਾਂ ਦੇ ਚਿੰਨ੍ਹ ਜ਼ਬਰ, ਜ਼ੇਰ, ਪੇਸ਼ ਹਨ, ਜੋ ਅਲਫ, ਯੇ ਤੇ ਵਾਉ ਨਾਲ ਮਿਲ ਕੇ ਦੀਰਘ ਸਵਰ ਬਣਾਉਣ ਦਾ ਕੰਮ ਦਿੰਦੇ ਹਨ। ਉਨ੍ਹਾਂ ਬੋਲੀਆਂ ਵਿਚ ਛਿਆਂ ਤੋਂ ਵੱਧ ਸਵਰ ਨਹੀਂ।

ਸੋ ਸਿੱਟਾ ਇਹ ਨਿਕਲਿਆ ਕਿ ਜਿੱਥੋਂ ਤੱਕ ਲਿਪੀ ਦੇ ਚਿੰਨ੍ਹਾਂ ਦੀ ਗਿਣਤੀ ਦਾ ਸਵਾਲ ਹੈ, ਪੰਜਾਬ ਦੀਆਂ ਸਭ ਕਿਤਾਬੀ ਲਿਪੀਆਂ ਨਾਗਰੀ, ਸਾਰਦਾ, ਟਾਕਰੀ ਤੇ ਗੁਰਮੁਖੀ ਇੱਕੋ ਜਿਹੀਆਂ ਹਨ, ਕੋਈ ਅਜਿਹਾ ਫਰਕ ਨਹੀਂ ਜੋ ਕਾਬਲਿ ਜ਼ਿਕਰ ਹੋਵੇ। ਰਿਹਾ ਸਵਾਲ ਚਿੰਨ੍ਹਾਂ ਜਾਂ ਅੱਖਰਾਂ ਦੀਆਂ ਸ਼ਕਲਾਂ ਦਾ, ਸੋ ਹੁਣ ਵਿਚਾਰ ਕਰਦੇ ਹਾਂ।

ਪਲੇਟ ਨੰ: 19, 20,21, 22 ਸਾਹਮਣੇ ਰੱਖ ਲਵੋ।

1. ਗੁਰਮੁਖੀ ਅੱਖਰਾਂ ਦਾ ਨਾਗਰੀ ਅੱਖਰਾਂ ਨਾਲ ਟਾਕਰਾ ਕਰੀਏ, ਤਾਂ ਇਹ ਗੱਲਾਂ ਸਿੱਧ ਹੁੰਦੀਆਂ ਹਨ:-

(1) ਦੋਹਾਂ ਦੇ ਦੋ ਅੱਖਰ ਸਾਂਝੇ ਹਨ: 'ਟ' ਅਤੇ 'ਠ'।

(2) ਦੋਹਾਂ ਦੇ ਪੰਜ ਅੱਖਰ ਹਨ:-

ੳ, ਖ, ਗ, ਜ, ਢ।

(3) ਦੋਹਾਂ ਦੇ 14 ਅੱਖਰ ਕੁਝ ਕੁਝ ਮਿਲਦੇ ਹਨ:-

ੲ (ਏ ਨਾਲ), ਕ, ਘ, ਙ, ਚ, ਛ; ਥ, ਦ; ਪ; ਮ; ਯ; ਰ; ਸ ਅਤੇ ਅ;

(4) ਇਹ ਚੌਦਾਂ ਅੱਖਰ ਨਹੀਂ ਮਿਲਦੇ:-

ਝ, ਞ; ਡ, ਣ; ਤ; ਧ; ਲ; ਫ; ਬ; ਭ; ਲ; ੜ; ਹ; ਵ।

ਪਹਿਲੀ ਪੰਕਤੀ ਦੇ 'ਟ ਅਤੇ 'ਠ' 'ਟਾਕਰੀ' ਨਾਲ ਵੀ ਸਾਂਝੇ ਹਨ ਅਤੇ ਸਾਰਦਾ ਤੇ ਉਤਰੀ ਹਿੰਦ ਦੀਆਂ ਬਾਕੀ ਸਭ ਲਿਪੀਆਂ ਵਿਚ ਵੀ ਇਹ ਦੋ ਅੱਖਰ 'ਟ' ਤੇ 'ਠ' ਇਉਂ ਹੀ ਰਹਿੰਦੇ ਹਨ ਅਤੇ ਇਨ੍ਹਾਂ ਦੀਆਂ ਸ਼ਕਲਾਂ ਵਿਚ ਆਪਣੀਆਂ ਪੁਰਾਣੀਆਂ ਅਸ਼ੋਕ ਦੇ ਵੇਲੇ ਦੀਆਂ ਸ਼ਕਲਾਂ ਨਾਲ, ਹੋਰ ਸਭਨਾਂ ਅੱਖਰਾਂ ਨਾਲੋਂ ਵਧੀਕ ਮਿਲਦੀਆਂ ਹਨ।

ਦੂਜੀ ਪੰਕਤੀ ਦੇ ਅੱਖਰ, ਜੋ ਨਾਗਰੀ ਨਾਲ ਮਿਲਦੇ ਹਨ, ਉਹ ਟਾਕਰੀ ਨਾਲ ਸਾਂਝੇ ਹਨ।

ਤੀਜੀ ਪੰਕਤੀ ਦੇ ਜੋ ਨਾਗਰੀ ਅੱਖਰਾਂ ਨਾਲ ਥੋੜਾ ਬਹੁਤ ਮਿਲਦੇ ਹਨ, ਉਹ ਅੱਧੇ ਕੁ ਟਾਕਰੀ ਨਾਲ ਸਾਂਝੇ ਹਨ ਤੇ ਕੁਝ ਮਿਲਦੇ ਹਨ।

ਚੌਥੀ ਪੰਕਤੀ ਦੇ ਜੋ ਨਾਗਰੀ ਅੱਖਰਾਂ ਨਾਲ ਅਸਲੋਂ ਨਹੀਂ ਮਿਲਦੇ, ਉਨ੍ਹਾਂ ਵਿਚੋਂ ਵੀ ਕਈ ਟਾਕਰੀ ਨਾਲ ਸਾਂਝੇ ਅਤੇ ਕਈ ਮਿਲਦੇ ਜੁਲਦੇ ਹਨ।

ਗੁਰਮੁਖੀ ਦਾ ਟਾਕਰਾ 'ਟਾਕਰੀ' ਨਾਲ ਕੀਤਿਆਂ ਇਨ੍ਹਾਂ ਗੱਲਾਂ ਦਾ ਪਤਾ ਲੱਗਦਾ ਹੈ।

(1) ਇਹ ਅੱਖਰ ਦੁਹਾਂ ਦੇ ਸਾਂਝੇ ਹਨ:-

ੳ, ਖ, ਗ, ਘ, ਟ, ਠ, ਡ,ਤ, ਥ, ਪ, ਫ, ਵ, (ਟਾਕਰੀ ਲ), ਭ, ਰ, ਹ

(2) ਇਹ ਅੱਖਰ ਮਿਲਦੇ ਜੁਲਦੇ ਹਨ:-

ਚ, ਢ, ਦ, ਧ, ਲ

(3) ਇਹ ਅੱਖਰ ਕੁਝ ਮਿਲਦੇ ਹਨ:-

ਕ, ਛ, ਜ, ਝ, ਮ, ਯ।

(4) ਇਹ ਅੱਖਰ ਨਹੀਂ ਮਿਲਦੇ:-

ਅ, ਥ, ਙ, ਝ, ਣ, ਨ, ਬ, ਸ

ਅਰਥਾਤ ਪੰਦਰਾਂ ਅੱਖਰ ਦੋਹਾਂ ਲਿਪੀਆਂ ਦੇ ਸਾਂਝੇ ਹਨ: ਪੰਜ ਮਿਲਦੇ ਹਨ ਤੇ ਛੇ ਕੁਝ ਕੁਝ ਮਿਲਦੇ ਹਨ; ਅਤੇ ਕੇਵਲ ਅੱਠ ਨਹੀਂ ਮਿਲਦੇ। ਇਹਨਾਂ ਅੱਠਾਂ ਵਿਚੋਂ ਵੀ ਦੋ ਅੱਖਰ ਅਜਿਹੇ ਹਨ ਜੋ ਸ਼ਾਇਦ ਹੀ ਵਰਤਣ ਵਿਚ ਆਉਂਦੇ ਹਨ। ਸਿੱਟਾ ਇਹ ਨਿਕਲਿਆ ਕਿ ਦੇਵਨਾਗਰੀ ਨਾਲੋਂ, 'ਟਾਕਰੀ' ਲਿਪੀ ਗੁਰਮੁਖੀ ਨਾਲ ਬਹੁਤ ਵਧੀਕ ਮਿਲਦੀ ਹੈ ਅਤੇ ਇਹਨਾਂ ਵਿਚ ਜ਼ਰੂਰ ਕੁਝ ਗੂਹੜਾ ਸਬੰਧ ਹੈ। ਹਿਹ ਦੋਵੇਂ ਇਤਨੀਆਂ ਮਿਲਦੀਆਂ ਹਨ ਕਿ ਜ਼ਰੂਰ ਕਿਸੇ ਸਾਂਝੇ ਸਮੇਂ ਤੋਂ ਨਿਕਲੀਆਂ ਹਨ; ਅਤੇ ਨਾਗਰੀ ਨਾਲੋਂ ਇਨ੍ਹਾਂ ਦਾ ਇਤਨਾ ਫਰਕ ਹੈ ਕਿ ਉਸ ਵਿਚੋਂ ਨਹੀਂ ਨਿਕਲੀਆਂ। ਕੁਝ ਅੱਖਰ ਇਹਨਾਂ ਤਿੰਨਾਂ ਦੇ ਜ਼ਰੂਰ ਮਿਲਦੇ ਹਨ, ਜਿਸ ਦਾ ਮਤਲਬ ਇਹ ਹੈ ਕਿ ਇਹਨਾਂ ਤੀਨਾਂ ਦਾ ਹੀ ਦੂਰ ਦਾ ਸਾਕ ਹੈ।

ਹੁਣ ਜੇ ਗੁਰਮੁਖੀ ਦਾ ਟਾਕਰਾ 'ਸਾਰਦਾ' ਨਾਲ ਕਰੀਏ, ਤਦ ਪਤਾ ਲੱਗਦਾ ਹੈ ਕਿ ਇਹ ਗੁਰਮੁਖੀ ਤੇ ਟਾਕਰੀ ਨਾਲੋਂ ਨਾਗਰੀ ਨਾਲ ਵਧੀਕ ਮਿਲਦੀ ਹੈ, ਪਰ ਗੁਰਮੁਖੀ ਨਾਲ ਇਤਨਾ ਨਹੀਂ ਮਿਲਦੀ ਜਿਤਨਾ ਕਿ ਟਾਕਰੀ ਨਾਲ ਮਿਲਦੀ ਹੈ। ਪਰ ਗੁਰਮੁਖੀ ਅਤੇ ਸਾਰਦਾ ਦਾ, ਗੁਰਮੁਖੀ ਅਤੇ ਨਾਗਰੀ ਨਾਲੋਂ ਵਧੀਕ ਨੇੜੇ ਦਾ ਸਾਕ ਹੈ।

ਗੁਰਮੁਖੀ ਅਤੇ ਸਾਰਦਾ ਦੇ ਸੱਤ ਅੱਖਰ ਸਾਂਝੇ ਅਤੇ ਬਾਰਾਂ ਮਿਲਦੇ ਹਨ। ਗੁਰਮੁਖੀ ਦੇ ਸਾਰਦਾ ਨਾਲ ਵਧੀਕ ਮਿਲਣ ਕਰਕੇ ਅਤੇ ਨੇੜੇ ਹੋਣ ਕਰਕੇ ਡਾਕਟਰ ਗ੍ਰੀਅਰਸਨ ਨੇ ਗੁਰਮੁਖੀ ਨੂੰ ਸਾਰਦਾ ਵਿਚੋਂ ਬਣੀ ਕਿਹਾ ਹੈ, ਜੋ ਗੱਲ ਕਿ ਅਸਲ ਵਿਚ ਠੀਕ ਨਹੀਂ। ਸੋ ਪੁਰਾਣੇ ਜੋ ਕੋਈ ਵੀ ਅੱਖਰ ਸਨ, ਪ੍ਰਤੱਖ ਹੈ ਕਿ ਉਨ੍ਹਾਂ ਤੋਂ ਇਕ ਪਾਸੇ ਦੇਵਨਾਗਰੀ ਦੀ ਵੱਡੀ ਵਡੇਰੀ ਲਿਪੀ ਬਣੀ, ਅਤੇ ਦੂਜੇ ਪਾਸੇ ਪੰਜਾਬ ਦੀਆਂ ਤਿੰਨਾਂ ਲਿਪੀਆਂ ਦੀ ਵੱਡੀ ਨਾਨੀ ਮਾਂ। ਇਸ ਛੇਕੜਲੀ ਤੋਂ ਅੱਗੇ ਇਕ ਪਾਸੇ ਸਾਰਦਾ ਅਤੇ ਦੂਜੇ ਪਾਸੇ ਟਾਕਰੀ ਤੇ ਗੁਰਮੁਖੀ ਦੀਆਂ ਮਾਵਾਂ ਪੈਦਾ ਹੋਈਆਂ।

ਇਹਨਾਂ ਲਿਪੀਆਂ ਦੇ ਆਪੋ ਵਿਚ ਦੇ ਅਤੇ ਹੋਰ ਹਿੰਦੀ ਲਿਪੀਆਂ ਨਾਲ ਸਬੰਧ ਨੂੰ ਪਲੇਟ ਨੰ: 15 ਵਿਚ ਇਕ ਬਿਰਖ ਦੇ ਟਾਹਣ ਟਾਹਣੀਆਂ ਦੀ ਸ਼ਕਲ ਵਿਚ ਵਿਖਾਇਆ ਹੈ, ਜੜ੍ਹਾਂ ਤੋਂ ਲੈ ਕੇ ਤੋੜ ਸਿਖਰ ਤੱਕ।

### ਗੁਰਮੁਖੀ ਦਾ ਟਾਕਰਾ ਪ੍ਰਾਚੀਨ ਹਿੰਦੀ ਲਿਪੀਆਂ ਨਾਲ


ਅਸਾਂ ਉਪਰ ਕਿਹਾ ਹੈ ਕਿ 'ਗੁਰਮੁਖੀ' ਦੇ ਕੇਵਲ ਅੱਠ ਅੱਖਰ:

ਅ, ਕ, ਙ, ਝ, ਣ, ਨ, ਬ, ਸ


'ਟਾਕਰੀ' ਨਾਲ ਨਹੀਂ ਮਿਲਦੇ, ਅਤੇ 'ੜ' ਉਸ ਵਿਚ ਵਾਧੂ ਹੈ। ਬਾਕੀ ਦੇ 26 ਸਾਂਝੇ, ਮਿਲਦੇ ਤੇ ਕੁਝ ਮਿਲਦੇ ਹਨ ਪਰ ਕੀ ਇਨ੍ਹਾਂ ਅੱਠਾਂ ਵਿਚ ਤੇ 'ੜ' ਵਿਚ ਵੀ ਕੁਝ ਨਵਾਂਪਣ ਹੈ, ਜਾਂ ਇਹ ਵੀ ਪੁਰਾਣੀਆਂ ਸ਼ਕਲਾਂ ਵਿਚੋਂ ਹੀ ਬਣੇ ਹਨ। ਜਦ ਇਨ੍ਹਾਂ ਅੱਖਰਾਂ ਦਾ ਟਾਕਰਾ ਪੁਰਾਦੇ ਸਿਲਾਲੇਖਾਂ ਦੇ ਅੱਖਰਾਂ ਅਤੇ ਹੋਰ ਪ੍ਰਚੱਲਿਤ ਲਿਪੀਆਂ ਨਾਲ ਕਰੀਏ, ਤਦ ਸਾਫ ਦਿੱਸ ਪੈਂਦਾ ਹੈ ਕਿ ਇਨ੍ਹਾਂ ਅੱਠਾਂ ਨੌਵਾਂ ਵਿਚੋਂ ਇਕ ਦੀ ਸ਼ਕਲ ਵੀ ਨਵੀਂ ਨਹੀਂ, ਗੁਰਮੁਖੀ ਦੇ ਅੱਖਰ ਜਿਉਂ ਦੇ ਤਿਉਂ ਹੋਰ ਲਿਪੀਆਂ ਵਿਚ ਮੌਜੂਦ ਹਨ। ਪਲੇਟ ਨੰ: 23, 24, 25 ਤੇ ਨਜ਼ਰ ਮਾਰੋ ਤੇ ਵੇਖੋ ਕਿ: ਗੁਰਮੁਖੀ ਦਾ 'ਅ' ਦਸਵੀ-ਗਿਆਰਵੀਂ ਸਦੀ ਬਿਕ੍ਰਮੀ ਵਿਚ ਆਪਣੀ ਹੁਣ ਵਾਲੀ ਸ਼ਕਲ ਪਾ ਚੁੱਕਾ ਸੀ ਅਤੇ ਗੁਰੂ ਨਾਨਕ ਦੇਵ ਸੋਹਲਵੀਂ ਸਦੀ ਵਿਚ ਹੋਏ ਹਨ।

ਇਸੇ ਤਰ੍ਹਾਂ 'ੲ' ਵੀ ਦਸਵੀਂ-ਗਿਆਰਵੀਂ ਸਦੀ ਵਿਚ, 'ਙ' ਅੱਠਵੀਂ ਨੌਵੀਂ ਸਦੀ ਵਿਚ, 'ਬ' ਨੌਵੀਂ-ਦਸਵੀਂ ਵਿਚ ਤੇ 'ਸ' ਬਾਰਵੀਂ-ਤੇਰਵੀਂ ਸਦੀ ਵਿਚ ਇਨ੍ਹਾਂ ਸ਼ਕਲਾਂ ਵਿਚ ਆ ਚੁੱਕੇ ਸਨ।


ਫਿਰ ਵੇਖੋ 'ਸ' ਜੇ 'ਟਾਕਰੀ' ਨਾਲ ਨਹੀਂ ਤਾਂ ਸਾਰਦੀ ਨਾਲ ਮਿਲਦਾ ਹੈ ਅਤੇ ਇਸ ਅੱਖਰ ਦੀ ਪੁਰਾਣੀ ਸ਼ਕਲ ਸ਼ਿਲਾਲੇਖਾਂ ਵਿਚ ਵੀ ਇਹੋ ਹੈ। ਅ ਅਤੇ ਝ 'ਮਹਾਜਨੀ' ਨਾਲ ਮਿਲਦੇ ਹਨ। 'ਅ' ਦੀਆਂ ਸਭ ਪੁਰਾਣੀਆਂ ਸ਼ਕਲਾਂ, ਜਿਹਨਾਂ ਵਿਚੋਂ ਇ ਹੋ ਕੇ ਲੰਘਿਆ ਹੈ, ਮੌਜੂਦ ਹਨ ਅਤੇ 'ਝ' ਪੁਰਾਣੇ (ਹਿੰਦੀ) ਚਿੰਨ੍ਹ ਨੂੰ ਬਦਲ ਕੇ ਬਣਿਆ ਸਾਫ ਦਿਸ ਰਿਹਾ ਹੈ, ਜਿਸ ਦਾ ਸਬੂਤ 'ਮਹਾਜਨੀ' ਦਾ 'ਝ' ਹੈ। ਨਾਗਰੀ ਦਾ ਪੁਰਾਣਾ 'ਝ' ਇਸਅਤੇ (ਙ) ਅਤੇ ਇਸ ਦਾ 'ਝ' ਵੀ ਇਹੋ ਅੱਖਰ ਹੈ। ਪੁਰਾਣੇ ਅੱਖਰ-ਚਿੰਨ੍ਹਾਂ ਦੀ ਪੜਚੋਲ ਕੀਤਿਆਂ ਇਹ ਦਿਸਦਾ ਹੈ ਕਿ ਉਚਾਰਣ ਨਾਲ ਮਿਲਦੇ-ਜੁਲਦੇ ਅੱਖਰਾਂ ਦੇ ਚਿੰਨ੍ਹ ਵੀ ਆਪੋ ਵਿਚ ਬਹੁਤ ਕੁਝ ਮਿਲਦੇ ਜੁਲਦੇ ਸਨ। ਨਮੂਨੇ ਲਈ ਵੇਖੋ ਬ੍ਰਹਮੀ ਲਿਪੀ ਦੇ 'ਝ' ਅਤੇ 'ਝ'; 'ਅ' ਅਰ 'ਠ'; 'ਠ' ਤੇ 'ਥ'; 'ਣ' ਅਤੇ 'ਨ'; 'ਚ' ਤੇ 'ਛ'; 'ਢ' ਤੇ 'ੜ'; 'ਪ' ਤੇ 'ਫ'; 'ਸ਼' ਤੇ 'ਖ'। ਇਸੇ ਤਰ੍ਹਾਂ ਹੁਣ ਦੇਵਨਾਗਰੀ ਵਿਚ (ਹਿੰਦੀ) ਤੇ (ਹਿੰਦੀ) (ਹਿੰਦੀ) ਅਤੇ (ਹਿੰਦੀ) ਜੋ ਪੁਰਾਣੇ (ਹਿੰਦੀ) ਵਿਚ ਕੇਵਲ ਇਕ ਟੰਗ ਵਧੀਕ ਲਾਣ ਨਾਲ ਬਣਿਆ ਸੀ।




ਪਲੇਟ ਨੰ: XIX
ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿਚ ਟਾਕਰਾ। (ੳ)



ਪਲੇਟ ਨੰ: XXI
ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿਚ ਟਾਕਰਾ। (ੲ)



ਪਲੇਟ ਨੰ: XX
ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿਚ ਟਾਕਰਾ। (ਅ)



ਪਲੇਟ ਨੰ: XXII
ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿਚ ਟਾਕਰਾ। (ਸ)

'ੲ' ਚਿੰਨ੍ਹ ਨਾਲ ਤਿੰਨ ਸਵਰ ਵਿਖਾਏ ਜਾਂਦੇ ਹਨ: ਇ, ਈ, ਤੇ ਏ, ਅਤੇ 'ੲ' ਚਿੰਨ੍ਹ ਸਾਫ ਪੁਰਾਣੇ (ਹਿੰਦੀ) ਤੋਂ ਬਣਿਆ ਦਿਸ ਰਿਹਾ ਹੈ।

'ਙ' ਦੀ ਸ਼ਕਲ 'ਨਾਗਰੀ' ਦੇ (ਹਿੰਦੀ) ਨਾਲੋਂ ਪੁਰਾਣੀ ਹੈ; ਕੇਵਲ ਅੱਖਰ ਦੇ ਮੁੱਢ ਦਾ ਖੱਬੇ ਸੱਜੇ ਦਾ ਫਰਕ ਹੈ। ਇਸੇ ਤਰ੍ਹਾਂ ਦਾ ਸੱਜੇ ਖੱਬੇ ਦਾਫਰਕ ਹੋਰ ਕਈ ਅੱਖਰਾਂ ਦੀਆਂ ਪੁਰਾਣੀਆਂ ਸ਼ਕਲਾਂ ਵਿਚ ਵੇਖਿਆ ਜਾਂਦਾ ਹੈ, ਜਿਵੇਂ (ਹਿੰਦੀ) 'ਫ' (ਹਿੰਦੀ) ਵਿਚ।

ਇਸ ਦਾ ਕਾਰਨ, ਜਿਵੇਂ ਕਿ ਅਸੀਂ ਦੱਸ ਆਏ ਹਾਂ, ਯੂਨਾਨੀਆਂ ਦੇ ਆਪਣੇ ਲੇਖ 'ਹਲ ਦੀ ਲੀਕ ਅਨੁਸਾਰ' ਲਿਖਣ ਦਾ ਯਤਨ ਸੀ। ਗੁਰਮੁਖੀ ਦੇ 'ਛ' ਤੇ 'ਫ' ਪਹਿਲੇ ਨਾਲੋਂ ਕੁਝ ਬਦਲ ਗਏ ਹਨ।

'ਣ', 'ਨ' ਤੇ 'ਲ' ਦੀਆਂ ਸਭ ਪੁਰਾਣੀਆਂ ਸ਼ਕਲਾਂ ਮੌਜੂਦ ਹਨ, ਜਿਹਨਾਂ ਵਿਚੋਂ ਲੰਘ ਕੇ ਇਹ ਹੌਲੀ ਹੌਲੀ ਹੁਣ ਵਾਲੀ ਸ਼ਕਲ ਨੂੰ ਅੱਪੜੇ ਹਨ। 'ਣ' ਵਿਚ ਕੇਵਲ ਇਕ ਪੁਰਾਣੇ ਸਮੇਂ ਵਿਚ ਹੋਰ ਕਈ ਅੱਖਰਾਂ ਦਾ ਹਾਲ ਹੋਇਆ ਹੈ। (ਨਮੂਨੇ ਲਈ ਬ੍ਰਹਮੀ ਦੇ (ਹਿੰਦੀ), (ਹਿੰਦੀ), (ਹਿੰਦੀ) ਅਰ (ਹਿੰਦੀ) ਵੇਖੋ।

ਇਸੇ ਤਰ੍ਹਾਂ ਸਾਰਦਾ ਦਾ 'ਜ ਅਤੇ ਝ' ਹਨ) ਗੁਰ-ਮੁਖੀ ਅਤੇ ਟਾਕਰੀ ਦਾ 'ਹ' ਵੀ ਪਾਸਾ ਪਰਤ ਕੇ ਬਣਿਆ ਹੈ। ਇਸ ਦਾ ਸਬੱਬ ਅਸੀਂ ਹੋਰ ਥਾਂ ਦੱਸਿਆ ਹੈ ਕਿ ਫਿਨਿਕੀ ਲਿਪੀ, ਜਿਸ ਵਿਚੋਂ ਬ੍ਰਹਮੀ ਦੇ ਅੱਖਰ ਲਏ ਗਏ ਸਨ, ਸੱਜਿਉਂ ਖੱਬੇ ਨੂੰ ਤੇ ਲੀਕੋਂ ਉਪਰ ਲਿਖੀ ਜਾਂਦੀ ਸੀ ਅਤੇ ਬ੍ਰਹਮੀ ਅੱਖਰ ਕੁਝ ਚਿਰ ਬੇਠੁਕੀ ਦੀ ਹਾਲਤ ਵਿਚ ਰਹਿ ਕੇ ਜਲਦੀ ਹੀ ਸਾਡੇ ਪੰਡਤਾਂ ਦੀ ਬੱਧੀ ਰੀਤੀ ਅਨੁਸਾਰ ਲਿਖੇ ਜਾਣ ਲੱਗ ਪਏ। ਅਰਥਾਤ ਖੱਬਿਉਂ ਸੱਜੇ ਨੂੰ ਤੇ ਲੀਕੋਂ ਹੇਠਾਂ।

ਤਾਂ ਤੇ ਹੁਣ ਤੱਕ ਗੁਰਮੁਖੀ ਦਾ ਕੋਈ ਅੱਖਰ ਨਵਾਂ ਬਣਿਆ ਸਿੱਧ ਨਹੀਂ ਹੋਇਆ। ਸਭ ਪੁਰਾਣੀਆਂ ਸ਼ਕਲਾਂ ਵਿਚੋਂ ਹੀ, ਕਿਸੇ ਨਾ ਕਿਸੇ ਤਰ੍ਹਾਂ ਬਣੇ ਹਨ ਅਤੇ ਹੁਣ ਵਾਲੀਆਂ ਸ਼ਕਲਾਂ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪਹਿਲੇ ਦੀਆਂ ਹਨ। ਬਾਕੀ ਰਿਹਾ

(ਬਾਕੀ ਅਗਲੇ ਸਫੇ ਤੇ)

# ਪ੍ਰਭੂ ਯਿਸੂ ਮਸੀਹ ਦੇ ਦੇਹ-ਧਾਰੀ ਹੋਣ ਦਾ ਦਿਨ- "ਵੱਡਾ ਦਿਨ"

ਪ੍ਰਭੂ ਪ੍ਰਮੇਸ਼ਵਰ ਦੇ ਦੇਹ-ਧਾਰੀ ਹੋਣ ਦੀ ਕਥਾ, ਪਵਿੱਤਰ ਬਾਈਬਲ ਅਨੁਸਾਰ ਇਸ ਪ੍ਰਕਾਰ ਹੈ ਕਿ ਜਦ ਇੱਥੇ ਕੁਝ ਵੀ ਨਹੀਂ ਸੀ, ਕੇਵਲ ਸੁੰਨਸਾਨ ਹੀ ਸੀ ਤਾਂ ਪਰਮੇਸ਼ਵਰ ਨੇ ਧਰਤੀ-ਆਕਾਸ਼ ਅਤੇ ਇਸ ਵਿਚਲਾ ਸਭ ਕੁਝ ਸਿਰਜਿਆ ਅਤੇ ਦੇਖ ਕੇ ਆਖਿਆ ਕਿ "ਅੱਛਾ ਹੈ।" ਅੰਤ ਵਿਚ ਪਰਮੇਸ਼ਵਰ ਨੇ ਧਰਤੀ ਦੀ ਮਿੱਟੀ ਤੋਂ ਆਦਮ ਨੂੰ ਸਿਰਜ ਕੇ ਉਸ ਵਿਚ ਆਪਣਾ ਦਮ ਫੂਕਿਆ ਤਾਂ ਉਹ ਜਿਉਂਦੀ ਜਾਨ ਹੋ ਗਿਆ। ਆਪਣੀ ਇਸ ਅਤਿ-ਪਿਆਰੀ ਰਚਨਾ ਨੂੰ ਉਹਨੇ ਇਕ ਸੁੰਦਰ ਬਾਗ ਵਿਚ ਰੱਖ ਕੇ ਇਕ ਆਗਿਆ ਉਹਦੇ ਭਲੇ ਵਾਸਤੇ ਦਿੰਤੀ। ਪਰ ਆਦਮ ਨੇ ਆਗਿਆ ਤੋੜ ਕੇ ਪਰਮੇਸ਼ਵਰ ਨੂੰ ਗੁੱਸਾ ਦੁਆ ਦਿੱਤਾ। ਸਿੱਟੇ ਵਜੋਂ ਉਹਨੂੰ ਪਰਮੇਸ਼ਵਰ ਨੇ ਬਾਗ 'ਚੋਂ ਕੱਢ ਕੇ ਦੰਡਿਤ ਕਰ ਦਿੱਤਾ।


Rt. Rev. Younas Massey
Bishop
Diocese of Chandigarh

ਪਰਮੇਸ਼ਵਰ ਨੂੰ ਆਪਣੀ ਪਿਆਰੀ ਰਚਨਾ ਉਤੇ ਫੇਰ ਦਇਆ ਆ ਗਈ। ਉਹਨੇ ਉਹਦੀ ਗਲਤੀ ਦੀ ਮਾਫੀ ਦਾ ਪ੍ਰਬੰਧ ਕਰ ਦਿੱਤਾ। ਉਹਨੇ ਆਪਣਾ ਪਿਆਰਾ ਪੁੱਤਰ ਧਰਤੀ ਉਤੇ, ਆਦਮ ਦੇ ਗੁਨਾਹਾਂ ਦੀ ਮਾਫੀ ਵਾਸਤੇ, ਕੁਰਬਾਨ ਹੋਣ ਵਾਸਤੇ ਘੱਲਣ ਦੀ ਯੋਜਨਾ ਬਣਾ ਲਈ ਤਾਂ ਉਸ ਮੁਕਤੀਦਾਤੇ ਦੇ ਧਰਤੀ ਉਤੇ ਆਗਮਨ ਦਾ ਦਿਹਾੜਾ "ਵੱਡਾ ਦਿਨ" ਹੋ ਗਿਆ।

ਪ੍ਰਭੂ ਦਾ ਆਗਮਨ ਅਚਨਚੇਤ ਨਹੀਂ ਹੋਇਆ। ਸੈਂਕੜੇ-ਹਜ਼ਾਰਾਂ ਵਰ੍ਹੇ ਪਹਿਲਾਂ, ਇਸ ਬਾਰੇ ਨਬੀਆਂ ਨੇ ਭਵਿੱਖਬਾਣੀਆਂ ਕੀਤੀਆਂ ਸਨ ਕਿ ਇਕ ਕੰਵਾਰੀ ਦੀ ਕੁੱਖੋਂ, ਪਵਿੱਤਰ ਆਤਮਾ ਦੀ ਕਿਰਪਾ ਨਾਲ ਉਹਦਾ ਜਨਮ ਹੋਵੇਗਾ। ਉਸਦੇ ਜਨਮ ਸਮੇਂ ਪੂਰਬ ਵਿਚ ਇਕ ਅਦਭੁੱਤ ਤਾਰਾ ਚਮਕਿਆ ਜਿਸ ਨੂੰ ਦੇਖ ਕੇ ਪੂਰਬੀ ਦੇਸ਼ਾਂ ਦੇ ਨਜੂਮੀ, ਸੋਨਾ, ਮੁੱਰ ਅਤੇ ਲੁਬਾਨ ਵਰਗੀਆਂ ਸੁਗਾਤਾਂ ਲੈ ਕੇ ਉਹਨੂੰ ਭੇਂਟ ਚੜ੍ਹਾਉਣ ਲਈ ਆਏ।

ਉਹ ਬਾਲਗ ਯਿਸੂ, ਪੁਰਖਾਂ ਅਤੇ ਪਰਮੇਸ਼ਵਰ ਦੀ ਨਜ਼ਰ ਵਿਚ ਮਕਬੂਲ ਹੁੰਦਾ ਹੋਇਆ ਲਹੂ-ਮਾਸ ਅਰਥਾਤ ਦੇਹ ਅਤੇ ਆਤਮਾ ਵਿਚ ਵੱਧਦਾ ਗਿਆ। ਉਸਦਾ ਪਹਾੜੀ ਉਪਦੇਸ਼ ਦੱਸਦਾ ਹੈ ਕਿ ਕਿਹੜੀਆਂ ਕਿਹੜੀਆਂ ਵਿਸ਼ੇਸ਼ਤਾਈਆਂ ਧਾਰਨ ਕਰਕੇ ਮਨੁੱਖ ਧੰਨ ਹੋ ਸਕਦਾ ਹੈ। ਉਹਨੇ ਸਹਿਣਸ਼ੀਲਤਾ ਦਾ ਪਾਠ ਪੜ੍ਹਾਇਆ ਕਿ ਜੇ ਤੇਰੀ ਇਕ ਗੱਲ੍ਹ ਉਪਰ ਕੋਈ ਥੱਪੜ ਮਾਰੇ ਤਾਂ ਦੂਜਾ ਪਾਸਾ ਵੀ ਉਹਦੇ ਵੱਲ ਫੇਰ ਦੇ। ਆਪਣੇ ਦੋਖੀਆਂ ਨੂੰ 7 ਦੇ 70 ਵਾਰ ਮਾਫ ਕਰਨ ਦੀ ਸਿੱਖਿਆ ਦਿੱਤੀ।



ਪਿਆਰ ਉਹਦੀ ਸਿੱਖਿਆ ਦਾ ਧੁਰਾ ਹੈ। ਉਸ ਆਖਿਆ ਕਿ ਸਭ ਤੋਂ ਵੱਡਾ ਹੁਕਮ ਹੈ ਕਿ- ਤੂੰ ਆਪਣੇ ਪੜੋਸੀ ਨੂੰ ਆਪਣੇ ਵਾਂਗ ਪਿਆਰ ਕਰ। ਪੜੋਸੀ ਕੌਣ ਹੈ? ਬਾਰੇ ਉਹਨਾਂ ਸਪਸ਼ਟ ਕੀਤਾ ਕਿ ਹਰੇਕ ਲੋੜਵੰਦ ਜਿਸ ਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ, ਉਹ ਤੁਹਾਡਾ ਪੜੋਸੀ ਹੈ। ਉਹਨੇ ਆਖਿਆ ਜਿਸ ਨ ਭੁੱਖੇ ਨੂੰ ਭੋਜਨ ਦਿੱਤਾ ਉਹਨੇ ਮੈਨੂੰ ਅਰਥਾਤ ਖੁਦਾ ਨੂੰ ਦਿੱਤਾ ਜਿਸਦਾ ਅਜ਼ਰ ਉਹਨੂੰ ਮਿਲੇਗਾ।

ਲੋੜ ਹੈ ਕਿ ਅਸੀਂ ਪ੍ਰਭੂ ਦੇ ਆਗਮਨ ਦਾ ਦਿਹਾੜਾ- "ਵੱਡਾ ਦਿਨ" ਉਹਦੀਆਂ ਸਿੱਖਿਆਵਾਂ ਉਤੇ ਚੱਲਣ ਦਾ ਪ੍ਰਣ ਲੈ ਕੇ ਮਨਾਈਏ। ਆਮੀਨ।

ਪ੍ਰਭੂ ਆਪ ਸਭ ਨੂੰ ਬਰਕਤ ਦੇਵੇ।

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)


ਮੇਘ ਰਾਜ ਮਿੱਤਰ
+91-98887-87440

**(14ਵੀ ਕਿਸਤ)**

ਪ੍ਰਿਥਵੀ ਦੀ ਹੋਂਦ ਦੇ ਪਹਿਲੇ ਦਸ ਕਰੋੜ ਸਾਲ ਇਸ ਉਪਰ ਚਟਾਨੀ ਪਦਾਰਥ ਡਿੱਗਦੇ ਰਹੇ ਜਿਹਨਾਂ ਨੇ ਇਸਦਾ ਆਕਾਰ ਅੱਜ ਜਿੱਡਾ ਕਰ ਦਿੱਤਾ। ਜਦੋਂ ਧਰਤੀ ਹੋਂਦ ਵਿੱਚ ਆ ਰਹੀ ਸੀ ਲਗਭਗ ਇਸ ਸਮੇਂ ਹੀ ਇਸਦਾ ਚੰਨ ਤੇ ਹੋਰ ਗ੍ਰਹਿ ਬਣਨ ਦਾ ਸਿਲਸਿਲਾ ਚੱਲ ਰਿਹਾ ਸੀ। ਹੋਂਦ ਵਿਚ ਆਉਣ ਤੋਂ ਕਰੋੜਾਂ ਵਰਖ਼ੇ ਬਾਅਦ ਧਰਤੀ ਦੇ ਅੰਦਰੂਨੀ ਪਦਾਰਥਾਂ ਦੀਆਂ ਟੱਕਰਾਂ ਕਾਰਨ ਇਸ ਵਿੱਚ ਪੈਦਾ ਹੋਈ ਗਰਮੀ ਨੇ ਇਸਦਾ ਸਭ ਕੁਝ ਪਿਘਲਾ ਦਿੱਤਾ ਸੀ। ਇਸ ਕਾਰਨ ਇਸਦੇ ਭਾਰੇ ਪਦਾਰਥ ਇਸਦੇ ਕੇਂਦਰ ਵਿੱਚ ਤੇ ਹਲਕੇ ਪੇਪੜੀ ਤੇ ਆ ਗਏ ਸਨ। ਹਾਈਡ੍ਰੋਜਨ ਵਰਗੀਆਂ ਹਲਕੀਆਂ ਗੈਸਾਂ ਬਾਹਰ ਨਿਕਲ ਕੇ ਧਰਤੀ ਦੇ ਆਲੇ-ਦੁਆਲੇ ਖਿਲਰਦੀਆਂ ਰਹੀਆਂ।

ਧਰਤੀ ਦੇ ਉੱਚੇ ਤਾਪਮਾਨ ਕਰਕੇ ਬਹੁਤ ਸਾਰੇ ਅਣੂ ਜੁੜਦੇ ਰਹੇ ਤੇ ਟੁੱਟਦੇ ਰਹੇ। ਇਹ ਕਿਰਿਆ ਲੱਖਾਂ ਸਾਲਾਂ ਤੱਕ ਜਾਰੀ ਰਹੀ। ਧਰਤੀ ਦੇ ਠੰਡਾ ਹੋਣ ਨਾਲ ਕੁਝ ਪ੍ਰਮਾਣੂ ਜੁੜ ਗਏ ਅਤੇ ਸਧਾਰਣ ਕਿਸਮ ਦੇ ਪਦਾਰਥ ਜਿਹੜੇ ਦੋ ਜਾਂ ਚਾਰ ਕਿਸਮ ਦੇ ਪ੍ਰਮਾਣੂਆਂ ਦੇ ਮਿਲਣ ਕਾਰਨ ਹੀ ਬਣ ਸਕਦੇ ਸਨ ਉਹ ਹੋਂਦ ਵਿੱਚ ਆ ਗਏ ਕਿਉਂਕਿ ਪਾਣੀ ਹਾਈਡ੍ਰੋਜਨ ਦੇ ਦੋ ਅਤੇ ਆਕਸੀਜਨ ਦੇ ਇੱਕ ਪ੍ਰਮਾਣੂ ਦੇ ਜੁੜਨ ਕਾਰਨ ਬਣਦਾ ਹੈ ਇਸ ਲਈ ਇਹ ਵੀ ਹੋਂਦ ਵਿੱਚ ਆ ਗਿਆ ਭਾਵੇਂ ਇਹ ਅਜੇ ਭਾਫ ਦੇ ਰੂਪ ਵਿੱਚ ਸੀ। ਇਸ ਤਰਖ਼ਾਂ ਐਮੋਨੀਆ ਤੇ ਮਿਥੇਨ ਆਦਿ ਗੈਸਾਂ ਵੀ ਹੋਂਦ ਵਿੱਚ ਆ ਗਈਆਂ। ਇਹਨਾਂ ਗੈਸਾਂ ਕਾਰਨ ਹੀ ਸਾਡਾ ਪਹਿਲਾ ਵਾਯੂਮੰਡਲ ਬਣ ਗਿਆ। ਇਸ ਵਾਯੂਮੰਡਲ ਵਿੱਚ ਪਾਣੀ ਤਾਂ ਸੀ ਪਰ ਆਕਸੀਜਨ ਅਜੇ ਇਸ ਵਿੱਚ ਪੈਦਾ ਨਹੀਂ ਹੋਈ ਸੀ।

**ਧਰਤੀ ਤੇ ਰਹਿਣ ਲਈ ਹਾਲਤਾਂ ਕਿਵੇਂ ਬਣੀਆਂ?**

ਜਿਵੇਂ-ਜਿਵੇਂ ਧਰਤੀ ਠੰਡੀ ਹੁੰਦੀ ਗਈ ਤੇ ਇਸਦੇ ਵਾਯੂਮੰਡਲ ਦਾ ਤਾਪਮਾਨ ਘਟਦਾ ਰਿਹਾ। ਇੱਕ ਸਮਾਂ ਅਜਿਹਾ ਵੀ ਆ ਗਿਆ ਕਿ ਧਰਤੀ ਦੇ ਵਾਯੂਮੰਡਲ ਦਾ ਤਾਪਮਾਨ 1000 ਦਰਜੇ ਸੈਲਸੀਅਸ ਤੋਂ ਘਟ ਗਿਆ। ਇਸ ਤਰਖ਼ਾਂ ਧਰਤੀ ਦੇ ਵਾਯੂਮੰਡਲ ਵਿੱਚ ਉੱਡੀ ਫਿਰਦੀ ਭਾਫ ਮੀਂਹ ਬਣ ਕੇ ਵਰਖ਼ਣ ਲੱਗ ਪਈ ਸ਼ਾਇਦ ਹਜ਼ਾਰਾਂ ਵਰਖ਼ੇ ਲਗਾਤਾਰ ਮੀਂਹ ਪੈਂਦਾ ਰਿਹਾ। ਧਰਤੀ ਦਾ ਲਾਵਾ ਠੰਡਾ ਹੁੰਦਾ ਰਿਹਾ ਤੇ ਮੁੜ ਪਾਣੀ ਦੀ ਭਾਫ ਬਣ ਜਾਂਦੀ। ਇਸ ਤਰਖ਼ਾਂ ਧਰਤੀ ਦੀ ਪੇਪੜੀ ਸਖਤ ਹੁੰਦੀ ਗਈ ਤੇ ਹੌਲੀ-ਹੌਲੀ ਇਹ ਪਾਣੀ ਨੀਵੇਂ ਸਥਾਨਾਂ ਵਿੱਚ ਭਰਨ ਲੱਗ ਪਿਆ। ਇਸ ਤਰਖ਼ਾਂ ਸਾਡੇ ਪ੍ਰਾਚੀਨ ਸਮੁੰਦਰ ਹੋਂਦ ਵਿੱਚ ਆਉਣ ਲੱਗ ਪਏ। ਗਰੀਨ ਲੈਂਡ ਵਿੱਚੋਂ ਪ੍ਰਾਪਤ ਹੋ ਰਹੀਆਂ ਪਾਣੀ ਦੇ ਛਿੱਟਿਆਂ ਵਾਲੀਆਂ ਚਟਾਨਾਂ ਧਰਤੀ ਤੇ ਵਰਨ ਵਾਲੇ ਮੀਹਾਂ ਦੀ ਗਵਾਹੀ ਭਰਦੀਆਂ ਹਨ। ਵਿਗਿਆਨੀਆਂ ਅਨੁਸਾਰ ਇਹਨਾਂ ਚਟਾਨਾਂ ਦੀ ਉਮਰ 380 ਕਰੋੜ ਵਰਖ਼ੇ ਹੈ। ਭੂਚਾਲਾਂ ਦੀਆਂ ਤਰੰਗਾਂ ਦਾ ਅਧਿਐਨ ਕਰਕੇ ਵਿਗਿਆਨੀਆਂ ਨੇ ਇਹ ਸਿੱਟਾ ਵੀ ਕੱਢਿਆ ਹੈ ਕਿ ਧਰਤੀ ਦੇ ਅੰਦਰ ਬਹੁਤ ਸਮਾਂ ਪਹਿਲਾ ਪਿਘਲੀਆਂ ਹੋਈਆਂ ਧਾਤਾਂ ਦੇ ਠੋਸ ਰੂਪ ਧਾਰਨ ਕਰਕੇ ਕੁਝ ਪਲੇਟਾਂ ਬਣ ਚੁੱਕੀਆਂ ਹਨ ਇਹਨਾਂ ਪਲੇਟਾਂ ਦੇ ਆਪਸੀ ਟਕਰਾਉ ਕਾਰਨ ਹੀ ਭੂਚਾਲ ਆਉਂਦੇ ਹਨ ਤੇ ਪਹਾੜ ਬਣਦੇ ਹਨ। ਇਸ ਤਰਖ਼ਾਂ ਕਰੋੜਾਂ ਸਾਲ ਵਿੱਚ ਧਰਤੀ ਦੀ ਪਰਤ ਕਰੋੜਾਂ ਬਾਰ ਹੀ ਬਣਦੀ ਤੇ ਟੁਟਦੀ ਰਹੀ ਹੈ।

ਪਹਿਲਾ ਜੀਵਤ ਸੈੱਲ ਕਦੋਂ ਤੇ ਕਿਵੇਂ ਹੋਂਦ ਵਿੱਚ ਆਇਆ?

ਦੱਖਣੀ ਅਫਰੀਕਾ ਵਿੱਚੋਂ ਮਿਲੀ 340 ਕਰੋੜ ਸਾਲ ਪੁਰਾਣੀਆਂ ਚਟਾਨਾਂ ਦੇ ਟੁਕੜਿਆਂ ਨੂੰ ਜਦੋਂ ਖੁਰਦਬੀਨ ਨਾਲ ਵੇਖਿਆ ਗਿਆ ਤਾਂ ਇਸ ਵਿੱਚੋਂ ਬੈਕਟੀਰੀਆ ਦੇ ਅਵਸ਼ੇਸ਼ ਮਿਲੇ ਹਨ। ਇਸਦਾ ਭਾਵ ਹੈ ਕਿ ਅੱਜ ਤੋਂ 340 ਕਰੋੜ ਸਾਲ ਪਹਿਲਾਂ ਜਿਉਂਦੀਆਂ ਚੀਜ਼ਾਂ ਇਸ ਧਰਤੀ ਤੇ ਵਿਚਰਨ ਲੱਗ ਪਈਆਂ ਸਨ। ਸੁਆਲ ਇਹ ਪੈਦਾ ਹੁੰਦਾ ਹੈ ਕਿ ਇਹ ਬੈਕਟੀਰੀਆ ਜਾਂ ਪਹਿਲਾ ਜੀਵਤ ਸੈੱਲ ਕਿਵੇਂ ਹੋਂਦ ਵਿੱਚ ਆਇਆ?

ਰੂਸ ਦੇ ਵਿਗਿਆਨਕ ਉਪੇਰਿਨ ਨੇ ਸੰਨ 1924 ਵਿੱਚ ਇਹ ਸਿਧਾਂਤ ਪੇਸ਼ ਕੀਤਾ ਸੀ ਕਿ ਗਰਮ ਧਰਤੀ ਦੇ ਵਾਯੂਮੰਡਲ ਵਿੱਚ ਹਾਈਡ੍ਰੋਜਨ ਮਿਥੇਨ ਤੇ ਅਮੋਨੀਆ ਜਿਹੀਆਂ ਗੈਸਾਂ ਹੋਂਦ ਵਿੱਚ ਆ ਗਈਆਂ ਸਨ। ਇਹਨਾਂ ਗੈਸਾਂ ਵਿੱਚ ਅਸਮਾਨੀ ਬਿਜਲੀ ਦੇ ਡਿਸਚਾਰਜ ਕਾਰਨ ਕਾਰਬਨਿਕ ਪਦਾਰਥ ਬਣਦੇ ਰਹੇ ਤੇ ਇਹ ਗਰਮ ਪਾਣੀ ਵਿੱਚ ਘੁਲ ਕੇ ਧਰਤੀ ਤੇ ਡਿੱਗਦੇ ਰਹੇ। ਇਸ ਤਰਖ਼ਾਂ ਹਜ਼ਾਰਾਂ ਸਾਲਾਂ ਵਿੱਚ ਧਰਤੀ ਦੇ ਸਮੁੰਦਰਾਂ ਵਿੱਚ ਇਕ ਲੈਸਲਾ ਪਦਾਰਥ ਜਮਖ਼ਾ ਹੋ ਗਿਆ। ਇਹ ਲੈਸਲਾ ਪਦਾਰਥ ਹੀ ਸੀ ਜੋ ਬਾਅਦ ਵਿੱਚ ਜੀਵਨ ਲਈ ਲੋੜੀਂਦੇ ਨਿਉਕਲੀ ਪ੍ਰੋਟੀਨ ਵਿੱਚ ਬਦਲ ਗਿਆ। ਸੋ ਇਸ ਤਰਖ਼ਾਂ ਪਹਿਲਾ ਜੀਵਤ ਸੈੱਲ ਹੋਂਦ ਵਿੱਚ ਆ ਗਿਆ। ਅਮਰੀਕਾ ਦੇ ਇੱਕ ਵਿਗਿਆਨਕ ਸਟਾਨਲੇ ਮਿੱਲਰ ਨੇ ਇਸ ਸਿਧਾਂਤ ਨੂੰ ਬੜੇ ਹੀ ਦਿਲਚਸਪ ਪ੍ਰਯੋਗ ਰਾਹੀਂ ਸਿੱਧ ਕਰਕੇ ਵਿਖਾ ਦਿੱਤਾ। ਉਸਨੇ ਇੱਕ ਖਾਲੀ ਜਾਰ ਵਿੱਚ ਅਮੋਨੀਆ, ਮੀਥੇਨ, ਹਾਈਡ੍ਰੋਜਨ ਤੇ ਪਾਣੀ ਦੇ ਮਿਸ਼ਰਣ ਵਿੱਚ ਬਿਜਲੀ ਲੰਘਾ ਕੇ ਵੇਖਿਆ ਕਿ ਆਰਗੇਨਕ ਪਦਾਰਥਾਂ ਦੇ ਅਣੂਆਂ ਦੀਆਂ ਲੜੀਆਂ ਬਣ ਗਈਆਂ ਜਿਹਨਾਂ ਵਿੱਚ ਜੀਵਨ ਲਈ ਲੋੜੀਂਦੇ ਨਿਉਕਲੀ ਪ੍ਰੋਟੀਨ ਵੀ ਸ਼ਾਮਿਲ ਸਨ। ਇਸ ਤਰਖ਼ਾਂ ਹੀ ਇਸ ਯੁੱਗ ਦੇ ਵਾਯੂਮੰਡਲ ਵਿੱਚ ਵਾਪਰਦਾ ਰਿਹਾ ਸੀ। ਆਕਾਸ਼ੀ ਬਿਜਲੀ ਪੁਲਾੜ ਵਿੱਚ ਇਹਨਾਂ ਚਾਰਾਂ ਪਦਾਰਥਾਂ ਪਾਣੀ, ਹਾਈਡ੍ਰੋਜਨ, ਮਿਥੇਨ ਤੇ ਅਮੋਨੀਆ ਵਿੱਚੋਂ ਲੰਘਦੀ ਰਹੀ ਤੇ ਇਹ ਪਦਾਰਥ ਨਿਉਕਲੀ ਪ੍ਰੋਟੀਨ ਬਣਕੇ ਸਮੁੰਦਰ ਵਿੱਚ ਜਮਖ਼ਾ ਹੁੰਦੇ ਰਹੇ। ਹੌਲੀ-ਹੌਲੀ ਇਹਨਾਂ ਪਦਾਰਥਾਂ ਵਿੱਚ ਜੀਵਨ ਪ੍ਰਗਟ ਹੋ ਗਿਆ। ਕਾਰਬਨ ਤੱਤ ਵਿੱਚ ਲੰਬੀਆਂ ਅਣੂ ਲੜੀਆਂ ਬਣਾਉਣ ਦੀ ਯੋਗਤਾ ਹੁੰਦੀ ਹੈ। ਸੋ ਇਹ ਤੱਤ ਹੀ ਸਾਡੇ ਜੀਵਨ ਦਾ ਆਧਾਰ ਬਣਿਆ।

**ਕੀ ਕਿਸੇ ਹੋਰ ਗ੍ਰਹਿ ਤੇ ਜੀਵਨ ਹੈ?**

ਸਾਡੀ ਆਕਾਸ਼ ਗੰਗਾ ਦੇ 150 ਅਰਬ ਤਾਰਿਆਂ ਵਿੱਚੋਂ ਸਾਡਾ ਸੂਰਜ ਵੀ ਇਕ ਤਾਰਾ ਹੈ ਤੇ ਬ੍ਰਹਿਮੰਡ ਵਿੱਚ ਇੱਕ ਖਰਬ ਤੋਂ ਵਧੇਰੇ ਗਲੈਕਸੀਆਂ ਹਨ ਤੇ ਜੇ ਸੂਰਜ ਦੇ ਇੱਕ ਗ੍ਰਹਿ ਤੇ ਜੀਵਨ ਹੋ ਸਕਦਾ ਹੈ ਤਾਂ ਇਹ ਅਸੰਭਵ ਹੈ ਕਿ ਬ੍ਰਹਿਮੰਡ ਵਿੱਚ ਅਰਬਾਂ ਖਰਬਾਂ ਤਾਰਿਆਂ ਦੇ ਕਿਸੇ ਗ੍ਰਹਿ ਤੇ ਜੀਵਨ ਨਹੀਂ ਹੋਵੇਗਾ। ਸੋ ਸਾਡੇ ਬ੍ਰਹਿਮੰਡ ਵਿੱਚ ਅਜਿਹੇ ਖਰਬਾਂ ਗ੍ਰਹਿ ਹੋਰ ਹੋ ਸਕਦੇ ਹਨ ਜਿੰਨਾ ਕੋਲ ਜੀਵਨ ਹੋਣ ਦੀ ਸੰਭਾਵਨਾ ਹੈ। ਇਸ ਤੋਂ ਅੱਗੇ ਇੱਕ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਬਾਕੀ ਤਾਰਿਆਂ ਦੇ ਗ੍ਰਹਿਆਂ ਕੋਲ ਸਾਡੇ ਨਾਲੋਂ ਘੱਟ ਵਿਕਸਿਤ ਜੀਵ ਹੋਣਗੇ? ਇਸ ਦਾ ਜੁਆਬ ਵੀ ਨਾਂਹ ਵਿੱਚ ਹੈ। ਜੇ ਅਸੀਂ ਆਪਣੇ ਜੀਵਾਂ ਨੂੰ ਦਰਮਿਆਨੇ ਵਿਕਸਿਤ ਮੰਨ ਲਈਏ ਤਾਂ ਜ਼ਰੂਰ ਹੀ ਅਰਬਾਂ ਗ੍ਰਹਿ ਅਜਿਹੇ ਹੋਣਗੇ ਜਿਹਨਾਂ ਦੇ ਜੀਵਾਂ ਨੇ ਮਨੁੱਖ ਨਾਲੋਂ ਵੱਧ ਤਰੱਕੀ ਕਰ ਲਈ ਹੋਵੇਗੀ।

ਸੋ ਅਸੀਂ ਇਹ ਗੱਲ ਯਕੀਨ ਨਾਲ ਆਖ ਸਕਦੇ ਹਾਂ ਕਿ ਮਨੁੱਖ ਨਾਲੋਂ ਵੱਧ ਵਿਕਸਿਤ ਵਿਗਿਆਨ ਵਾਲੇ ਜੀਵਨ ਇਸ ਬ੍ਰਹਿਮੰਡ ਵਿੱਚ ਜ਼ਰੂਰ ਵਰਾਜਮਾਨ ਹਨ। ਇਹਨਾਂ ਵਿਕਸਿਤ ਜਾਂ ਅਣ-ਵਿਕਸਿਤ ਸੱਭਿਅਤਾਵਾਂ ਦਾ ਪਤਾ ਲਾਉਣ ਵਿੱਚ ਸਭ ਤੋਂ ਵੱਡੀ ਸਮੱਸਿਆ ਇਹਨਾਂ ਵਿਚਕਾਰਲੀ ਦੂਰੀ ਦੀ ਹੈ। ਵਿਗਿਆਨੀਆਂ ਕੋਲ ਪ੍ਰਕਾਸ਼ ਨਾਲੋਂ ਵਧ ਤੇਜ਼ੀ ਨਾਲ ਗਤੀ ਕਰਨ ਵਾਲੀਆਂ ਤਰੰਗਾਂ ਜਾਂ ਕਿਰਨਾਂ ਨਹੀਂ ਹਨ ਤੇ ਅਸੀਂ ਜਾਣਦੇ ਹਾਂ ਕਿ ਨੇੜੇ ਤੋਂ ਨੇੜੇ ਤਾਰੇ ਤੱਕ ਪ੍ਰਕਾਸ਼ ਪਹੁੰਚਣ ਵਿੱਚ 4.3 ਸਾਲ ਲੱਗ ਜਾਂਦੇ ਹਨ। ਸ਼ਾਇਦ ਦੂਸਰੇ ਗ੍ਰਹਿਆਂ ਦੇ ਵਸ-ਨੀਕਾਂ ਨੂੰ ਵੀ ਦੂਸਰੀਆਂ ਸੱਭਿਅਤਾਵਾਂ ਨਾਲ ਸੰਪਰਕ ਕਰਨ ਲਈ ਇਹ ਦੂਰੀਆਂ ਹੀ ਵੱਡੀਆਂ ਰੁਕਾਵਟਾਂ ਹੋਣ। ਵਿਗਿਆਨੀਆਂ ਵੱਲੋਂ ਭੇਜੇ ਨਵੇਂ ਉਪਗ੍ਰਹਿ ਸੂਰਜ ਮੰਡਲ ਦੇ ਘੇਰੇ ਤੋਂ ਬਾਹਰ ਨਿਕਲ ਕੇ ਬਾਹਰਲੀਆਂ ਸੱਭਿਅਤਾਵਾਂ ਦੀ ਖੋਜ ਵਿੱਚ ਆਪਣਾ ਸਫਰ ਸ਼ੁਰੂ ਕਰ ਚੁੱਕੇ ਹਨ। ਹੋ ਸਕਦਾ ਹੈ ਕਿ ਇੱਕੀਵੀਂ ਸਦੀ ਵਿੱਚ ਕਿਸੇ ਹੋਰ ਗ੍ਰਹਿ ਵਲੋਂ ਛੱਡੇ ਗਏ ਰੇਡੀਓ ਸਿਗਨਲ ਅਸੀਂ ਪ੍ਰਾਪਤ ਕਰ ਸਕੀਏ।

**ਸਾਡੇ ਸੂਰਜ ਮੰਡਲ ਦੇ ਬਾਕੀ ਗ੍ਰਹਿਆਂ ਤੇ ਜੀਵਨ ਕਿਉਂ ਨਹੀਂ?**

ਧਰਤੀ ਸੂਰਜ ਦੁਆਲੇ ਇੱਕ ਸਾਲ ਵਿੱਚ ਜਿਹੜਾ ਚੱਕਰ ਲਾਉਂਦੀ ਹੈ ਉਸ ਚੱਕਰ ਦੇ 6.5 ਕਰੋੜ ਕਿਲੋਮੀਟਰ ਦੇ ਅੰਦਰ-ਅੰਦਰ ਜੀਵ ਜਿਉਂਦੇ ਰਹਿ ਸਕਦੇ ਹਨ। ਮੰਗਲ ਤੇ ਸ਼ੁੱਕਰ ਅਜਿਹੇ ਗ੍ਰਹਿ ਹਨ ਜਿਹੜੇ ਇਸ ਦੂਰੀ ਦੇ ਵਿਚਕਾਰ ਹਨ। ਮੰਗਲ ਇਸ ਚੱਕਰ ਦੇ ਬਾਹਰਲੇ ਕਿਨਾਰੇ ਤੇ ਸਥਿਤ ਹੈ ਤੇ ਸ਼ੁੱਕਰ ਇਸ ਦੇ ਅੰਦਰਲੇ ਕਿਨਾਰੇ ਤੇ ਹੈ ਪਰ ਇਹਨਾਂ ਤੇ ਜੀਵਨ ਨਹੀਂ ਹੈ ਭਾਵੇਂ ਇਹ ਗ੍ਰਹਿ ਧਰਤੀ ਵਾਲੇ ਤੱਤਾਂ ਨਾਲ ਹੀ ਹੋਂਦ ਵਿੱਚ ਆਏ ਸਨ।

ਗ੍ਰਹਿ ਸ਼ੁੱਕਰ ਦੇ ਵਾਯੂਮੰਡਲ ਵਿੱਚ 90ਗ ਕਾਰਬਨ ਡਾਈਆਕਸਾਈਡ ਹੈ ਜੋ ਇਸ ਦੇ ਵਾਯੂਮੰਡਲ ਨੂੰ ਬਹੁਤ ਗਰਮ ਰੱਖਦੀ ਹੈ ਇਸ ਤਰਖ਼ਾਂ ਇਥੇ ਤਾਪਮਾਨ 475 ਦਰਜੇ 3 ਤੱਕ ਪੁੱਜ ਜਾਂਦਾ ਹੈ। ਐਨੀ ਗਰਮੀ ਵਿੱਚ ਜੀਵਾਂ ਦਾ ਰਹਿਣਾ ਸੰਭਵ ਨਹੀਂ ਹੈ। ਮੰਗਲ ਤੇ ਤਾਪਮਾਨ ਬਹੁਤ ਘੱਟ ਹੈ ਵਾਯੂਮੰਡਲ ਦਾ ਦਬਾਉ ਵੀ ਧਰਤੀ ਦੇ ਦਬਾਉ ਨਾਲੋਂ ਸੌ ਗੁਣਾ ਘੱਟ ਹੈ। ਇਹਨਾਂ ਹਾਲਤਾਂ ਵਿੱਚ ਜੀਵਾਂ ਦਾ ਵਿਕਸਿਤ ਹੋਣਾ ਸੰਭਵ ਨਹੀਂ ਹੈ ਬਾਕੀ ਗ੍ਰਹਿ ਸੂਰਜ ਦੇ ਨੇੜੇ ਹੋਣ ਕਾਰਨ ਬਹੁਤ ਗਰਮ ਜਾਂ ਦੂਰ ਹੋਣ ਕਾਰਨ ਐਨੇ ਠੰਡੇ ਹਨ ਕਿ ਪੌਦੇ ਤੇ ਜੀਵ ਜੰਤੂਆਂ ਦੀ ਇਹਨਾਂ ਉਪਰ ਹੋਂਦ ਅਸੰਭਵ ਹੈ।

ਚੰਦਰਮਾ ਧਰਤੀ ਦਾ ਉਪਗ੍ਰਹਿ ਹੈ। ਇਸਦੀ ਖਿੱਚ ਸ਼ਕਤੀ ਇਸਦੇ ਹਲਕੇ ਭਾਰ ਕਾਰਨ ਹੀ ਘੱਟ ਹੈ ਅਤੇ ਇਸ ਲਈ ਗੈਸਾਂ ਇਸ ਉੱਤੇ ਰਹਿ ਨਹੀਂ ਸਕਦੀਆਂ ਤੇ ਸਿੱਧੀਆਂ ਹੀ ਇਹ ਪੁਲਾੜ ਵਿੱਚ ਖਿੱਲਰ ਜਾਂਦੀਆਂ ਹਨ। ਇਸ ਕਾਰਨ ਚੰਦਰਮਾ ਤੇ ਵੀ ਜੀਵਨ ਨਹੀਂ ਹੋ ਸਕਦਾ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਧਰਤੀ ਤੇ ਉਪਲਬਧ ਕਾਰਬਨ,ਧਰਤੀ ਦੀ ਸੂਰਜ ਤੋਂ ਦੂਰੀ ਅਤੇ ਧਰਤੀ ਦਾ ਪੁੰਜ ਹੀ ਅਜਿਹੇ ਕਾਰਨ ਹਨ ਜਿਹੜੇ ਇਸ ਗ੍ਰਹਿ ਤੇ ਜੀਵਾਂ ਨੂੰ ਵਿਕਸਿਤ ਕਰਨ ਲਈ ਅਤੀ ਜ਼ਰੂਰੀ ਹਨ। ਸੋ ਕਿਸੇ ਗ੍ਰਹਿ ਤੇ ਜੀਵਨ ਹੋਣ ਲਈ ਤਿੰਨ ਸ਼ਰਤਾਂ ਅਤੀ ਜ਼ਰੂਰੀ ਹਨ। ਇਹ ਸ਼ਰਤਾਂ ਕਾਰਬਨ ਵਰਗੇ ਕ੍ਰਿਆਸ਼ੀਲ ਤੱਤ ਦੀ ਮੌਜੂਦਗੀ ਆਪਣੇ ਤਾਰੇ ਤੋਂ ਯੋਗ ਦੂਰੀ ਤੇ ਖਾਸ ਪੰਜ। ਜੋ ਗ੍ਰਹਿ ਜਾਂ ਉਪ ਗ੍ਰਹਿ ਇਹ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਇਹਨਾਂ ਤੇ ਕਿਸੇ ਨਾ ਕਿਸੇ ਵੇਲੇ ਜੀਵਨ ਦੀ ਸੰਭਾਵਨਾ ਹੁੰਦੀ ਹੈ।

**(ਚਲਦਾ)**

# ਪੰਜਾਬ ਵਿਚ ਪ੍ਰਚੱਲਿਤ ਲਿਪੀਆਂ ਦਾ ਆਪੋ ਵਿਚ ਟਾਕਰਾ

ਵਾਧੂ ਅੱਖਰ 'ੜ'। ਇਹ ਅੱਖਰ 'ਡ' ਨਾਲ ਉਚਾਰਣ ਵਿਚ ਮਿਲਦਾ ਹੈ ਅਤੇ ਉਸੇ ਦੀ ਪੁਰਾਣੀ ਸ਼ਕਲ ਤੋਂ ਘੁੰਡੀ ਬਣਨ ਦੀ ਥਾਂ ਗੋਡਾ ਲਾ ਕੇ ਬਣਾਇਆ ਗਿਆ ਹੈ। ਫਿਰ ਇਹ ਅੱਖਰ ਪੰਜਾਬ ਦੀਆਂ ਹੋਰ ਵਰਣਮਾਲਾ 'ਉਚੀ' ਪੁਰਾਣੀ 'ਸਰਾਫੀ' ਆਦਿ ਵਿਚ ਮੌਜੂਦ ਹੈ, ਭਾਵੇਂ ਕਿਤੇ ਕਿਤੇ ਸ਼ਕਲ ਦਾ ਥੋੜ੍ਹਾ ਬਹੁਤਾ ਫਰਕ ਹੈ।

**ਗੁਰਮੁਖੀ ਵਰਤਮਾਨ ਦੇਵਨਾਗਰੀ ਨਾਲੋਂ ਪੁਰਾਣੀ ਹੈ**

ਗੁਰਮੁਖੀ ਦੇ ਅੱਖਰ ਨਾ ਨਿਰਾ ਪੁਰਾਣੇ ਅੱਖਰਾਂ ਤੋਂ ਹੀ ਬਣੇ ਹਨ, ਸਗੋਂ ਵਰਤਮਾਨ ਦੇਵਨਾਗਰੀ ਦੇ ਚਿੰਨ੍ਹਾਂ ਨਾਲੋਂ ਵੀ ਪੁਰਾਣੇ ਹਨ। ਅਸਲ ਵਿਚ ਪੰਜਾਬ ਦੀਆਂ ਤਿੰਨੋ ਲਿਪੀਆਂ ਦੇਵਨਾਗਰੀ ਨਾਲੋਂ ਪੁਰਾਣੀਆਂ ਸਿੱਧ ਹੁੰਦੀਆਂ ਹਨ। ਪੱਥਰਾਂ ਉਪਰ ਉੱਕਰੇ ਪੁਰਾਣੇ ਅੱਖਰਾਂ ਨਾਲ ਟਾਕਰਾ ਕਰਨ ਨਾਲ ਅਸੀਂ ਇਸ ਸਿੱਟੇ ਤੇ ਅੱਪੜਦੇ ਹਾਂ:-

'ਸਾਰਦਾ' ਦੇ ਗਿਆਰਾਂ ਅੱਖਰ : ਘ, ਙ, ਛ, ਠ, ਣ, ਤ, ਧ, ਫ, ਰ, ਲ ਤੇ ਹ, ਨਾਗਰੀ ਦੇ ਉਹਨਾਂ ਹੀ ਅੱਖਰਾਂ ਨਾਲੋਂ ਵਧੀਕ ਪੁਰਾਣੇ ਹਨ। ਇਸੇ ਤਰ੍ਹਾਂ ਟਾਕਰੀ ਦੇ ਤੇਰਾਂ ਅੱਖਰ : ਘ, ਚ, ਛ, ਜ, ਝ, ਢ, ਣ, ਤ, ਧ, ਨ, ਫ, ਗ ਅਤੇ ਲ, ਪ੍ਰਾਚੀਨ ਅੱਖਰਾਂ ਨਾਲੋਂ ਵਧੀਕ ਮਿਲਦੇ ਹਨ।"

ਇਹ ਕਥਨ ਪੰਡਤ ਗੌਰੀ ਸ਼ੰਕਰ ਓਝਾ ਦਾ ਹੈ, ਜੋ ਉਹਨਾਂ ਨੇ ਆਪਣੀ ਕਿਤਾਬ 'ਪ੍ਰਾਚੀਨ ਲਿਪੀ ਮਾਲਾ' ਵਿਚ ਕੀਤਾ ਹੈ। ਤਿਵੇਂ ਹੀ ਨਾਗਰੀ ਦੇ ਟਾਕਰੇ ਗੁਰਮੁਖੀ ਦੇ ਹੇਠ ਦਿੱਤੇ ਸਤਾਰਾਂ ਅੱਖਰਾਂ ਦੀਆਂ ਸ਼ਕਲਾਂ ਨਾਗਰੀ ਦੇ ਉਹਨਾਂ ਹੀ ਅੱਖਰਾਂ ਦੀਆਂ ਸ਼ਕਲਾਂ ਨਾਲੋਂ ਪੁਰਾਣੀਆਂ ਹਨ:- ਘ, ਙ, ਛ, ਢ, ਡ, ਣ, ਤ, ਥ, ਦ, ਥ, ਨ, ਫ, ਬ, ਠ, ਖ, ਰ ਤੇ ਪੁਰਾਤਨ ਲ।

ਗੁਰਮੁਖੀ ਪੈਂਤੀ ਦੇ ਬਹੁਤ ਸਾਰੇ ਅੱਖਰ ਅੱਠਵੀਂ ਸਦੀ ਬਿਕਰਮੀ ਦੇ ਲਾਗੇ ਹੁਣ ਵਾਲੀਆਂ ਸ਼ਕਲਾਂ ਦੇ ਬਹੁਤ ਨੇੜੇ ਆ ਚੁੱਕੇ ਸਨ। ਅਤੇ ਅ, ੳ, ਸ, ਜ, ਝ, ਵ, ਬਾਹਰਵੀਂ ਤੇਹਰਵੀਂ ਸਦੀ ਵਿਚ ਆ ਕੇ ਦਿੱਸਦੇ ਹਨ। ਇਸੇ ਤਰ੍ਹਾਂ ਲਗਾਂ ਜਾਂ ਸਵਰ ਚਿੰਨ੍ਹਾਂ ਵਿਚੋਂ ਗੁਰਮੁਖੀ ਅਤੇ ਟਾਕਰੀ ਦੇ ਔਂਕੜ ਤੇ ਦੁਲੈਂਕੜ ਦੇ ਨਿਸ਼ਾਨ ਜੋ ਦੋਹਾਂ ਲਿਪੀਆਂ ਵਿਚ ਇਕੋ ਹਨ ਅਤੇ ਇਸੇ ਤਰ੍ਹਾਂ ਹੋੜੇ ਤੇ ਕਨੌੜੇ ਦੇ ਚਿੰਨ੍ਹ ਪੁਰਾਣੇ ਨਿਸ਼ਾਨਾਂ ਦੇ ਵਧੀਕ ਨੇੜੇ ਹਨ। ਅੱਗੇ ਜਾ ਕੇ ਵੇਰਵੇ ਨਾਲ ਇਨ੍ਹਾਂ ਲਗਾਂ ਉਤੇ ਵਿਚਾਰ ਕੀਤਾ ਹੈ।

ਨਤੀਜਾ ਇਹ ਨਿਕਲਿਆ ਕਿ ਪੰਜਾਬ ਦੀਆਂ ਸੱਭੇ ਲਿਪੀਆਂ ਹੁਣ ਵਾਲੀ ਦੇਵਨਾਗਰੀ ਨਾਲੋਂ ਅਸਲ ਮੁੱਢ ਦੇ ਵਧੀਕ ਹਨ ਅਤੇ ਗੁਰਮੁਖੀ ਤੇ ਟਾਕਰੀ ਹੋਰ ਵੀ ਨੇੜੇ। ਤਾਂ ਤੇ ਇਹ ਪ੍ਰਤੱਖ ਹੈ ਕਿ ਗੁਰਮੁਖੀ ਇਕ ਪੁਰਾਣੀ ਵਰਣਮਾਲਾ ਹੈ, ਜਿਸ ਵਿਚ ਜੋ ਫ਼ਰਕ ਪਿਆ ਹੈ ਉਹ ਬਹੁਤ ਥੋੜ੍ਹਾ ਹੈ।

**ਗੁਰਮੁਖੀ ਵਰਣਮਾਲਾ ਵਿਚ ਅੱਖਰਾਂ ਦਾ ਪੰਕਤੀ-ਕ੍ਰਮ**

ਜਿਵੇਂ ਅੱਖਰਾਂ ਦੀਆਂ ਸ਼ਕਲਾਂ ਜਾਂ ਚਿੰਨ੍ਹਾਂ ਵਿਚ ਫਰਕ ਨਹੀਂ, ਤਿਵੇਂ ਹੀ ਉਹਨਾਂ ਦੀ ਵਰਣਮਾਲਾ ਵਿਚ ਤਰਤੀਬ ਜਾਂ ਪੰਕਤੀ ਵਿਚ ਵੀ ਕੋਈ ਫਰਕ ਨਹੀਂ। ਇਹ ਤਰਤੀਬ ਤੇ ਅੱਖਰਾਂ ਦੀ ਵਰਗਾਂ ਵਿਚ ਵੰਡ, ਸਾਡੇ ਪੁਰਾਣੇ ਸੰਸਕ੍ਰਿਤ ਤੇ ਪੰਡਤਾਂ ਦੀ ਦਿੱਤੀ ਹੋਈ ਹੈ। ਕੇਵਲ ਦੋ ਅੱਖਰ 'ਸ' ਤੇ 'ਹ' ਅੰਤ ਤੋਂ ਚੁੱਕ ਕੇ ਪਹਿਲੇ ਵਰਗ ਵਿਚ ਤਿੰਨ ਸਵਰਾਂ ਦੇ ਪਿੱਛੇ ਰੱਖ ਦਿੱਤੇ ਹਨ; ਜਿਸ ਨਾਲ ਇਹ ਪਹਿਲਾ ਵਰਗ ਵੀ ਪੰਜਾਂ ਦਾ ਪੂਰਾ ਬਣ ਗਿਆ ਹੈ ਅਤੇ ਸੱਤਾਂ ਵਰਗਾਂ ਦੇ 35 ਅੱਖਰ ਬਣ ਜਾਂਦੇ ਹਨ। ਪਰ 'ਸ' ਤੇ 'ਹ' ਲਈ ਵਰਣਮਾਲਾ ਵਿਚ ਇਹ ਥਾਂ ਮੁਕੱਰਰ ਹੋਣੀ ਵੀ 'ਗੁਰਮੁਖੀ' ਵਿਚ ਕੋਈ ਨਵੀਂ ਗੱਲ ਨਹੀਂ, ਅਤੇ ਨਾਂਹ ਵਰਣਾਂ ਦੀ ਗਿਣਤੀ 35 ਹੀ ਕੋਈ ਅਨੋਖੀ ਹੈ। ਬੱਚਿਆਂ ਨੂੰ ਪੜ੍ਹਾਣ ਜਾਂ ਉਂਝ ਵਰਤਣ ਲਈ ਅੱਖਰਾਂ ਦੇ ਨਾਂ ਵੀ: ਕੱਕਾ, ਖੱਖਾ, ਗੱਗਾ ਆਦਿ ਪੁਰਾਣੇ ਹਨ ਅਤੇ ਪੰਜਾਬ ਦੇ ਵਪਾਰੀ ਅੱਖਰਾਂ ਨਾਲ ਸਾਂਝੇ ਹਨ, ਭਾਵੇਂ ਦੇਵਨਾਗਰੀ ਵਿਚ ਅੱਖਰਾਂ ਨੂੰ: ਕਾ, ਖਾ, ਗਾ ਆਦਿ ਬੁਲਾਂਦੇ ਹਨ, ਜੋ ਅਸਲ ਵਿਚ ਅੱਖਰ ਨਹੀਂ, ਸਗੋਂ ਮਾਤਰਾ ਜਾਂ (ਹਿੰਦੀ) ਬਣ ਜਾਂਦੇ ਹਨ।

ਉਪਰਲੀਆਂ ਸਾਰੀਆਂ ਲਿਪੀਆਂ ਨੇ 'ੳ' ਨੂੰ (ਹਿੰਦੀ) ਵਿਚ ਆਉਣ ਕਰਕੇ ਵਰਣਮਾਲਾ ਵਿਚ ਸਭ ਅੱਖਰਾਂ ਤੋਂ ਪਹਿਲੇ ਰੱਖਿਆ ਹੈ ਅਤੇ 'ਅ' ਤੇ 'ੲ' ਪਿੱਛੋਂ- ਨਾਗਰੀ ਵਾਂਗ, ਉਪਜ ਸਥਾਨ ਅਨੁਸਾਰ ਨਹੀਂ ਰੱਖਿਆ।

# ਲਾਮਿਸਾਲ ਸਾਕੇ ਵਰਤਾਏ ਬੀਰ-ਬਹਾਦਰ ਜਿੰਦਾਂ ਨੇ



ਅਵਤਾਰ ਸਿੰਘ ਮਿਸ਼ਨਰੀ
510-432-5827

ਸਾਕਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕ-ਸੰਮਤ ਅਤੇ ਸਾਕੇ ਬਹੁ ਵਚਨ ਸ਼ਬਦ ਹੈ। ਸਾਕਾ ਤੋਂ ਭਾਵ ਹੈ ਕਿ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਿੱਖਾਂ ਤੋਂ ਪਹਿਲੇ ਵੀ ਸਾਕੇ ਵਰਤੇ ਹਨ ਹਰੇਕ ਸੱਚ ਦੇ ਪੁਜਾਰੀ ਨਾਲ ਕੋਈ ਨਾਂ ਕੋਈ ਸਾਕਾ ਵਰਤਿਆ ਹੀ ਹੈ ਜਿਵੇਂ ਮਨਸੂਰ, ਸਰਮਦ ਅਤੇ ਗੇਲੀਲੀਓ ਵਰਗੇ ਉੱਚਕੋਟੀ ਦੇ ਸੂਫੀ ਅਤੇ ਵਿਗਿਆਨੀ ਇਸ ਦੀ ਢੁੱਕਵੀਂ ਮਿਸਾਲ ਹਨ। ਪਰ ਜੋ ਛੋਟੀ ਜਿਹੀ ਸਿੱਖ ਕੌਮ ਨੇ ਲਾਸਾਨੀ ਸਾਕੇ ਵਰਤਾਏ ਅਤੇ ਹੰਡਾਏ ਉਹ ਬੇਹੱਦ ਲਾਮਿਸਾਲ ਹਨ। ਸਿੱਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਜੀ ਨੇ ਪੁਜਾਰੀਵਾਦ, ਬ੍ਰਾਹਮਣੀ ਕਰਮਕਾਂਡ, ਅਖੌਤੀ ਰੀਤਾਂ ਰਸਮਾਂ, ਸਰਕਾਰੀ ਜ਼ੁਲਮ ਅਤੇ ਅਨਿਆਇੰ ਵਿਰੁੱਧ ਉੱਠ ਖੜੇ ਹੋਣ ਦਾ ਸਾਕਾ ਵਰਤਾਇਆ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਬਦ ਗੁਰੂ ਦੀ ਸ਼ਾਨ ਅਤੇ "ਸਭੇ ਸਾਂਝੀਵਾਲ ਸਦਾਇਨ" ਦੇ ਸਿਧਾਂਤ ਲਈ ਸ਼ਹੀਦੀ ਸਾਕਾ ਵਰਤਾਇਆ। ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦਾ ਧਰਮ ਬਚਾਉਣ ਲਈ ਆਪਾ ਵਾਰਿਆ, ਸਿੱਖ ਦੇਗਾਂ ਵਿੱਚ ਉਬਲੇ ਅਤੇ ਆਰਿਆਂ ਨਾਲ ਚੀਰੇ ਗਏ, ਇਉਂ ਸਾਕਿਆਂ ਦੀ ਲੜੀ ਚੱਲ ਪਈ। ਇਸੇ ਸਾਕਾ ਲੜੀ ਦੇ ਅਨਮੋਲ ਹੀਰੇ, ਗੁਰਮਤਿ ਗਾਨੇ ਦੇ ਸੱਚੇ ਸੁੱਚੇ ਮੋਤੀ, ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜ਼ਿਗਰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਚਾਰੇ ਸਾਹਿਬਜ਼ਾਦਿਆਂ ਨੇ ਕ੍ਰਮਵਾਰ ਚਮਕੌਰ ਸਾਹਿਬ ਅਤੇ ਸਰਹਿੰਦ ਵਿਖੇ ਲਾਮਿਸਾਲ ਸਾਕੇ ਵਰਤਾ, ਵਿਲੱਖਣ ਇਤਿਹਾਸ ਸਿਰਜ ਦਿੱਤਾ।

ਸਾਹਿਬਜ਼ਾਦਾ ਫਾਰਸੀ ਦਾ ਸ਼ਬਦ ਹੈ ਜਿਸ ਦੀ ਸੰਗਿਆ ਹੈ- ਬਾਦਸ਼ਾਹਜਾਦਹ, ਰਾਜਕੁਮਾਰ, ਸੁਆਮੀ ਦਾ ਬੇਟਾ ਅਤੇ ਸਿੱਖਾਂ ਵਿੱਚ ਗੁਰੂ ਸਪੁੱਤ੍ਰ ਹੈ। ਸਹਿਬਜ਼ਾਦੇ ਪੁੱਤਰਾਂ ਨੂੰ ਵੀ ਕਿਹਾ ਜਾਂਦਾ ਹੈ, ਕਈ ਵਾਰ ਸਿਆਣੇ ਲੋਕ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਸਮੇ ਕਹਿੰਦੇ ਹਨ ਤੁਹਾਡੇ ਸਾਹਿਬਜ਼ਾਦਿਆਂ ਦਾ ਕੀ ਹਾਲ ਹੈ? ਸੁੱਖ ਨਾਲ ਆਪ ਜੀ ਦੇ ਕਿੰਨੇ ਸਾਹਿਬਜ਼ਾਦੇ ਹਨ? ਪਰ ਆਂਮ ਤੌਰਤੇ ਸਾਹਿਬਜ਼ਾਦੇ ਲਕਬ ਗੁਰੂ ਸਪੁੱਤ੍ਰਾਂ ਲਈ ਹੀ ਢੁਕਵਾਂ ਹੈ। ਬੀਰ ਸੰਸਕ੍ਰਿਤਿ ਅਤੇ ਬਹਾਦਰ ਫਾਰਸੀ ਦੇ ਸ਼ਬਦ ਹਨ। ਬੀਰ-ਯੋਧਾ, ਬਹਾਦਰ-ਉਤਸ਼ਾਹੀ ਅਤੇ ਸੂਰਬੀਰ। ਜਿਦ ਅਰਬੀ ਅਤੇ ਜਿੰਦ ਫਾਰਸੀ ਦੇ ਲਫਜ਼ ਹਨ। ਜਿਦ ਦੇ ਅਰਥ ਹਨ ਮੁਖ਼ਲਫਤ, ਵਿਰੋਧ ਅਤੇ ਹਠ ਪਰ ਜਿੰਦ ਦੇ ਅਰਥ ਹਨ-ਜਾਨ, ਰੂਹ, ਜੀਵਨਸਤਾ, ਅੰਤਸ਼ਕਰਨ, ਜੀਵਨ ਅਤੇ ਜ਼ਿੰਦਗੀ। ਪਾਠਕ ਜਨ ਸਾਕੇ ਜਿੰਦਾਂ, ਸਾਹਿਬਜ਼ਾਦਾ, ਬੀਰ ਅਤੇ ਬਹਾਦਰ ਸ਼ਬਦਾਂ ਦਾ ਭਾਵ ਸਮਝ ਗਏ ਹਨ ਜੋ ਲੇਖ ਦੇ ਸਿਰਲੇਖ ਵਿੱਚ ਆਏ ਹਨ।

ਹੁਣ ਆਪਾਂ ਚਾਰ ਸਹਿਬਜ਼ਾਦਿਆਂ ਦੇ ਸੰਖੇਪ ਜੀਵਨ ਅਤੇ ਕਾਰਨਾਮਿਆਂ ਬਾਰੇ ਵਿਚਾਰ ਕਰਦੇ ਹਾਂ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਜਾਂਨਸ਼ੀਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰ ਸਨ ਜਿਨ੍ਹਾਂ ਨੂੰ ਸਿੱਖ ਸੰਗਤਾਂ ਸਤਿਕਾਰ ਨਾਲ ਸਾਹਿਬਜ਼ਾਦੇ ਅਤੇ ਬਾਬਾ ਸ਼ਬਦਾਂ ਨਾਲ ਸੰਬੋਧਨ ਕਰਦੀਆਂ ਹਨ। ਬਾਬਾ ਅਜੀਤ ਸਿੰਘ ਦਾ ਜਨਮ 23 ਮੱਘਰ ਸੰਮਤ 1743 (1686 ਈ.) ਬਾਬਾ ਜੁਝਾਰ ਸਿੰਘ ਜੀ ਦਾ ਸੰਮਤ 1747 (1690 ਈ.) ਬਾਬਾ ਜੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ ੩ ਸੰਮਤ 1753 (1696 ਈ.) ਅਤੇ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ ਫੱਗਣ ਸੁਦੀ 7, ਸੰਮਤ 1755 (1698 ਈ.) ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ।

ਚਾਰੇ ਸਾਹਿਜ਼ਾਦਿਆਂ ਦੀ ਮਾਂ ਮਾਤਾ ਜੀਤ ਕੌਰ ਹੀ ਹੈ ਜਿਨ੍ਹਾਂ ਨੂੰ ਸੁੰਦਰ ਸ਼ਕਲ ਹੋਣ ਕਰਕੇ ਮਾਤਾ ਸੁੰਦਰੀ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ। ਪੁਰਾਣੇ ਸਮੇਂ ਜਦ ਲੜਕੀ ਵਿਆਹ ਕੇ ਸਹੁਰੇ ਘਰ ਜਾਂਦੀ ਸੀ ਤਾਂ ਸਹੁਰੇ ਉਸ ਦਾ ਨਵਾਂ ਨਾਂ ਰੱਖਦੇ ਸਨ। ਇਸ ਕਰਕੇ ਇਤਿਹਾਸਕਾਰਾਂ ਨੂੰ ਦੋ ਮਾਤਾਵਾਂ ਹੋਣ ਦਾ ਟਪਲਾ ਲੱਗਾ ਹੈ। ਵੈਸੇ ਵੀ ਗੁਰੂ ਘਰ ਵਿੱਚ ਇੱਕ ਨਾਰੀ ਨੂੰ ਹੀ ਮਾਨਤਾ ਹੈ-ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਵਖਾਣੈ॥ (ਭਾ.ਗੁ) ਬਹੁ ਪਤਨੀ ਵਿਆਹ ਇਸਲਾਮ ਵਿੱਚ ਹੈ ਸਿੱਖ ਧਰਮ ਵਿੱਚ ਨਹੀਂ। ਫਿਰ ਗੁਰੂ ਸਾਹਿਬ ਕੋਈ ਕਾਮੀ ਪੁਰਖ ਨਹੀਂ ਸਨ ਜੋ ਬਹੁ ਪਤਨੀ ਵਿਆਹ ਕਰਦੇ। ਕਈ ਕਹਿੰਦੇ ਹਨ ਕਿ ਗੁਰੂ ਸਾਹਿਬ ਰਾਜਾ ਯੋਗੀ ਸਨ ਇਸ ਦਾ ਮਤਲਵ ਇਹ ਨਹੀਂ ਕਿ ਉਹ ਦੁਨਿਆਵੀ ਰਾਜਿਆਂ ਵਰਗੇ ਅਜਾਸ਼ ਸਨ? ਜੇ ਐਸਾ ਗੁਰਮਤਿ ਵਿੱਚ ਪ੍ਰਵਾਨ ਹੁੰਦਾ ਤਾਂ ਸਿੱਖਾਂ ਦੀਆਂ ਵੀ ਕਈ-ਕਈ ਪਤਨੀਆਂ ਹੁੰਦੀਆਂ। ਇਹ ਗਲਤੀ ਮਹਾਂਰਾਜਾ ਰਣਜੀਤ ਸਿੰਘ ਨੇ ਕੀਤੀ ਹੈ ਜਾਂ ਨਹੀਂ ਇਤਿਹਾਸ ਵਿੱਚ ਰਲਾ ਹੈ। ਸਿੱਖ ਰਹਿਤ ਮਰਯਾਦਾ ਵਿੱਚ ਵੀ ਲਿਖਿਆ ਹੈ ਕਿ ਆਮ ਹਾਲਤਾਂ ਵਿੱਚ ਸਿੱਖ ਇੱਕ ਹੀ ਪਤਨੀ ਨਾਲ ਵਿਆਹ ਕਰੇ, ਹਾਂ ਜੇ ਕਿਸੇ ਖਾਸ ਹਾਲਤ ਵਿੱਚ ਪਹਿਲੀ ਪਤਨੀ ਚੜ੍ਹਾਈ ਕਰ ਜਾਵੇ ਜਾਂ ਸੰਤਾਨ ਨਾਂ ਹੋਵੇ ਤਾਂ ਕੁਲ ਜਾਰੀ ਰੱਖਣ ਵਾਸਤੇ ਦੂਜਾ ਵਿਆਹ ਕੀਤਾ ਜਾ ਸਕਦਾ ਹੈ ਨਾਂ ਕਿ ਐਸ਼ੋ-ਇਸ਼ਰਤ ਲਈ। ਗੁਰੂ ਸਾਹਿਬ ਜੋ ਉਪਦੇਸ਼ ਸਿੱਖਾਂ ਨੂੰ ਦਿੰਦੇ ਸਨ ਉਸਦੇ ਉਹ ਆਪ ਧਾਰਨੀ ਸਨ। ਆਪਾਂ ਗੁਰਬਾਣੀ ਸਿਧਾਂਤ ਨੂੰ ਮੁੱਖ ਰੱਖਣਾ ਹੈ ਨਾਂ ਕਿ ਸਾਖੀਆਂ ਜਾਂ ਸੁਣੀਆਂ ਸੁਣਾਈਆਂ ਗੱਲਾਂ ਨੂੰ। ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਦਾ ਜੀਵਨ ਗੁਰਬਾਣੀ ਵਿੱਚੋਂ ਹੀ ਪ੍ਰਗਟ ਹੁੰਦਾ ਹੈ। ਸਿੱਖ ਧਰਮ ਨਾਰੀ ਤੇ ਪੁਰਸ਼ ਨੂੰ ਬਰਾਬਰ ਮਾਨਤਾ ਦਿੰਦਾ ਹੈ। ਜੇ ਪੁਰਸ਼ ਵੱਧ ਵਿਆਹ ਕਰਵਾ ਸਕਦਾ ਹੈ ਤਾਂ ਫਿਰ ਨਾਰੀ ਕਿਉਂ ਨਹੀਂ? ਇਤਿਹਾਸ ਪੜ੍ਹਦੇ ਤੇ ਵਾਚਦੇ ਸਮੇਂ ਗੁਰਮਤਿ ਸਿਧਾਂਤਾਂ ਦੀ ਪਰਖ ਜਰੂਰੀ ਹੈ। ਜਿਵੇਂ ਸੁਨਿਆਰਾ ਸੋਨੇ ਦੀ ਪਰਖ ਕਰਕੇ ਖੋਟ ਪ੍ਰਵਾਨ ਨਹੀਂ ਕਰਦਾ, ਇਵੇਂ ਹੀ ਸਿੱਖ ਇਤਿਹਾਸ ਰੂਪੀ ਸੋਨੇ ਵਿੱਚ ਪੈ ਚੁੱਕੀ ਖੋਟ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਦੀ ਅਤਿਅੰਤ ਲੋੜ ਹੈ।

ਸਾਹਿਬਜ਼ਾਦਿਆਂ ਦੀ ਪਾਲਣਾ ਪੋਸ਼ਣਾ ਅਤੇ ਪੜ੍ਹਾਈ ਮਾਤਾ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਦੀ ਦੇਖ-ਰੇਖ ਵਿੱਚ ਹੋਈ। ਸਾਹਿਬਜ਼ਾਦਿਆਂ ਦਾ ਪਿਛੋਕੜ ਅਤੇ ਵਰਤਮਾਨ ਗੁਰੂ ਘਰ ਵਿੱਚ ਹੀ ਹੋਇਆ। ਜਿੱਥੇ ਬਾਕੀ ਗੁਰੂ ਸਹਿਬਾਨਾਂ ਦੇ ਕੁਝ ਸਾਹਿਬਜ਼ਾਦੇ ਗੁਰੂ ਘਰ ਤੋਂ ਬਾਗੀ ਵੀ ਰਹੇ ਓਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੋਣਹਾਰ ਸਪੁੱਤਰ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਹੀ ਅੱਣਖ ਦੀ ਜ਼ਿੰਦਗੀ ਜੀਏ ਅਤੇ ਜ਼ਾਲਮਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋਏ। ਸਾਹਿਬਜ਼ਾਦਿਆਂ ਦੀ ਸਾਰੀ ਜਿੰਦਗੀ ਹੀ ਜੰਗਾਂ ਯੁੱਧਾਂ ਵਿੱਚ ਲੰਘੀ। ਉਹ ਆਮ ਬੱਚਿਆਂ ਵਾਂਗ ਸੁੱਖਾਂ ਤੇ ਲਾਡਾਂ ਭਰਿਆ ਬਚਪਨ ਨਹੀਂ ਮਾਨ ਸਕੇ। ਉਸ ਵੇਲੇ ਜ਼ਾਲਮ ਮੁਗਲਾਂ ਅਤੇ ਉਨ੍ਹਾਂ ਦੇ ਝੋਲੀ ਚੁੱਕ ਹਿੰਦੂ ਪਹਾੜੀ ਰਾਜਿਆਂ ਨਾਲ ਜੋ ਗੁਰੂ ਦੀ ਅਗਵਾਈ ਵਿੱਚ ਸਿੱਖਾਂ ਦੀਆਂ ਜੰਗਾਂ ਹੋਈਆਂ, ਉਹ ਉਨ੍ਹਾਂ ਨੇ ਆਪਣੀ ਅੱਖੀਂ ਦੇਖੀਆਂ ਤੇ ਹੰਡਾਈਆਂ। ਇਸ ਲਈ ਉਨ੍ਹਾਂ ਨੂੰ ਵਿਰਸੇ ਵਿੱਚ ਹੀ ਅਜਿਹੇ ਬੀਰ ਰਸੀ ਕਾਰਨਾਮਿਆਂ ਦੀ ਗੁੜ੍ਹਤੀ ਮਿਲਦੀ ਰਹੀ। ਜਿਵੇਂ ਸ਼ੇਰ ਦੇ ਬੱਚੇ ਸ਼ੇਰ ਹੀ ਹੁੰਦੇ ਹਨ ਓਵੇਂ ਸ਼ੇਰ-ਮਰਦ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਵੀ ਸ਼ੇਰ ਸਨ।

ਗੁਰੂ ਤੇਗ਼ ਬਹਾਦਰ ਵੱਲੋਂ ਮਾਖੋਵਾਲ ਦੀ ਜ਼ਰ-ਖਰੀਦ ਧਰਤੀ ਉੱਪਰ ਹੀ ਅਨੰਦਪੁਰ ਸਾਹਿਬ ਵਸਾਇਆ ਗਿਆ ਜਿੱਥੇ ਗੁਰਬਾਣੀ ਪ੍ਰਚਾਰ ਦੇ ਨਾਲ-ਨਾਲ ਸਿੱਖ ਫੌਜਾਂ ਦੀ ਟ੍ਰੇਨਿੰਗ ਹੁੰਦੀ, ਰਣਜੀਤ ਨਗਾਰੇ ਵੱਜਦੇ, ਗੁਰੂ ਕੇ ਲੰਗਰ ਅਟੁੱਟ ਵਰਤਦੇ ਅਤੇ ਸਿੱਖ ਸ਼ਿਕਾਰ ਵੀ ਖੇਡਦੇ। ਹੋਲੇ ਮਹੱਲੇ ਖੇਡੇ ਜਾਂਦੇ ਅਤੇ ਵੈਸਾਖੀ ਨੂੰ ਬਹੁੱਤ ਵੱਡਾ ਜੋੜ-ਮੇਲਾ ਹੁੰਦਾ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਵੀ ਵੈਸਾਖ ਮਹੀਨੇ



ਵਿੱਚ ਹੋਇਆ ਸੀ।

ਅਨੰਦਪੁਰ ਵਿਖੇ ਬੜੀਆਂ ਰੌਣਕਾਂ ਵੱਧ ਗਈਆਂ ਗੁਰਾਂ ਨੇ ਜੰਗਲ ਵਿੱਚ ਮੰਗਲ ਲਾ ਦਿੱਤੇ। ਇਹ ਸਾਰਾ ਕੁਝ ਸ਼ਹਿਨਸ਼ਾਹੀ ਵਰਤਾਰਾ ਪਹਾੜੀਏ ਬਰਦਾਸ਼ਤ ਨਾਂ ਕਰ ਸਕੇ। ਉਹ ਹਰ ਵੇਲੇ ਗੁਰੂ ਨੂੰ ਤੰਗ ਕਰਨ ਦੀ ਆੜ ਵਿੱਚ ਹੀ ਰਹਿੰਦੇ। ਇਸ ਕਰਕੇ ਅਨੰਦਪੁਰ ਦੇ ਆਲੇ ਦੁਆਲੇ ਛੋਟੀਆਂ ਮੋਟੀਆਂ ਝੜਪਾਂ ਰੂਪ ਲੜਾਈਆਂ, ਇਨ੍ਹਾਂ ਬੇ-ਗੈਰਤ ਮੁਗਲੀਆ ਹਕੂਮਤ ਦੇ ਝੋਲੀ ਚੁੱਕਾਂ ਨਾਲ ਹੁੰਦੀਆਂ ਹੀ ਰਹਿੰਦੀਆਂ, ਜਿਨ੍ਹਾਂ ਵਿੱਚ ਹਰ ਵਾਰੀ ਪਹਾੜੀਆਂ ਨੂੰ ਮੂੰਹ ਦੀ ਖਾਣੀ ਪੈਂਦੀ। ਇਸਦੇ ਹੀ ਫਲਸਰੂਪ ਭੰਗਾਣੀ ਦਾ ਵੱਡਾ ਯੁੱਧ ਹੋਇਆ, ਜਿਸ ਵਿੱਚ ਪਹਾੜੀ ਰਾਜੇ ਭੀਮਚੰਦ ਕਹਿਲੂਰੀ, ਫਤੇਸ਼ਾਹ ਗੜਵਾਲੀਆ, ਹਰੀ ਚੰਦ ਹੰਡੂਰੀਆ ਅਤੇ ਮੁਗਲ ਇਕੱਠੇ ਹੋ ਕੇ ਲੜੇ। ਨਮਕ ਹਰਾਮੀ ਪਠਾਣ ਭੀਖਨ ਖਾਂ, ਨਯਾਬਤ ਖਾਂ ਅਤੇ ਹਯਾਤ ਖਾਂ ਜੋ ਗੁਰੂ ਦੀ ਫੌਜ ਵਿੱਚ ਪੀਰ ਬੁੱਧੂ ਸ਼ਾਹ ਦੀ ਸ਼ਿਫਾਰਸ਼ ਕਰਕੇ ਨੌਕਰੀ ਲਈ ਭਰਤੀ ਕੀਤੇ ਗਏ ਸਨ, ਉਹ ਵੀ ਇਕੱਲੇ ਕਾਲੇ ਖਾਂ ਨੂੰ ਛੱਡ ਕੇ ਬਾਕੀ ਵੈਰੀਆਂ ਨਾਲ ਜਾ ਰਲੇ। ਜਿੱਥੇ ਇਸ ਲੜਾਈ ਵਿੱਚ ਜਿੱਥੇ ਪਹਾੜੀਆਂ ਦਾ ਸਿਰਕੱਢ ਜਰਨੈਲ ਰਾਜਾ ਹਰੀ ਚੰਦ ਹੰਡੂਰੀਆ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ, ਸ਼ਾਹੀ ਫੌਜਾਂ ਅਤੇ ਪਹਾੜੀਆਂ ਦਾ ਬਹੁਤ ਨੁਕਸਾਨ ਹੋਇਆ ਓਥੇ ਕੁਝ ਸਿੱਖ, ਬੀਬੀ ਵੀਰੋ ਦੇ ਦੋ ਪੁੱਤਰ ਸੰਗੋਸ਼ਾਹ, ਜੀਤਮੱਲ, ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਅਤੇ 700 ਮੁਰੀਦਾਂ ਚੋਂ ਬਹੁਤੇ ਮੁਰੀਦ ਵੀ ਸ਼ਹੀਦ ਹੋ ਗਏ। ਇਉਂ ਅਨੰਦਪੁਰ ਦੇ ਆਲੇ ਦੁਆਲੇ ਦੀਆਂ ਛੋਟੀਆਂ-ਮੋਟੀਆਂ ਲੜਾਈਆਂ ਤੋਂ ਬਾਅਦ ਜਦ ਅਨੰਦਪੁਰ ਸਾਹਿਬ ਨੂੰ ਪਹਾੜੀਆਂ ਅਤੇ ਮੁਗਲਾਂ ਨੇ ਮਿਲ ਕੇ 7 ਮਹੀਨੇ ਦਾ ਲੰਮਾਂ ਘੇਰਾ ਪਾ ਕੇ, ਰਸਤ-ਪਾਣੀ ਬੰਦ ਕਰ ਦਿੱਤਾ ਫਿਰ ਵੀ ਗੁਰੂ ਅਤੇ ਸਿੱਖਾਂ ਨੇ ਹੱਥ ਨਾਂ ਖੜੇ ਕੀਤੇ ਸਗੋਂ ਗਾਹੇ ਬਗਾਹੇ ਮਕਾਰਾ-ਬਕਾਰਾ ਕਰਕੇ ਰਾਤ-ਬਰਾਤੇ ਸ਼ਾਹੀ ਫੌਜਾਂ ਅਤੇ ਮਕਾਰੀ ਪਹਾੜੀਆਂ ਤੋਂ ਸ਼ੇਰ-ਮਾਰ ਵਾਂਗ ਰਸਤਾਂ-ਬਸਤਾਂ ਝੜਪ ਲਿਆਉਂਦੇ ਰਹੇ।

ਜਦ ਦੁਸ਼ਮਣ ਦਾ ਵੀ ਬਹੁਤ ਸਾਰਾ ਜਾਨੀ ਅਤੇ ਮਾਲੀ ਨੁਕਸਾਨ ਹੋ ਗਿਆ ਗੁਰੂ ਨਾਂ ਪਕੜਿਆ ਗਿਆ ਅਤੇ ਅਨੰਦਪੁਰ ਤੇ ਕਬਜ਼ਾ ਵੀ ਨਾਂ ਹੋ ਸਕਿਆ ਤਾਂ ਬੇਈਮਾਨ ਜ਼ਾਲਮ ਮੁਗਲਾਂ ਨੇ ਦਿੱਲੀ ਦੇ ਤਖਤ ਤੋਂ ਇਹ ਐਲਾਨ ਕੀਤਾ ਕਿ ਜੇ ਗੁਰੂ ਆਪਣੇ ਆਪ ਅਨੰਦਪੁਰ ਖਾਲੀ ਕਰ ਦੇਵੇ ਅਤੇ ਕੁਝ ਸਮੇਂ ਲਈ ਇਧਰ-ਉਧਰ ਚਲਾ ਜਾਵੇ ਤਾਂ ਅਸੀ ਗੁਰੂ ਨੂੰ ਕੁਝ ਨਹੀਂ ਕਹਾਂਗੇ ਅਤੇ ਖਰਚਾ-ਪਾਣੀ ਦੇਣ ਦੇ ਨਾਲ ਮਾਨ-ਸਨਮਾਨ ਵੀ ਕਰਾਂਗੇ। ਇਸ ਐਲਾਨਨਾਮੇ ਦੀਆਂ ਲਿਖਤੀ ਚਿੱਠੀਆਂ ਆਪਣੇ ਏਲਚੀਆਂ ਰਾਹੀਂ ਗੁਰੂ ਕੋਲ ਭੇਜੀਆਂ ਗਈਆਂ। ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਗੜ੍ਹੀ ਵਿੱਚ ਸਮੂੰਹ ਸਿੰਘ ਸਿੰਘਣੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਇਹ ਜ਼ਾਲਮਾਂ ਦੀ ਬਦਨੀਤੀ ਹੈ ਸਾਨੂੰ ਇਨ੍ਹਾਂ ਬੇਈਮਾਨਾਂ ਤੇ ਵਿਸ਼ਵਾਸ਼ ਨਹੀ ਕਰਨਾ ਚਾਹੀਦਾ। ਨੀਤੀਵੇਤਾ ਗੁਰੂ ਜੀ ਉੱਪਰ ਇਨ੍ਹਾਂ ਝੂਠਨਾਮਿਆਂ ਦਾ ਕੋਈ ਅਸਰ ਨਾਂ ਹੋਇਆ ਪਰ ਲੰਬੇ ਸਮੇਂ ਦੀ ਭੁੱਖ, ਬਿਮਾਰੀ ਅਤੇ ਸ਼ਸਤਰਾਂ ਦੀ ਘਾਟ ਨੇ ਕੁਝ ਸਿੰਘਾਂ ਨੂੰ ਲਾਚਾਰ ਕਰ ਦਿੱਤਾ, ਕਹਿੰਦੇ ਹਨ ਮੌਤੋਂ ਭੁੱਖ ਬੁਰੀ ਦਿਨੇ ਸੁੱਤੇ ਖਾ ਕੇ ਰਾਤੀਂ ਫੇਰ ਖੜੀ ਸਿੰਘਾਂ ਨੇ ਗੁਰੂ ਜੀ ਨਾਲ ਸਲਾਹ ਕੀਤੀ ਕਿ ਕੁਝ ਸਮੇਂ ਲਈ ਆਪਾਂ ਇਸ ਦਿੱਲੀ ਤਖਤ ਦੇ ਕੀਤੇ ਐਲਾਨਨਾਮੇ ਦਾ ਫਾਇਦਾ ਉਠਾ ਕੇ, ਆਪਣੇ ਆਪ ਨੂੰ ਹੋਰ ਮਜਬੂਤ ਕਰ ਲਈਏ ਪਰ ਨੀਤੀਵੇਤਾ ਗੁਰੂ ਜੀ ਨੇ ਇੱਕ ਤਮਾਸ਼ਾ ਦਿਖਾਇਆ ਕਿ ਚਲੋ ਆਪਾਂ ਇਨ੍ਹਾਂ ਨੂੰ ਪਰਖ ਲਈਏ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਫਟੇ-ਪੁਰਾਣੇ ਕਪੜੇ ਅਤੇ ਟੁੱਟੇ-ਫੁੱਟੇ ਛਿੱਤਰਾਂ ਦੀਆਂ ਪੰਡਾਂ ਬੰਨ੍ਹ ਖੱਚਰਾਂ ਤੇ ਲੱਦ ਕੇ ਕਿਲ੍ਹਾ ਖਾਲੀ ਕਰਨ ਦਾ ਡਰਾਮਾਂ ਕੀਤਾ ਜਾਵੇ। ਗੁਰੂ ਦਾ ਹੁਕਮ ਮੰਨ, ਸਿੰਘਾਂ ਨੇ ਐਸਾ ਹੀ ਕੀਤਾ। ਗੁਰੂ ਦਾ ਖਜਾਨਾਂ ਜਾਂਦਾ ਸਮਝ ਕੇ ਮੁਗਲ ਕੁਰਾਨ ਅਤੇ ਹਿੰਦੂ ਪਹਾੜੀ ਗਊ ਮਾਤਾ ਅਤੇ ਗੀਤਾ ਦੀਆਂ ਖਾਧੀਆਂ ਝੂਠੀਆਂ ਕਸਮਾਂ ਤੋੜ ਕੇ ਗੁਰੂ ਦਾ ਸਮਾਨ ਲੁੱਟਣ ਅਤੇ ਗੁਰੂ ਨੂੰ ਜਿੰਦਾ ਪਕੜਨ ਲਈ ਅਲੀ ਅਲੀ ਕਰਦੇ ਟੁੱਟ ਪਏ। ਗੁਰੂ ਜੀ ਘੋਰ ਸੰਕਟ ਸਮੇਂ ਸਿੱਖਾਂ ਦੀ ਅਰਜ਼ ਮੰਨ ਕੇ ਸਿੱਖਾਂ ਸਮੇਤ ਦੂਸਰੇ ਰਸਤੇ ਅਨੰਦਪੁਰ ਨੂੰ ਛੱਡ ਕੇ ਚੱਲ ਪਏ, ਓਧਰ ਵੈਰੀ ਲੁੱਟ ਦੀ ਮਨਸ਼ਾ ਨਾਲ ਟੁੱਟ ਪਏ ਤਾਂ ਅੱਗੋਂ ਖੱਚਰਾਂ ਉਤੇ ਲੱਦੇ ਟੁੱਟੇ ਛਿੱਤਰ ਅਤੇ ਫਟੇ ਪੁਰਾਣੇ ਕਪੜੇ ਦੇਖ ਭਾਰੀ ਨਿਰਾਸ਼ ਹੁੰਦੇ ਹੋਏ, ਆਪਸ ਵਿੱਚ ਹੀ ਉਲਝ ਕੇ ਕਟਾਵੱਢੀ ਦਾ ਸ਼ਿਕਾਰ ਹੋ ਗਏ।

ਗੁਰੂ ਜੀ ਅਤੇ ਸਿੱਖ ਹਨੇਰੇ ਦਾ ਫਾਇਦਾ ਉਠਾ ਕੇ ਜਦ ਅਨੰਦਪੁਰ ਤੋਂ ਕਾਫੀ ਦੂਰ ਚਲੇ ਗਏ ਤਾਂ ਮੁਗਲ ਅਤੇ ਪਹਾੜੀ ਫੌਜਾਂ ਭਾਰੀ ਲਾਓ ਲਸ਼ਕਰ ਲੈ, ਉਨ੍ਹਾਂ ਪਿੱਛੇ ਟੁੱਟ ਪਈਆਂ। ਏਨੇ ਨੂੰ ਗੁਰੂ ਜੀ ਸਿੱਖਾਂ ਸਮੇਤ ਸਰਸਾ ਕਿਨਾਰੇ ਪਹੁੰਚ ਗਏ। ਉਨ੍ਹਾਂ ਦਿਨਾਂ ਚ' ਬਰਸਾਤ ਦਾ ਜੋਰ ਹੋਣ ਕਰਕੇ ਬਰਸਾਤੀ ਨਦੀ ਸਰਸਾ ਨਕਾ-ਨੱਕ ਭਰ ਕੇ ਵਗ ਰਹੀ ਸੀ। ਇਸ ਕਰਕੇ ਗੁਰੂ ਜੀ ਨੂੰ ਓਥੇ ਰੁਕਣਾ ਪਿਆ, ਇਸ ਭਿਅਨਕ ਸਮੇਂ ਵੀ ਸਿੱਖਾਂ ਨੇ *ਆਸਾ ਕੀ ਵਾਰ* ਦਾ ਕੀਰਤਨ ਕੀਤਾ। ਓਧਰ ਸ਼ਾਹੀ ਫੌਜਾਂ ਨੇ ਆਣ ਘੇਰਾ ਪਾਇਆ, ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿੱਚ ਭਾਈ ਉਦੇ ਸਿੰਘ ਅਤੇ ਬਾਬਾ ਅਜੀਤ ਸਿੰਘ ਦੀ ਕਮਾਂਡ ਹੇਠ ਸਿੰਘ ਵੈਰੀਆਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋ ਗਏ। ਬਾਬਾ ਅਜੀਤ ਸਿੰਘ ਜੀ ਨੇ ਇਸ ਲੜਾਈ ਵਿੱਚ ਤਲਵਾਰ ਦੇ ਸ਼ਾਨਦਾਰ ਜੌਹਰ ਦਿਖਾਏ। ਵੈਰੀ ਦੀ ਫੌਜ ਦਾ ਭਾਰੀ ਨੁਕਸਾਨ ਹੋਇਆ ਅਤੇ ਕੁਝ ਸਿੰਘ ਵੀ ਸ਼ਹੀਦ ਹੋ ਗਏ। ਕੁਦਰਤ ਦਾ ਕਹਿਰ ਹੋਰ ਵਰਤਿਆ ਕਿ ਸਰਸਾ ਪਾਰ ਕਰਦੇ ਸਮੇਂ ਬਹੁਤ ਸਾਰਾ ਸਿੱਖ ਲਿਟਰੇਚਰ, ਧਨ, ਕੀਮਤੀ ਸਮਾਨ ਅਤੇ ਬੱਚੇ ਬੁੱਢੇ, ਨਿਢਾਲ ਅਤੇ ਬੀਮਾਰ ਸਿੱਖ ਵੀ ਸਰਸਾ ਦੇ ਭਾਰੀ ਵਹਿਣ ਵਿੱਚ ਰੁੜ ਗਏ। ਕੁਝ ਗਿਣਤੀ ਦੇ ਸਿੰਘ, ਗੁਰੂ ਕੇ ਮਹਿਲ, ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਪਾਰ ਲੰਘ ਗਏ। ਇਸ ਬਿਪਤਾ ਸਮੇਂ ਜਿਨ੍ਹਾਂ ਨੂੰ ਜਿਧਰ ਨੂੰ ਰਾਹ ਮਿਲਿਆ ਤੁਰ ਪਏ ਤਾਂ ਉਸ ਵੇਲੇ ਲੰਮੇ ਸਮੇਂ ਤੋਂ ਗੁਰੂ ਘਰ ਵਿੱਚ ਸੇਵਾ ਕਰਨ ਵਾਲਾ ਗੰਗੂ ਬ੍ਰਾਹਮਣ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ, ਆਪਣੇ ਪਿੰਡ ਖੇੜੀ ਨੂੰ ਚੱਲ ਪਿਆ। ਬਾਕੀ ਵੱਡੇ ਸਾਹਿਬਜਾਦੇ ਅਤੇ 40 ਸਿੰਘ ਗੁਰੂ ਜੀ ਨਾਲ ਰੋਪੜ ਵੱਲ ਨੂੰ ਹੋ ਤੁਰੇ ਅਤੇ ਰੋਪੜ ਲਾਗੇ ਵੇਰੀਆਂ ਨਾਲ ਛੋਟੀ ਜਿਹੀ ਝੜਪ ਪਿੱਛੋਂ ਚਮਕੌਰ ਸਾਹਿਬ ਪਾਹੁੰਚ ਗਏ।

ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ-ਇਉਂ ਹੈ ਕਿ ਮਰਦ ਅਗੰਮੜੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਸਤ ਧਰਮ ਦਾ ਪ੍ਰਚਾਰ ਕਰਨ, ਬੇਇਨਸਾਫੀ ਵਿਰੁੱਧ ਅਵਾਜ਼ ਉਠਾਉਣ ਅਤੇ ਦਬਲੇ ਕੁਚਲੇ ਲੋਕਾਂ ਨੂੰ ਉੱਪਰ ਉਠਾਉਣ ਅਤੇ ਰਾਜਮੱਧ ਦੇ ਹੰਕਾਰ ਵਿੱਚ ਮੱਤੇ ਆਗੂਆਂ ਨੂੰ ਸੁਧਾਰਨ ਲਈ ਸੰਘਰਸ਼ ਕਰਦਿਆਂ ਭਾਵੇਂ ਕਈ ਜੰਗਾਂ ਲੜਨੀਆਂ ਪਈਆਂ ਪਰ ਚਮਕੌਰ ਗੜ੍ਹੀ ਦਾ ਯੁੱਧ ਸੰਸਾਰ ਦਾ ਅਨੋਖਾ ਯੁੱਧ ਹੋ ਨਿਬੜਿਆ, ਜਿੱਥੇ ਕਈ ਦਿਨਾਂ ਦੇ ਭੁੱਖਣ-ਭਾਣੇ, ਜ਼ਖਮੀ ਅਤੇ ਸੀਮਤ ਸ਼ਸ਼ਤਰਾਂ ਨਾਲ 40 ਕੁ ਸਿੰਘਾਂ ਨੂੰ ਜ਼ਾਲਮ ਦੀਆਂ ਲੱਖਾਂ ਦੀ ਤਦਾਦ ਵਿੱਚ ਸ਼ਾਹੀ ਫੌਜਾਂ ਦੇ ਅਣਕਿਆਸੇ ਘੇਰੇ ਨਾਲ ਜੂਝਦਿਆਂ, ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਦੀ ਸੁਚੱਜੀ ਅਗਵਾਈ ਵਿੱਚ ਸੂਰਬੀਰਤਾ, ਸ਼ਹਿਨਸ਼ੀਲਤਾ ਅਤੇ ਸਹਜਮਈ ਜੀਵਨ ਦਾ ਸਿਖਰ ਕਰ ਵਿਖਾਇਆ। ਜ਼ਫਰਨਾਮੇ ਦੀ ਚਿੱਠੀ ਅਤੇ ਇਤਿਹਾਸ ਵਿੱਚ ਜ਼ਿਕਰ ਹੈ ਕਿ-

ਗੁਰਸ਼ਨਹ ਚਿ ਕਾਰੇ ਕੁਨੰਦ ਚਿਹਲ ਨਰ॥ ਕਿ ਦਹ ਲਕ ਬਰ-ਆਇਦ ਬਰੋ ਬੇ-ਖਬਰ॥

ਭਾਵ ਕਿ ਮਕਾਰ ਵੈਰੀ ਦੀਆਂ 10 ਲੱਖ ਟ੍ਰੇਂਡ ਫੌਜਾਂ ਜਦੋਂ ਕਈ ਦਿਨਾਂ ਦੇ ਭੁੱਖਣ-ਭਾਣੇ, ਜ਼ਖਮੀ ਅਤੇ ਸੀਮਤ ਸ਼ਸ਼ਤਰਾਂ ਵਾਲੇ ਬੰਦਿਆਂ ਤੇ ਟੁੱਟ ਪੈਣ ਤਾਂ ਉਹ ਕੀ ਕਰ ਸਕਦੇ ਹਨ? ਪਰ ਫਿਰ ਵੀ ਗੁਰੂ ਜੀ ਦੇ ਧਰਮ ਯੁੱਧ ਦੇ ਚਾਅ ਨੂੰ ਦੇਖ ਕੇ, ਪੰਜਾਬ ਦੇ ਲੋਕਾਂ ਵਿੱਚ ਬੇ-ਮੁਹਾਹ ਜ਼ੁਰਅਤ ਭਰ ਗਈ ਕਿ ਉਹ ਗੁਰੂ ਪੰਥ ਤੋਂ ਆਪਾ ਨਿਛਾਵਰ ਕਰਨ ਲਈ ਤਿਆਰ ਸਨ। 21 ਦਸੰਬਰ 1704 ਈ. ਦੀ ਸਾਮ ਨੂੰ ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ, ਪੰਜ ਪਿਆਰਿਆਂ ਅਤੇ ਥੱਕੇ ਟੁੱਟੇ ਲਹੂ-ਲੁਹਾਨ ਹੋਏ ਕੁਝ ਕੁ ਸਿੰਘਾਂ ਸਮੇਤ ਚਮਕੌਰ ਦੀ ਧਰਤੀ ਤੇ ਪਹੁੰਚੇ ਤਾਂ ਇੱਕ ਜ਼ਿਮੀਦਾਰ ਚੌਧਰੀ ਬੁੱਧੀਚੰਦ ਖਬਰ ਮਿਲਣ ਤੇ ਭੱਜਾ ਆਇਆ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਸਿੰਘਾਂ ਸਮੇਤ ਦਾਸ ਦੀ ਹਵੇਲੀ ਵਿੱਚ ਚਰਨ ਪਾਉ। ਦੇਖੋ ਥਾਂ ਵੀ ਉੱਚੀ ਹੈ ਖੁੱਲ੍ਹੇ ਮੈਦਾਨ ਨਾਲੋਂ ਯੁੱਧ ਲਈ ਚੰਗਾ ਰਹੇਗਾ ਅਤੇ ਕਿਹਾ ਕਿ ਮਹਾਂਰਾਜ ਆਪ ਜੀ ਸਾਡੇ ਲਈ ਕਿਤਨੇ ਵੱਡੇ ਕਸ਼ਟ ਝੱਲ ਰਹੇ ਹੋ, ਅਸੀਂ ਜਿਤਨੇ ਜੋਗੇ ਹਾਂ ਆਪ ਜੀ ਦੀ ਖਿਦਮਤ ਵਿੱਚ ਹਾਜ਼ਰ ਹਾਂ। ਇਸ ਵਾਰਤਾ ਨੂੰ ਹਜ਼ੂਰੀ ਕਵੀ ਸੈਨਾਪਤਿ ਲਿਖਦਾ ਹੈ ਕਿ-

ਜਦ ਖਬਰ ਸੁਨੀ ਜ਼ਿਮੀਦਾਰ ਨੇ ਮਧੇ ਬਸੇ ਚਮਕੌਰ। ਸੁਨਤ ਬਚਨ ਤਤਕਾਲ ਹੀ ਉਹ ਆਯੋ ਉਠਿ ਦੌਰ।

ਹਾਥ ਜੋਰ ਐਸੇ ਕਹਯੋ ਬਿਨਤੀ ਸੁਣੋ ਕਰਤਾਰ। ਬਸੋ ਮਧਿ ਚਮਕੌਰ ਕੇ ਗੁਰ ਅਪਨੀ ਕਿਰਪਾ ਧਾਰਿ।

ਇਉਂ ਗੁਰੂ ਜੀ ਨੇ ਗੜ੍ਹੀ-ਨੁਮਾ ਇਸ ਕੱਚੀ ਹਵੇਲੀ ਦੀ ਨਾਕਾ ਬੰਦੀ ਕੀਤੀ ਅਤੇ ਪੰਜ-ਪੰਜ ਸਿੰਘਾਂ ਦੇ ਜਥੇ ਬਣਾ, ਬਾਹਰ ਨਿਕਲ ਕੇ ਜੂਝਣ ਦੀ ਯੋਜਨਾ ਬਣਾਈ। ਦਸੰਬਰ 22 ਦੀ ਸਵੇਰ ਹੋਣ ਸਾਰ ਸੂਬਾ ਸਰਹੰਦ ਵਜ਼ੀਰ ਖਾਂ ਨੇ ਢੰਡੋਰਾ ਪਿੱਟ ਦਿੱਤਾ ਕਿ ਜੇਕਰ ਗੁਰੂ ਜੀ ਆਤਮ ਸਮਰਪਨ ਕਰ ਦੇਣ ਤਾਂ ਉਨ੍ਹਾਂ ਤੇ ਹਮਲਾ ਨਹੀਂ ਕੀਤਾ ਜਾਵੇਗਾ ਪਰ ਜਾਣੀ-ਜਾਣ ਮਹਾਂਬਲੀ ਗੁਰੂ ਜੀ ਨੇ ਇਸ ਦਾ ਜਵਾਬ ਤੀਰਾਂ ਦੀ ਬੁਛਾੜ ਵਿੱਚ ਦਿੱਤਾ। ਚੌਹੋਂ ਤਰਫੋਂ ਹੀ ਦੁਸ਼ਮਣਾਂ ਨੇ ਹਮਲੇ ਅਰੰਭ ਦਿੱਤੇ ਪਰ ਉਨ੍ਹਾਂ ਦੀ ਗੜ੍ਹੀ ਦੇ ਨੇੜੇ ਢੁੱਕਣ ਦੀ ਜ਼ੁਰਅਤ ਹੀ ਨਹੀਂ ਸੀ ਪੈਂਦੀ। ਜਦ ਜਰਨੈਲ ਨਾਹਰ ਖਾਂ ਪੌੜੀ ਦੁਆਰਾ ਛੁਪ ਕੇ ਗੜੀ ਦੀ ਕੰਧ ਤੇ ਚੱੜ੍ਹੇ ਨੇ, ਅਜੇ ਦੁਵਾਰ ਤੋਂ ਥੋੜਾ ਕੁ ਸਿਰ ਉੱਪਰ ਚੁੱਕਿਆ ਹੀ ਸੀ, ਉਹ ਸਤਿਗੁਰਾਂ ਦੇ ਤੀਰ ਦਾ ਨਿਸ਼ਾਨਾਂ ਬਣ ਗਿਆ। ਗਨੀ ਖਾਂ ਨੂੰ ਗੁਰੂ ਜੀ ਨੇ ਗੁਰਜ ਦੇ ਇੱਕ ਵਾਰ ਨਾਲ ਹੀ ਭੰਨਿਆਂ ਅਤੇ ਖਵਾਜਾ-ਮਰਦੂਦ ਕੰਧ ਓਲ੍ਹੇ ਛੁਪ ਕੇ ਬਚਿਆ। ਇਸ ਬਾਰੇ ਗੁਰੂ ਜੀ ਨੇ ਲਿਖਿਆ ਕਿ ਅਫਸੋਸ! ਜੇਕਰ ਉਹ ਸਾਹਮਣੇ ਆ ਜਾਂਦਾ ਤਾਂ ਮੈਂ ਇੱਕ ਤੀਰ ਉਸ ਨੂੰ ਵੀ ਬਖਸ਼ ਦਿੰਦਾ-

ਕਿ ਆਂ ਖਵਾਜਾ ਮਰਦੂਦ ਸਾਯਹ ਦਿਵਾਰ॥ ਬ-ਮੈਦਾਂ ਨਿਆਮਦ ਬ-ਮਰਦਾਨਹ ਵਾਰ॥੩੪॥

ਦਰੇਗਾ! ਅਗਰ ਰੂਏ ਓ ਦੀਦਮੇ॥ ਬਯਕ ਤੀਰ ਲਾਚਾਰ ਬਖਸ਼ੀਦਮੇ॥੩੫॥

ਜਿੱਥੇ ਗੁਰੂ ਜੀ ਉੱਚੀ ਅਟਾਰੀ ਵਿੱਚੋਂ ਜ਼ਾਲਮ ਤੁਰਕਾਂ ਦੇ ਚੋਣਵੇਂ ਜਰਨੈਲਾਂ ਨੂੰ ਫੁੰਡ ਰਹੇ ਸਨ ਓਥੇ 5-5 ਸਿੰਘ ਜਥਿਆਂ ਦੇ ਰੂਪ ਵਿੱਚ ਕੱਚੀ ਗੜ੍ਹੀ ਤੋਂ ਬਾਹਰ ਆ ਕੇ ਵੈਰੀ ਨੂੰ ਚਣੇ ਚਬਾਉਂਦੇ ਸ਼ਹੀਦ ਹੋ ਰਹੇ ਸਨ। ਐਸਾ ਵੇਖਦਿਆਂ ਜਦੋਂ ਬੀਰ ਬਹਾਦਰ ਗੁਰੂ ਜੀ ਦੇ ਬੀਰ ਸਪੁੱਤਰਾਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਗੁਰਸਿੱਖ ਵੀਰਾਂ ਵਾਂਗ ਜੰਗ ਵਿੱਚ ਜੂਝਣ ਦੀ ਆਗਿਆ ਮੰਗੀ ਤਾਂ ਗੁਰਦੇਵ ਪਿਤਾ ਜੀ ਨੇ ਪ੍ਰਸੰਨ ਹੋ ਕਿਹਾ ਪੁਤਰੋ! ਇਸ ਵੇਲੇ ਪੰਥਕ ਬੇੜੇ ਦੇ ਮਲਾਹ ਤੁਸੀਂ ਹੀ ਦਿਸ ਰਹੇ ਹੋ। ਜਾਓ! ਆਪਣੇ ਖ਼ੂਨ ਦੀ ਨਦੀ ਵਹਾ ਦਿਓ ਤਾਂ ਕਿ ਜ਼ੁਲਮ ਦੇ ਬਰੇਟੇ ਵਿੱਚ ਅਟਕਿਆ ਸਿੱਖੀ ਦਾ ਬੇੜਾ ਕਿਨਾਰੇ ਲੱਗ ਜਾਵੇ। ਇਸ ਵਾਕਿਆ ਬਾਰੇ ਵੀ ਮੁਸਲਮ ਕਵੀ ਅਲ੍ਹਾਯਾਰ ਖਾਂ ਨੇ ਲਿਖਿਆ ਹੈ-

ਬੇਟਾ ਹੋ ਤੁਮ੍ਹੀ ਪੰਥ ਕੇ ਖਿਵੱਯਾ। ਸਰ ਭੇਟ ਕਰੋ ਤਾਂ ਕਿ ਚਲੇ ਧਰਮ ਦੀ ਨਯਾ।

ਖਾਹਸ਼ ਹੈ ਤੁਮ੍ਹੇ ਤੇਗ ਚਲਾਤੇ ਹੂਏ ਦੇਖੇਂ। ਹਮ ਆਂਖ ਸੇ ਬਰਛੀ ਤੁਮੇ ਖਾਤੇ ਹੂਏ ਦੇਖੇਂ।

ਕਿਹਾ ਜਾਂਦਾ ਹੈ ਸਿੰਘਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਆਪ ਸਾਹਿਬਜ਼ਾਦਿਆਂ ਨੂੰ ਲੈ ਕੇ ਗੜ੍ਹੀ ਚੋਂ ਨਿਕਲ ਜਾਓ ਤਾਂ ਕਿ ਪੰਥ ਦੀ ਸਫਲ ਅਗਵਾਈ ਹੋ ਸਕੇ ਤਾਂ ਉੱਤਰ ਵਿੱਚ ਗੁਰੂ ਜੀ ਬੋਲੇ ਸਿੰਘੋ! ਮੈਂ ਤੁਹਾਡੇ ਤੋਂ ਲੱਖ ਵਾਰ ਬਲਿਹਾਰ ਹਾਂ, ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ? ਆਪ ਸਾਰੇ ਹੀ ਮੇਰੇ ਲਈ ਸਾਹਿਬਜ਼ਾਦੇ ਹੋ। ਖਾਲਸਾ ਜੀ! ਮੇਰਾ ਸਭ ਕੁਝ ਤੁਹਾਡੀ ਬਦੌਲਤ ਹੀ ਹੈ। ਕਮਾਲ ਦੀ ਗੱਲ ਜੋ ਗੁਰੂ ਪਾਤਸ਼ਾਹ ਨੂੰ ਸੰਸਾਰ ਭਰ ਦੇ ਰਹਿਬਰਾਂ ਚੋਂ ਸਿਰਮੌਰ ਕਰਦੀ ਹੈ, ਉਹ ਇਹ ਹੈ ਕਿ ਆਪਣੇ ਬਿੰਦੀ ਸਪੁੱਤਰ ਅੱਖਾਂ ਸਾਹਮਣੇ ਪੁਰਜਾ-ਪੁਰਜਾ ਕੱਟ ਕੇ ਸ਼ਹੀਦ ਹੁੰਦੇ ਹਨ ਅਤੇ ਪਿਤਾ ਗੁਰੂ ਜੀ ਖੁਸ਼ੀ ਵਿੱਚ ਜੈਕਾਰੇ ਛੱਡਦੇ ਹੋਏ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ। ਇਸ ਸੀਨ ਨੂੰ ਕਵੀ ਨੇ ਬੜਾ ਸਮੁੰਦਰ ਲਿਖਿਆ ਹੈ-

ਕਰੀ ਅਰਦਾਸ ਸਤਿਗੁਰੂ ਨੇ ਅਮਾਨਤ ਪੁਜਾਈ ਤੇਰੀ। ਕਰਜ਼ਾ

(ਬਾਕੀ ਸਫਾ 22 ਤੇ)


## ਗ਼ਦਰ ਪਾਰਟੀ ਦੇ ਦਿਮਾਗ ਬਾਬਾ ਜਵਾਲਾ ਸਿੰਘ ਠੱਠੀਆਂ ਦੀ ਦੂਰ ਅੰਦੇਸ਼ੀ ਸੋਚ

# ਗੁਰੂ ਗੋਬਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ



ਸੀਤਾ ਰਾਮ ਬਾਂਸਲ
91-75892-56092

20 ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਵਿਦੇਸ਼ਾਂ ਵਿੱਚ ਕਮਾਈਆਂ ਕਰਨ ਗਏ ਭਾਰਤੀਆਂ ਨੇ ਉੱਥੇ ਵੱਖ-ਵੱਖ ਜਥੇਬੰਦੀਆਂ ਬਣਾ ਕੇ ਸਮਾਜ ਸੁਧਾਰਕ ਅਤੇ ਲੋਕ ਜਾਗ੍ਰਿਤੀ ਦੇ ਕੰਮ ਆਰੰਭੇ। ਇੰਗਲੈਂਡ ਵਿੱਚ ਸ਼ਿਆਮਾ ਜੀ ਕ੍ਰਿਸ਼ਨਾ ਵਰਮਾ ਨੇ ਪਹਿਲੀਆਂ ਦੋ ਸਕਾਲਰਸ਼ਿਪ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਵਾਜੀ ਦੇ ਨਾਂ 'ਤੇ ਜਾਰੀ ਕੀਤੀਆਂ। ਬਾਲ ਗੰਗਾਧਰ ਤਿਲਕ ਅਤੇ ਬਿਪਨ ਚੰਦਰ ਪਾਲ ਨੂੰ ਬੇਨਤੀ ਕੀਤੀ ਸੀ ਕਿ ਭਾਰਤ ਵਿੱਚੋਂ ਇੰਗਲੈਂਡ ਪੜ੍ਹਣ ਲਈ ਦੇਸ਼ ਭਗਤੀ ਦਾ ਜਜ਼ਬਾ ਰੱਖਣ ਵਾਲੇ ਨੌਜਵਾਨਾਂ ਦੀ ਚੋਣ ਕਰਨ।ਇਹਨਾਂ ਵਜ਼ੀਫਿਆਂ ਤਹਿਤ ਆਏ ਵਿਨਾਇਕ ਦਾਮੋਦਰ ਸਾਵਰਕਰ ਦੇ ਦੇਸ਼ ਭਗਤੀ ਦੇ ਕੰਮਾਂ ਨੇ ਉਸ ਸਮੇਂ ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਖੋਖਲੀਆਂ ਕਰਨ ਦਾ ਕੰਮ ਕੀਤਾ ਸੀ। ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਸ਼ਿਆਮਾ ਜੀ ਨੇ ਪੰਜ ਵਜ਼ੀਫੇ ਦੇਣ ਦਾ ਐਲਾਨ ਕੀਤਾ ਸੀ। ਸ਼ਰਤ ਇਹ ਰੱਖੀ ਸੀ ਕਿ ਜੋ ਨੌਜਵਾਨ ਵਲੈਤ ਪਹੁੰਚ ਕੇ ਪੜ੍ਹਣਗੇ ਉਹ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਦਾ ਪ੍ਰਣ ਲੈਣਗੇ। ਭਾਈ ਪਰਮਾਨੰਦ ਕਰਿਆਲਾ ਵਿਦੇਸ਼ਾ 'ਚ ਸਰਗਰਮ ਭਾਰਤੀ ਕ੍ਰਾਂਤੀਕਾਰੀਆਂ ਨਾਲ ਪਹਿਲਾ ਕੰਮ ਕਰ ਚੁੱਕਾ ਸੀ। ਉਸ ਨੇ



The Guru Govind Singh Sahib Educational Scholarships.

The undersigned, being desirous of helping deserving Indian students of **both sexes** to receive liberal and professional education in foreign countries, begs to offer six scholarships, tenable for 3 years, and invites applications for the same.

The conditions for the award are as follows:—

I. The Scholarships will be known as the "Guru Govind Singh Sahib Educational Scholarships".

II. All properly qualified Indian ladies and gentlemen, without distinction of race, caste or creed, will be eligible for election to the scholarships.

III. Each scholarship will be tenable for 3 years, commencing August, 1912.
Note. The period may be extended in the case of able and industrious scholars, who finish the three years' course of study with marked success and credit.

IV. The scholarships will not be given in money. Each scholarship will include free board and lodging, all expenses for clothes, books, stationery, medicine, postage and other requisites of student life, all college fees, and a small amount of pocket money during a period of three years.
Note. Medical students will pay their own college and laboratory fees, which amount to about $175 (Rs. 525) per annum.

V. All scholars will come from India to Berkeley (Cal.), U. S. A., at their own expense.
Each scholar will receive third-class fare (second-class in the case of ladies) for the return voyage to India on the successful completion of the three years' course of study.

VI. All scholars will reside at a hostel to be called the "Guru Nanak Deva Vidyarthi Ashram", Berkeley (Cal.), and lead a simple and abstemious life. Scholars will not smoke or use alcoholic beverages.

VII. (a) Each scholar will study, at his or her choice, at least one of the following subjects at the University of California, Berkeley, (Cal.):— History. Economics. English Literature. French Literature. German Literature. Spanish Literature. Japanese Literature. Civil, Mechanical or Mining Engineering. Commerce. Music. Medicine.
(b) Each scholar will qualify himself or herself for one of the following degrees at the University:—
M. A., M. L., M. Sc., Ph. D., M. D.

VIII. A scholar, who is not diligent in study or who fails to maintain a good moral character, shall forfeit the scholarship and the return passage-money.

IX. Candidates should supply information with regard to the following points in their applications:—
Sex. Age. Religion. Caste. Married or Unmarried? Present Occupation. Qualifications. References. Subject or Subjects of Study (selected from the list given above).

X. All applications, with full testimonials and references, must reach Mrs. Bertha L. C. Pope, 2708 Virginia St., Berkeley, (Cal.), U. S. A., before May 15, 1912.

SIRDAR JAWALA SINGH.

Moorland, (Cal.), U. S. A., Jan. 1, 1912.

ITEMS OF INFORMATION. Able graduates of Indian Universities can obtain the degree of Ph. D. after two years' study.
Medical students, who have studied for 3 years at a medical college in India,

ਤਾਰਕਨਾਥ ਦਾਸ, ਤੇਜਾ ਸਿੰਘ, ਪ੍ਰੋ. ਆਰਥਰ ਪੋਪ ਦੀ ਮੌਜੂਦਗੀ 'ਚ ਸ਼ਿਆਮਾ ਜੀ ਕ੍ਰਿਸ਼ਨਾ ਵਰਮਾ ਦੇ ਵਜ਼ੀਫਿਆਂ ਦਾ ਹਵਾਲਾ ਦੇ ਕੇ ਲਾਲਾ ਹਰਦਿਆਲ ਨੂੰ ਸਲਾਹ ਦਿੱਤੀ ਕਿ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਕੇ ਭਾਰਤ 'ਚੋਂ ਮੰਗਵਾ ਕੇ ਅਮਰੀਕਾ ਵਿੱਚ ਪੜ੍ਹਾਇਆ ਜਾਵੇ ਅਤੇ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨ ਲਈ ਤਿਆਰ ਕੀਤੇ ਜਾਣ। ਭਾਈ ਪਰਮਾਨੰਦ ਨੇ ਸੁਝਾਅ ਦਿੱਤਾ, 'ਪੰਜਾਬ ਅਤੇ ਭਾਰਤ ਦੇ ਬਾਕੀ ਹਿੱਸਿਆਂ ਤੋਂ ਕੁਛ ਸਮਝਦਾਰ ਵਿਦਿਆਰਥੀ ਅਮਰੀਕਾ ਬੁਲਾਏ ਜਾਣ, ਉਹਨਾਂ ਨੂੰ ਵਜ਼ੀਫੇ ਦਿੱਤੇ ਜਾਣ, ਉਹ ਕੁਝ ਸਾਲ ਇੱਥੇ ਵੱਖ-ਵੱਖ ਵਿਸ਼ਿਆਂ ਦਾ ਅਧਿਐਨ ਕਰਨ।ਇਸ ਯੋਜਨਾ ਵਿੱਚ ਸਫਲਤਾ ਮਿਲਣ 'ਤੇ ਇਥੇ ਐਸੇ ਵਿਦਿਆਰਥੀਆਂ ਵਾਸਤੇ ਇੱਕ ਹੋਸਟਲ ਬਣਾ ਦਿੱਤਾ ਜਾਵੇ ਜੋ ਅਮਰੀਕਾ ਤੋਂ ਮੁੜਣ 'ਤੇ ਮਾਤਰਭੂਮੀ ਦੀ ਸੇਵਾ ਕਰ ਸਕਣ'।

ਸਰਬ ਸੰਮਤੀ ਨਾਲ ਭਾਈ ਪਰਮਾਨੰਦ ਦੀ ਤਜ਼ਵੀਜ ਨੂੰ ਪ੍ਰਵਾਨ ਕਰ ਲਿਆ। ਉਸ ਵੇਲੇ ਇਸ ਕੰਮ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ ਕਾਇਮ ਕਰਕੇ ਕਮੇਟੀ ਬਣਾ ਦਿੱਤੀ। ਹਰਦਿਆਲ, ਤੇਜਾ ਸਿੰਘ, ਤਾਰਕ ਨਾਥ ਦਾਸ, ਪ੍ਰੋ, ਆਰਥਰ ਪੋਪ ਅਤੇ ਸ਼੍ਰੀਮਤੀ ਪੋਪ ਕਮੇਟੀ ਦੇ ਮੈਂਬਰ ਨਿਯੁਕਤ ਕੀਤੇ।ਮਾਇਆ ਦਾ ਸਾਰਾ ਪ੍ਰਬੰਧ ਭਾਈ ਜਵਾਲਾ ਸਿੰਘ ਠੱਠੀਆਂ ਨੇ ਆਪਣੇ ਜ਼ਿੰਮੇ ਲੈ ਲਿਆ। ਗ਼ਦਰ ਪਾਰਟੀ ਦੇ ਉਸਰੱਈਏ ਭਾਈ ਜਵਾਲਾ ਸਿੰਘ ਠੱਠੀਆਂ ਦਾ ਸਟਾਕਟਨ ਵਿੱਚ ਅਮਰੀਕਾ ਦਾ ਪਹਿਲਾ ਗੁਰੂਦੁਆਰਾ ਉਸਾਰਨ ਵਿੱਚ ਮੋਢੀ ਰੋਲ ਸੀ ਤੇ ਇਸ ਗੁਰੂਦੁਆਰੇ ਨੇੜੇ ਹੀ ਉਹਨਾਂ ਦਾ 40000 ਏਕੜ (ਇੱਕ ਹੋਰ ਸ੍ਰੋਤ ਅਨੁਸਾਰ 500 ਏਕੜ) ਦਾ ਫਾਰਮ ਸੀ ਜਿੱਥੇ ਬੰਬ ਬਣਾਉਣਾ ਸਿੱਖਦੇ ਸਮੇਂ ਧਮਾਕੇ ਨਾਲ ਗ਼ਦਰ ਪਾਰਟੀ ਦੇ ਮਸ਼ਹੂਰ ਕਵੀ ਹਰਨਾਮ ਸਿੰਘ ਦੀ ਇੱਕ ਬਾਂਹ ਉੱਡ ਗਈ ਸੀ ਜੋ ਟੁੰਡੀਲਾਟ ਵਜੋਂ ਪ੍ਰਸਿੱਧ ਹੋਏ।ਅਮਰੀਕਾ ਵਿੱਚ ਲੋਕ ਭਾਈ ਜਵਾਲਾ ਸਿੰਘ ਨੂੰ ਆਲੂਆਂ ਦਾ ਬਾਦਸ਼ਾਹ ਕਹਿੰਦੇ ਸਨ। ਇਸ ਇਕੱਤਰਤਾ ਤੋਂ ਦੂਜੇ ਦਿਨ ਸਕਾਲਰਸ਼ਿਪ ਦੀਆਂ ਸ਼ਰਤਾਂ ਦਾ ਐਲਾਨ ਕਰ ਦਿੱਤਾ, 1912 ਦੇ ਸ਼ੁਰੂ ਚ ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ ਬਣਾਈ। ਫਰਵਰੀ 1912 'ਚ ਪ੍ਰਮੁਖ ਅਖਬਾਰਾਂ ਚ ਇਹਨਾਂ ਵਜੀਫਿਆਂ ਬਾਰੇ ਇਸ਼ਤਿਹਾਰ ਦਿੱਤਾ ਅਤੇ ਹਿੰਦੋਸਤਾਨ ਦੇ ਸਾਰੇ ਕਾਲਜਾਂ ਚ ਇਹਦੇ ਬਾਰੇ ਜਾਣਕਾਰੀ ਭੇਜੀ ਗਈ।ਇੱਕ ਜਨਵਰੀ 1912 ਨੂੰ ਮੂਰਲੈਂਡ (ਕੈਲੇਫੋਰਨੀਆਂ) ਤੋਂ ਬਾਬਾ ਜਵਾਲਾ ਸਿੰਘ ਦੇ ਦਸਤਖਤ ਹੇਠ ਇਸ਼ਤਿਹਾਰ ਜਾਰੀ ਹੋਇਆ ਜਿਸ ਵਿੱਚ ਸ਼੍ਰੀਮਤੀ ਬਰਥਾ ਐਲ ਸੀ ਪੋਪ ਦੇ 2708, ਵਰਜੀਨੀਆਂ ਸਟਰੀਟ ਬਰਕਲੀ ਦੇ ਪਤੇ ਤੇ 15 ਮਈ 1912 ਤੱਕ ਅਰਜੀਆਂ ਭੇਜਣ ਲਈ ਕਿਹਾ ਗਿਆ ਸੀ।ਸਕਾਲਰਸ਼ਿਪ ਦੀਆਂ ਸ਼ਰਤਾਂ ਚ ਸੀ ਕਿ ਚੁਣਿਆ ਵਿਦਿਆਰਥੀ ਆਪਣੇ ਖਰਚੇ ਤੇ ਅਮਰੀਕਾ ਪਹੁੰਚੇਗਾ।ਪੜ੍ਹਾਈ ਪੂਰੀ ਹੋਣ ਤੇ ਵਾਪਸੀ ਸਫਰ ਦਾ ਖਰਚਾ ਕਮੇਟੀ ਨੇ ਕਰਨਾ ਸੀ। ਛੁੱਟੀਆਂ ਚ ਕੰਮ ਕਰਕੇ ਕਮਾਈ ਕਰਨੀ, ਕੋਈ ਨਸ਼ਾ ਨਾ ਵਰਤਣਾ, ਜਤ ਸਤ ਰੱਖਣਾ, ਕੋਈ ਵੀ ਕੰਮ ਸਮਾਜ ਅਤੇ ਦੇਸ਼ ਵਿਰੁੱਧ ਨਾ ਕਰਨਾ ਮੁੱਖ ਕੰਮ ਹੋਣਗੇ।


ਕੁਝ ਹਫਤਿਆਂ ਵਿੱਚ ਹੀ 600 ਅਰਜ਼ੀਆਂ ਆ ਪਹੁੰਚੀਆਂ। ਕਮੇਟੀ ਨੇ ਛੇ ਵਿਦਿਆਰਥੀਆਂ ਦੀ ਚੋਣ ਕੀਤੀ।ਯੋਗਤਾ ਅਤੇ ਪ੍ਰਤਿੱਗਿਆ ਦੇ ਆਧਾਰ 'ਤੇ ਵਿਦਿਆਰਥੀ ਚੁਣੇ ਗਏ ਸਨ। ਵਿਤਕਰਾ ਖਤਮ ਕਰਨ ਲਈ ਹਿੰਦੂ, ਸਿੱਖ, ਮੁਸਲਮਾਨ ਅਤੇ ਇਸਾਈ ਸਭ ਧਰਮਾਂ ਦੇ ਨੁੰਮਾਇਦੇ ਲਏ ਗਏ। ਸਾਂਝੀਵਾਲਤਾ ਅਤੇ ਭਰਾਤਰੀ ਭਾਵ ਦੇ ਅਸੂਲਾਂ 'ਤੇ ਹੋਸਟਲ ਬਣਾਇਆ ਗਿਆ।

26 ਮਈ 1712 ਦਿਨ ਐਤਵਾਰ ਨੂੰ 'ਦੀ ਸਾਨਫਰਾਂਸਿਸਕ ਕਾਲੋ' ਅਖ਼ਬਾਰ ਵਿੱਚ ਇਹ ਖ਼ਬਰ ਛਪੀ:

ਭਾਰਤੀ ਵਿਦਵਾਨ ਯੂਨੀਵਰਸਿਟੀ ਆਫ਼



ਬਾਬਾ ਜਵਾਲਾ ਸਿੰਘ ਠੱਠੀਆਂ





INDIAN SAVANTS TO ENROLL AT U. C.

"Six Men of Indostan to Learning Much Inclined" Seek Pyerian Spring

BERKELEY, May 25.—Six brilliant men of India, some of them members of college faculties, will enroll as students of the University of California next August, coming here on the Guru Singh Sahib educational scholarships

ਕੈਲੇਫੋਰਨੀਆਂ 'ਚ ਦਾਖ਼ਲ ਹੋਣਗੇ਼ ਇੰਡੋਸਤਾਨ ਦੇ ਛੇ ਬੰਦੇ ਵੱਧ ਸਿੱਖਣ ਵੱਲ ਝੁਕਾਅ ਰੱਖਦੇ ਹਨ: ਬਰਕਲੀ, ਮਈ 25- ਮੂਰਲੈਂਡ ਕੈਲੀਫੋਰਨੀਆਂ ਦੇ ਭਾਰਤੀ ਕਿਸਾਨ ਸ. ਜਵਾਲਾ ਸਿੰਘ ਦੇ ਸਥਾਪਤ ਕੀਤੇ ਗੁਰੂ ਗੋਬਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ 'ਤੇ ਛੇ ਬਹੁਤ ਹੀ ਹੁਸ਼ਿਆਰ ਭਾਰਤੀ, ਜਿਹੜੇ ਕਿ ਕੁਝ ਕਾਲਜਾਂ ਦੇ ਵਿਦਿਆ ਵਿਭਾਗ ਦੇ ਮੈਂਬਰ ਹਨ, ਆਉਂਦੇ ਅਗਸਤ ਵਿੱਚ ਯੂਨੀਵਰਸਿਟੀ ਆਫ਼ ਕੈਲੀਫੋਰਨੀਆਂ ਦੇ ਵਿਦਿਆਰਥੀਆਂ ਵਜੋਂ ਦਾਖ਼ਲਾ ਲੈਣਗੇ।ਇਥੋਂ ਇਹਨਾਂ ਦੀ ਪੜ੍ਹਈ ਮੁੱਕਣ 'ਤੇ ਆਪਣੇ ਦੇਸ਼ ਵਾਸੀਆਂ ਵਿੱਚ ਸੱਭਿਅਤਾ ਅਤੇ ਸਿੱਖਿਆ ਨੂੰ ਪ੍ਰਫੁਲਤ ਕਰਨ ਵਿੱਚ ਮੱਦਦ ਕਰਨ ਲਈ ਇਹਨਾਂ ਨੂੰ ਵਾਪਸ ਮਾਤਰ ਭੂਮੀ 'ਤੇ ਲਿਜਾਇਆ ਜਾਵੇਗਾ।




ਭਾਈ ਜਵਾਲਾ ਸਿੰਘ



ਲਾਲਾ ਹਰਦਿਆਲ



ਪ੍ਰੋ. ਆਰਥਰ ਯੂ ਪੋਪ



ਪ੍ਰੋ. ਤੇਜਾ ਸਿੰਘ

ਭਾਰਤ ਤੋਂ ਆਉਣ ਵਾਲੇ ਇਹ ਛੇ ਵਿਦਵਾਨ ਰਾਸ਼ਟਰੀ ਪ੍ਰਤੀਯੋਗਤਾ ਰਾਹੀਂ ਚੁਣੇ ਗਏ ਸਨ ਅਤੇ ਇਹ ਵੱਖ ਵੱਖ ਪ੍ਰਾਂਤਾਂ ਅਤੇ ਚਾਰ ਜਾਤਾਂ ਸਿੱਖ, ਕਾਇਸਥ, ਬ੍ਰਾਹਮਣ ਅਤੇ ਹਿੰਦੂ ਦੀ ਪ੍ਰਤੀਨਿਧਤਾ ਕਰਦੇ ਹਨ।ਇੱਕ ਹੈ ਐਸ.ਬੀ. ਹੁਦਲੀਕਰ ਭਾਰਤ ਦੇ ਪੂਨਾ ਵਿਚਲੇ ਫਰਗੂਸ਼ਨ ਕਾਲਜ ਵਿੱਚ ਜਿਓਲੋਜੀ ਦਾ ਪ੍ਰੋਫੈਸਰ ਹੈ। ਉਹ 23 ਸਾਲਾਂ ਦਾ ਹੈ ਅਤੇ ਬੰਬੇ ਯੂਨੀਵਰਸਿਟੀ ਤੋਂ ਮਾਸਟਰ ਆਫ਼ ਆਰਟਸ ਦੀ ਡਿਗਰੀ ਲਈ ਹੈ। ਸ਼ਿਵਦੇਵ ਸਿੰਘ ਸਰਕਾਰੀ ਕਾਲਜ ਲਾਹੌਰ, ਪੰਜਾਬ ਦਾ ਵਿਦਿਆਰਥੀ ਹੈ। ਉਹ ਜੱਟ ਹੈ, ਡਾਕਟਰ ਬਣਨਾ ਚਾਹੁੰਦਾ ਹੈ। ਉਸ ਕੋਲ ਬੈਚੁਲਰ ਆਫ਼ ਸਾਇੰਸ ਦੀ ਡਿਗਰੀ ਹੈ। ਕਰਾਚੀ ਦੇ ਸ਼ਾਦੀਸ਼ੁਦਾ ਹਿੰਦੂ ਗਣੇਸ਼ ਪੀ. ਹਜ਼ਾਰੀ ਦਾ ਆਉਣ ਦਾ ਬਹੁਤ ਵੱਡਾ ਪਰਉਪਕਾਰੀ ਨਿਸ਼ਾਨਾ ਹੈ। ਬੰਬੇ ਯੂਨੀਵਰਸਿਟੀ ਤੋਂ ਬੈਚੁਲਰ ਡਿਗਰੀ ਲਈ ਹੋਈ ਹੈ, ਫਿਲਾਸਫ਼ੀ ਦਾ ਮਾਸਟਰ ਆਫ਼ ਆਰਟਸ ਬਣਨਾ ਚਾਹੁੰਦਾ ਹੈ।ਬੀ. ਲੋਮੋਯਾਗੀ ਸ਼ਰਮਾ, ਬ੍ਰਾਹਮਣ ਜਾਤ ਦਾ ਹਿੰਦੂ ਆਪਣੀ ਅਰਜ਼ੀ 'ਚ ਲਿਖਦਾ ਹੈ ਕਿ ਉਹ ਆਪਣੇ ਆਪ ਨੂੰ ਜਿੱਥੇ ਲੋੜ ਪਵੇ, ਦੇਸ਼ 'ਤੇ ਕੁਰਬਾਨ ਕਰ ਦੇਵੇਗਾ।ਇਸ ਕਰਕੇ ਉਹ ਅਮਰੀਕਾ ਵਿੱਚ ਉਹ ਕੁਝ ਸਿੱਖਣ ਆਵੇਗਾ ਜੋ ਉਹ ਭਾਰਤ ਵਿੱਚ ਨਹੀਂ ਸਿੱਖ ਸਕਿਆ।ਹੁਣ ਉਹ ਮਦਰਾਸ ਵਿੱਚ ਲਾਅ ਦਾ ਵਿਦਿਆਰਥੀ ਹੈ, ਇਥੇ ਉਹ ਇਕਨਾਮਿਕਸ, ਹਿਸਟਰੀ ਅਤੇ ਮਕੈਨੀਕਲ ਇੰਜੀਨੀਅਰਿੰਗ ਪੜ੍ਹੇਗਾ। ਚਿੱਠੀ ਵਿੱਚ ਉਹ ਆਪਣੀ ਵਿਦਿੱਅਕ ਯੋਗਤਾ ਦਾ ਵਰਣਨ ਕਰਕੇ ਮਾੜੀਆਂ ਆਦਤਾਂ ਤੋਂ ਪਿਤਾ ਪੁਰਖੀ ਪ੍ਰਹੇਜ਼ ਬਾਰੇ ਲਿਖਦਾ ਹੈ, 'ਸ਼ਾਕਾਹਾਰੀ ਹੈ ਅਤੇ ਸ਼ਰਾਬ ਤੋਂ ਪੂਰਨ ਅਤੇ ਹੋਰ ਨੁਕਸਾਨਦੇਹ ਆਦਤਾਂ ਤੋਂ ਪ੍ਰਹੇਜ਼ ਮੇਰਾ ਜਮਾਂਦਰੂ ਹੱਕ ਹੈ। ਇਸ ਤੋਂ ਇਲਾਵਾ ਮੈਂ ਸਤਿਕਾਰ ਸਹਿਤ ਕਬੂਲ ਕਰਦਾ ਹਾਂ ਕਿ ਮੈਂ ਪਹਿਰਾਵੇ, ਖਾਣ-ਪੀਣ ਆਦਿ ਵਿੱਚ ਸਾਦਗੀ ਦਾ ਪ੍ਰੇਮੀ ਹਾਂ ਅਤੇ ਪਿਛਲੇ ਦੋ ਸਾਲਾਂ ਤੋਂ ਫਲਾਂ ਅਤੇ ਬਿਨ੍ਹਾਂ ਖਮੀਰ ਤੋਂ ਬੂਰੇ ਸਮੇਤ ਆਟੇ ਵਾਲੀ ਰੋਟੀ ਖਾ ਕੇ ਜੀਅ ਰਿਹਾ ਹਾਂ।

ਕਾਇਸਥ ਜਾਤੀ ਦਾ ਹਿੰਦੂ ਗੋਬਿੰਦ ਬਿਹਾਰੀ ਲਾਲ ਐਮ. ਏ. ਇਤਿਹਾਸ, ਇਕਨਾਮਿਕਸ ਅਤੇ ਪੋਲਿਟੀਕਲ ਸਾਇੰਸ ਦੀ ਪੜ੍ਹਾਈ ਕਰਨ ਆਇਆ ਹੈ ਤੇ ਪੀ. ਐਚ. ਡੀ.ਕਰਨਾ ਚਾਹੁੰਦਾ ਹੈ। ਉਹ ਸਟੀਫਨਜ ਕਾਲਜ ਦਿੱਲੀ ਤੋਂ ਪੜ੍ਹਿਆ ਹੈ ਅਤੇ ਉਸ ਨੇ ਬੀ. ਏ. ਅਤੇ ਐਮ. ਏ. ਪੰਜਾਬ ਯੂਨੀਵਰਸਿਟੀ ਤੋਂ ਕੀਤੀ ਹੈ। ਹੁਣ ਉਹ ਇੱਕ ਮੰਨੇ-ਪ੍ਰਮੰਨੇ ਸਿਵਲ ਸਰਜਨ ਅਤੇ ਮੈਡੀਕਲ ਅਫ਼ਸਰ ਭਾਰਤੀ ਦੇ ਯੂਰਪੀਅਨ ਕਾਲਜ 'ਚ ਪੜ੍ਹਦੇ ਸਭ ਤੋਂ ਵੱਡੇ ਪੁੱਤਰ ਨੂੰ ਟਿਊਸ਼ਨ ਪੜ੍ਹਾਉਂਦਾ ਹੈ।

ਨੰਦ ਸਿੰਘ ਸੀਹਰਾ ਸ਼ਾਦੀਸ਼ੁਦਾ ਰਾਮਗੜ੍ਹੀਆ ਜਾਤ ਦਾ ਸਿੱਖ ਹੈ। ਉਹ ਮਕੈਨੀਕਲ ਇੰਜੀਨੀਅਰਿੰਗ ਪੜ੍ਹੇਗਾ। ਉਹ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਿਆ ਹੈ ਅਤੇ ਹੁਣ ਵਿਕਟੋਰੀਆ ਜੁਬਲੀ ਟੈਕਨੀਕਲ ਇੰਸਟੀਚਿਊਟ ਬੰਬੇ ਵਿੱਚ ਪੜ੍ਹ ਰਿਹਾ ਹੈ। ਬਦਲ ਵਜੋਂ ਬੰਬੇ ਦਾ ਹਿੰਦੂ ਵੀ.ਆਰ. ਕੋਕਾਫੰਡ ਅਤੇ ਬਿਹਾਰ ਦੇ ਪ੍ਰਸਿੱਧ ਮੁਸਲਿਮ ਪਰਿਵਾਰ ਤੋਂ ਅਲਾਹਾਬਾਦ ਦਾ ਐਮ. ਮਹਿਮੂਦ ਹਨ। ਮਹਿਮੂਦ ਅਲਾਹਾਬਾਦ ਕਾਲਜ ਦੀ ਟੀਮ ਵਿੱਚ ਫੁੱਟਬਾਲ ਖੇਡਦਾ ਹੈ।

ਇਹ ਵਿਦਵਾਨ ਵਜ਼ੀਫੇ ਦੇਣ ਵਾਲੇ ਦਾਨੀ, ਸਟੈਨਫੋਰਡ ਯੂਨੀਵਰਸਿਟੀ ਦੇ ਫਿਲਾਸਫੀ ਲੈਕਚਰਾਰ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋ: ਅਤੇ ਸ਼੍ਰੀਮਤੀ ਏ. ਯੂ. ਪੋਪ ਵਾਲੀ ਲੋਕਲ ਕਮੇਟੀ ਵਲੋਂ ਚੁਣੇ ਗਏ ਹਨ।'

ਯੂਨੀਵਰਸਿਟੀ ਤੋਂ ਅੱਧਾ ਕੁ ਮੀਲ 'ਤੇ ਬਰਕਲੀ 'ਚ ਇੱਕ ਕਮਰਾ ਕਿਰਾਏ 'ਤੇ ਲਿਆ ਜਿਸ ਵਾਸਤੇ 600 ਡਾਲਰ ਬਾਬਾ ਜਵਾਲਾ ਸਿੰਘ ਨੇ ਲਾਲਾ ਹਰਦਿਆਲ ਨੂੰ ਦੇ ਦਿੱਤੇ ਅਤੇ 200 ਡਾਲਰ ਰਾਸ਼ਨ ਖ੍ਰੀਦਣ ਲਈ ਦਿੱਤੇ।ਇਸ ਹੋਸਟਲ ਦਾ ਨਾਮ ਗੁਰੂ ਨਾਨਕ ਵਿਦਿਆਰਥੀ ਆਸ਼ਰਮ ਰੱਖਿਆ ਗਿਆ।ਲਾਲਾ ਹਰਦਿਆਲ ਨੇ ਉਸ ਕਮਰੇ ਦੀ ਸਜਾਵਟ ਲਈ ਗਲੀਚੇ, ਬੈਡ, ਕੁਰਸੀਆਂ ਆਦਿ 'ਤੇ ਬਹੁਤੇ ਡਾਲਰ ਖਰਚ ਕੇ ਉਸ ਨੂੰ ਸਟੂਡੈਂਟ ਹੋਮ ਬਣਾ ਦਿੱਤਾ ਜਿਥੇ ਭਾਰਤ ਦੀ ਆਜ਼ਾਦੀ ਬਾਰੇ ਵਿਚਾਰਾਂ ਹੁੰਦੀਆਂ। ਬਾਬਾ ਜਵਾਲਾ ਸਿੰਘ ਅਨੁਸਾਰ ਲਾਲਾ ਹਰਦਿਆਲ ਨੂੰ ਇਹਦੇ ਲਈ ਇਲਜਾਮ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਲਾਲਾ ਹਰਦਿਆਲ ਨੂੰ ਬਾਬਾ ਜਵਾਲਾ ਸਿੰਘ ਦੇ ਹੋਲਟ ਵਿਲੇ ਫਾਰਮ ਤੋਂ ਹੁੰਦੇ ਮੁਨਾਫੇ ਦਾ ਪਤਾ ਸੀ। ਬਾਬਾ ਜਵਾਲਾ ਸਿੰਘ ਦਾ ਮੰਨਣਾ ਸੀ ਕਿ ਕਿਸੇ ਹੋਟਲ ਵਿੱਚ ਚਹੁੰ ਵਿਦਿਆਰਥੀਆਂ ਲਈ ਕਮਰੇ ਲੈਣੇ ਸਸਤੇ ਪੈਣੇ ਸਨ।

ਨੰਦ ਸਿੰਘ ਸੀਹਰਾ ਨੂੰ ਬੋਰਡਿੰਗ ਹਾਊਸ ਦਾ ਪ੍ਰਬੰਧਕ ਬਣਾਇਆ ਗਿਆ ਜਿਸ ਦਾ ਕੰਮ ਸੀ ਕਮੇਟੀ ਨਾਲ ਪੂਰਾ ਸੰਪਰਕ ਰੱਖਣਾ। ਉਹ ਰਾਸ਼ਨ ਖਰੀਦਣ ਦਾ ਪ੍ਰਬੰਧ ਕਰਦਾ ਸੀ। ਸਾਰੇ ਵਾਰੋ-ਵਾਰੀ ਖਾਣਾ ਬਣਾਉਂਦੇ। ਹੋਸਟਲ ਵਿੱਚ ਦੇਸੀ ਖਾਣੇ ਬਣਦੇ। ਕਿਤਾਬਾਂ ਦਾ ਖਰਚਾ, ਫੀਸ, ਕੁਝ ਜੇਬ ਖਰਚਾ ਕਮੇਟੀ ਦੇ ਜ਼ਿੰਮੇ ਸੀ। ਪ੍ਰੋਫੈਸਰ ਪੋਪ ਇਹਨਾਂ ਵਿਦਿਆਰਥੀਆਂ ਦਾ ਹਮਦਰਦ ਬਣ ਗਿਆ। ਉਹ ਹਫ਼ਤੇ ਦੇ ਅਖੀਰਲੇ ਦਿਨ ਉਹਨਾਂ ਨੂੰ ਆਪਣੇ ਘਰ ਲਿਜਾ ਕੇ ਖਾਣਾ ਖਵਾਉਂਦਾ ਅਤੇ ਉਸਨੇ ਇਹਨਾਂ ਵਿਦਿਆਰਥੀਆਂ ਦੀ ਬਾਕੀ ਪ੍ਰੋਫੈਸਰਾਂ ਨਾਲ ਜਾਣ ਪਛਾਣ ਕਰਾ ਦਿੱਤੀ ਸੀ। ਲਾਲਾ ਹਰਦਿਆਲ ਦੀ ਸੰਗਤ ਨਾਲ ਵਿਦਿਆਰਥੀਆਂ ਦਾ ਇਹ ਬੋਰਡਿੰਗ ਹਾਊਸ ਇੱਕ ਤਰ੍ਹਾਂ ਆਜ਼ਾਦੀ ਘੁਲਾਟੀਆਂ ਦਾ ਅੱਡਾ ਬਣ ਗਿਆ। ਲਾਲਾ ਹਰਦਿਆਲ ਦੀ ਕੀਲਣ ਵਾਲੀ ਭਾਸ਼ਣ ਕਲਾ ਨੇ ਇਹਨਾਂ ਵਿਦਿਆਰਥੀਆਂ, ਮਿੱਲਾਂ, ਕਾਰਖਾਨਿਆਂ, ਰੇਲਵੇ ਲਾਈਨਾਂ 'ਤੇ ਕੰਮ ਕਰਦੇ ਅਨਪੜ੍ਹ ਜਾਂ ਅੱਧ ਪੜ੍ਹੇ ਮਜ਼ਦੂਰਾਂ ਅਤੇ ਖੇਤਾਂ ਵਿੱਚ ਕੰਮ ਕਰਦੇ ਭਾਰਤੀ ਕਿਸਾਨਾਂ 'ਤੇ ਆਪਣੇ ਵਿਚਾਰਾਂ ਦਾ ਅਜਿਹਾ ਜਾਦੂ ਕੀਤਾ ਕਿ ਉਹ ਗ਼ੁਲਾਮ ਪ੍ਰਵਿਰਤੀ ਤਿਆਗ ਕੇ ਆਜ਼ਾਦ ਸੋਚ ਦੇ ਮਾਲਕ ਬਣ ਗਏ ਅਤੇ ਤਨ ਮਨ ਧੰਨ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕਰਨ ਲਈ ਤਿਆਰ ਹੋ ਗਏ।

ਲਾਲਾ ਹਰਦਿਆਲ ਜਦ ਵੀ ਸਾਂਨਫਰਾਂਸਿਸਕੋ, ਬਰਕਲੀ ਜਾਂ ਓਕਲੈਂਡ ਹੁੰਦਾ ਉਹ ਸਟੂਡੈਂਟ ਹੋਮ ਰੁਕਦਾ।ਇਹ ਉਸਦੀਆਂ ਗਤੀਵਿਧੀਆਂ ਦਾ ਕੇਂਦਰ ਹੁੰਦਾ ਜਿੱਥੋਂ ਉਹ ਭਾਰਤੀਆਂ ਨਾਲ ਸੰਪਰਕ ਚ ਰਹਿੰਦਾ।

ਭਾਈ ਪਰਮਾਨੰਦ ਨੇ ਲਿਖਿਆ ਹੈ ਕਿ ਕਲੱਬ ਹਾਊਸ ਵਿੱਚ ਸਫ਼ੁਰਤੀ ਦਾ ਮੁੱਖ ਕੇਂਦਰ ਲਾਲਾ ਜੀ ਹੁੰਦੇ। ਜਦੋਂ ਉਹ ਸਾਨ ਫਰਾਂਸਿਸਕੋ, ਬਰਕਲੀ ਜਾਂ ਔਕਲੈਂਡ ਵਿੱਚ ਆਉਂਦੇ ਤਾਂ ਗੋਬਿੰਦ ਬਿਹਾਰੀ ਲਾਲ ਦੇ ਕਮਰੇ 'ਚ ਠਹਿਰਦੇ। ਉਹ ਭਾਸ਼ਣ ਦਿੰਦੇ ਤਾਂ ਅਗਲੇ ਦਿਨ ਦੀਆਂ ਅਖ਼ਬਾਰਾਂ 'ਚ ਉਸ ਬਾਰੇ ਪੜ੍ਹ ਕੇ ਭਾਰਤੀ ਵਿਦਿਆਰਥੀ ਬਹੁਤ ਅਨੰਦਿਤ ਹੁੰਦੇ। ਕੈਲੀਫੋਰਨੀਆਂ ਦੇ ਸਾਰੇ ਵਿਦਿਆਰਥੀ ਲਾਲਾ ਜੀ ਦੇ ਭਗਤ ਬਣ ਗਏ।

ਪ੍ਰੋ. ਬਰੁਕਸ ਦਾ ਕਥਨ ਹੈ ਕਿ ਲਾਲਾ ਹਰਦਿਆਲ ਬਰਕਲੀ 'ਚ ਆਤੰਕਵਾਦੀਆਂ ਲਈ ਇੱਕ ਸਕੂਲ ਚਲਾ ਰਿਹਾ ਸੀ। ਉਹ ਰੇਲਵੇ ਲਾਈਨ ਦੇ ਨਾਲ-ਨਾਲ ਇੱਕ ਛੋਟੇ ਜਿਹੇ ਕਮਰੇ 'ਚ ਸੰਤ ਜਾਂ ਫ਼ਕੀਰ ਵਾਂਗ ਰਹਿੰਦਾ ਸੀ। ਬਿਸਤਰੇ ਜਾਂ ਸਰ੍ਹਾਣੇ ਬਿਨਾਂ ਫ਼ਰਸ਼ 'ਤੇ ਸੌਂਦਾ ਸੀ। ਇਸਤੋਂ ਇਲਾਵਾ ਉਸਨੇ 'ਲਾਲ ਝੰਡੇ ਦਾ ਭਾਈਚਾਰਾ' (ਫ਼ਰੈਟਨਿਟੀ ਆਫ਼ ਦਾ ਰੈੱਡ ਫਲੈਗ) ਨਾਮ ਦੀ ਸੰਸਥਾ ਚਲਾਈ। ਇਸ ਵਾਸਤੇ ਉਸਨੇ ਬਾਕੂਨਿਨ ਇੰਸਟੀਚਿਊਟ ਵੀ ਸਥਾਪਤ ਕੀਤਾ ਹੋਇਆ ਸੀ। ਇਸਨੂੰ ਉਹ ਅਰਾਜਕਤਾਵਾਦੀ ਮੱਠ ਕਹਿੰਦਾ ਸੀ।

ਅਸਥਿਰ ਵਿਚਾਰਾਂ ਵਾਲੇ ਲਾਲਾ ਹਰਦਿਆਲ ਨੇ 1919 'ਚ ਬਰਲਿਨ ਗਰੁੱਪ ਨਾਲੋਂ ਆਪਣੇ ਸਾਰੇ ਸੰਬੰਧ ਤੋੜ ਲਏ ਅਤੇ ਇੱਕ ਆਲੋਚਨਾਤਮਕ ਪੁਸਤਕ ਲਿਖੀ।ਇਸ ਬਹੁ ਚਰਚਿਤ ਪੁਸਤਕ ਵਿੱਚ ਉਸਨੇ ਭਾਰਤੀ ਕ੍ਰਾਂਤੀਕਾਰੀਆਂ ਨੂੰ ਉਭਟਕੇ ਹੋਏ ਦੇਸ਼ਭਗਤ ਅਤੇ ਸਿਧਾਂਤਹੀਣ ਅਣਉਚਿਤ ਸਾਹਸ ਵਾਲੇ'' ਕਿਹਾ ਅਤੇ ਬ੍ਰਿਟਿਸ਼ ਸਾਮਰਾਜਵਾਦ ਦੀ ਸਰਾਹਨਾ ਕੀਤੀ ਸੀ। ਬ੍ਰਿਟਿਸ਼ ਸਰਕਾਰ ਨੇ ਹਰਦਿਆਲ ਦੀਆਂ ਅਜਿਹੀਆਂ ਲਿਖਤਾਂ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਵੰਡੀਆਂ ਸਨ।ਅਜਿਹੇ ਵਿਚਾਰਾਂ ਕਾਰਣ ਲਾਲਾ ਹਰਦਿਆਲ ਦਾ ਇਜ਼ਤ ਮਾਣ ਦੇਸ਼ ਭਗਤ ਹਲਕਿਆਂ 'ਚ ਮਿੱਟੀ ਹੋ ਗਿਆ ਸੀ।

ਹੈਨਰੀ ਪਾਂਡੀਅਨ ਬ੍ਰਿਟਿਸ਼ ਕੌਂਸਲ ਦਾ ਤਨਖਾਹਦਾਰ ਜਸੂਸ ਸੀ ਜਿਹੜਾ ਲਾਲਾ ਹਰਦਿਆਲ ਤੇ ਗਦਰ

**(ਬਾਕੀ ਅਗਲੇ ਸਫੇ ਤੇ)**

# ਗੁਰੂ ਗੋਬਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ

ਲਹਿਰ ਦੀਆਂ ਗਤੀਵਿਧੀਆਂ ਦੀਆਂ ਖਬਰਾਂ ਬਰਤਾਨਵੀ ਸਰਕਾਰ ਨੂੰ ਪੁਚਾਉਂਦਾ ਸੀ।ਸ਼ਰਮਾ ਅਤੇ ਕੋਕੂਟਨੂਰ ਜਨਵਰੀ 1913 'ਚ ਬਰਤਾਨਵੀ ਸਰਕਾਰ ਪ੍ਰਤੀ ਵਫਾਦਾਰ 'ਦੀ ਯੰਗ ਇੰਡੀਅਨ ਐਸੋਸੀਏਸ਼ਨ' ਦੇ ਅਹੁਦੇਦਾਰ ਬਣ ਗਏ। ਨੰਦ ਸਿੰਘ ਸੀਹਰਾ ਨੇ ਉਨ੍ਹਾਂ ਨੂੰ ਇਹਦੇ ਨਾਲੋਂ ਆਪਣਾ ਨਾਤਾ ਤੋੜਨ ਲਈ ਕਿਹਾ। ਮਈ 1913 'ਚ ਦੋਹਾਂ ਨੇ ਸਾਂਨਫਰਾਂਸਿਸਕੋ ਵਿਚਲੇ ਕਾਰਜਕਾਰੀ ਬ੍ਰਿਟਿਸ਼ ਕੌਂਸਲ ਜਨਰਲ ਨੂੰ ਲਿਖਿਆ ਕਿ ਅਸੀਂ ਇਸ ਸੰਸਥਾ ਨਾਲੋਂ ਨਾਤਾ ਤੋੜ ਨਹੀਂ ਸਕੇ ਇਸ ਕਰਕੇ ਸਾਨੂੰ ਵਜੀਫਿਆਂ ਤੋਂ ਵਾਂਝੇ ਕਰ ਦਿੱਤਾ ਹੈ ਅਤੇ ਸਾਡੀ ਮੱਦਦ ਕੀਤੀ ਜਾਵੇ।

ਵਜੀਫਿਆਂ ਲਈ ਫੰਡ ਮੁੱਕ ਗਿਆ ਸੀ। ਜਿਹਨਾਂ ਨੇ ਇਹਨਾਂ ਵਜੀਫਿਆਂ ਲਈ ਫੰਡ ਦੇਣ ਦਾ ਵਾਅਦਾ ਕੀਤਾ ਸੀ ਉਹ ਆਪਣੇ ਵਾਅਦੇ ਦੇ ਪੱਕੇ ਨਾ ਰਹੇ।ਆਰਥਿਕ ਮੰਦਵਾੜਾ ਚਲ ਰਿਹਾ ਸੀ ਤੇ ਫਾਰਮ ਵਿੱਚ ਪਏ ਡੇਡ਼ ਲੱਖ ਆਲੂਆਂ ਦੇ ਬੋਰਿਆਂ ਦਾ ਕੋਈ ਖ਼੍ਰੀਦਦਾਰ ਨਹੀਂ ਸੀ। ਅਗਲੀ ਫਸਲ ਬੀਜਣ ਲਈ ਉਧਾਰ ਲੈਣਾ ਪੈਣਾ ਸੀ। ਗੁੱਡੀ ਅਸਮਾਨੀਂ ਚੜ੍ਹੀ ਤੇ ਜਿਹੜੇ ਆਪ ਧਨ ਦੇਣ ਆ ਜਾਂਦੇ ਸੀ ਹੁਣ ਮੁਸ਼ਕਲ ਵੇਲੇ ਅੱਖਾਂ ਫੇਰ ਗਏ। ਪ੍ਰੋ. ਤੇਜਾ ਸਿੰਘ (ਮਗਰੋਂ ਸੰਤ ਤੇਜਾ ਸਿੰਘ ਮਸਤੂਆਣਾ), ਤਾਰਾ ਸਿੰਘ, ਦਰਬਾਰਾ ਸਿੰਘ, ਭਗਤ ਸਿੰਘ ਤੇ ਕੁਝ ਹੋਰਨਾ ਨੇ ਬਾਬਾ ਜਵਾਲਾ ਸਿੰਘ ਤੇ ਜੋਰ ਪਾਇਆ ਕਿ ਸਕਾਲਰਸ਼ਿਪ ਤੇ ਆਏ ਵਿਦਿਆਰਥੀਆਂ ਲਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਤੇ ਕੀਰਤਨ ਲਾਜਮੀ ਕੀਤਾ ਜਾਵੇ। ਬਾਬਾ ਜਵਾਲਾ ਸਿੰਘ ਨੇ ਅਜਿਹਾ ਕਰਨੋਂ ਸਾਫ ਇਨਕਾਰ ਕਰ ਦਿੱਤਾ।ਇਸਨੇ ਪੰਥ ਦੀ ਗੱਲ ਨਹੀਂ ਮੰਨੀ ਇਹ ਕਹਿਕੇ ਬਾਬਾ ਜੀ ਨੂੰ ਪੰਥ ਚੋਂ ਛੇਕ ਦਿੱਤਾ।ਬਾਬਾ ਜੀ ਨੇ ਸੋਚਿਆ ਜਦ ਵੀ ਕਦੇ ਸਬੱਬ ਬਣਿਆ ਜਾਂ ਪੁੱਛਣ ਲਈ ਬੁਲਾਇਆ ਤਾਂ ਆਪਣਾ ਪੱਖ ਰੱਖ ਦਿਆਂਗਾ। ਉਨ੍ਹਾਂ ਦੀ ਚੁੱਪ ਦਾ ਬਾਕੀਆਂ ਨੇ ਗਲਤ ਮਤਲਬ ਕੱਢ ਲਿਆ। ਗੁਰੂਦੁਆਰਾ ਕਮੇਟੀ ਚੋਂ ਕੱਢ ਦਿੱਤਾ। ਬਾਬਾ ਜੀ ਬਾਰੇ ਨਫਰਤ ਭਰੀ ਮੁਹਿੰਮ ਛੇੜ ਦਿੱਤੀ ਅਤੇ ਉਨ੍ਹਾਂ ਵਿਰੁੱਧ ਕਈ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਬਾਬਾ ਜੀ ਨੇ ਆਪਣੇ ਵਿਚਾਰ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਮਾਂ ਪੜ੍ਹਨ ਲਈ ਦੇਣ ਅਤੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਦੇ ਕੰਮਾਂ ਬਾਰੇ ਸੋਚਣ ਦੇਣ ਬਾਰੇ ਲੋਕਾਂ ਨੂੰ ਦੱਸਣ ਦਾ ਮਨ ਬਣਾਇਆ ਤਾਂ ਕਿ ਲੋਕਾਂ ਦੇ ਮਨਾਂ ਚੋਂ ਗਲਤ ਫਹਿਮੀ ਕੱਢੀ ਜਾ ਸਕੇ ਪਰ ਉਸ ਗਰੁੱਪ ਨੇ ਲੋਕਾਂ ਦੇ ਮਨਾਂ ਚ ਐਨੀ ਜਿਆਦਾ ਨਫਰਤ ਭਰੀ ਹੋਈ ਸੀ ਕਿ ਕੁਝ ਬੰਦਿਆਂ ਨੇ ਮਤਾ ਪਕਾ ਲਿਆ ਸੀ ਕਿ ਜਵਾਲਾ ਸਿੰਘ ਨੂੰ ਕੁੱਟਾਂਗੇ ਅਤੇ ਗੁਰੂਦੁਆਰੇ ਆਇਆ ਤਾਂ ਬਾਹਰ ਕੱਢ ਦਿਆਂਗੇ। ਐਨੀ ਹਿੰਮਤ ਕੋਈ ਨਾ ਕਰ ਸਕਿਆ। ਬਾਬਾ ਜਵਾਲਾ ਸਿੰਘ ਗੁਰਦੁਆਰੇ ਮੱਥਾ ਟੇਕ ਕੇ ਮੁੜ ਆਉਂਦੇ ਸਨ। ਪ੍ਰੋ. ਤੇਜਾ ਸਿੰਘ ਦੀ ਕੀਤੀ ਆਰਥਿਕ ਮੱਦਦ ਦੀਆਂ ਬਾਬਾ ਜਵਾਲਾ ਸਿੰਘ ਕੋਲ ਰਸੀਦਾਂ ਪਈਆਂ ਸਨ ਪਰ ਬਾਬਾ ਜੀ ਨੇ ਉਹ ਸਾਰੇ ਦਸਤਾਵੇਜ ਅੱਗ ਲਾਕੇ ਸਾੜ ਦਿੱਤੇ ਜਿਹੜੇ ਕਿਸੇ ਨੂੰ ਵੀ ਪਤਾ ਲੱਗਣ ਤੇ ਪ੍ਰੋ. ਤੇਜਾ ਸਿੰਘ ਨੇ ਹਾਸ਼ੀਏ ਤੇ ਆ ਜਾਣਾ ਸੀ। ਪ੍ਰੋ. ਤੇਜਾ ਸਿੰਘ ਦੀਆਂ ਬਾਬਾ ਜੀ ਅਤੇ ਲਾਲਾ ਹਰਦਿਆਲ ਨਾਲ ਦੂਰੀਆਂ ਵੱਧ ਗਈਆਂ ਜਿਸਦਾ ਨਤੀਜਾ ਨਿੱਕਲਿਆ ਕਿ ਸਕਾਲਰਸ਼ਿਪ ਕਮੇਟੀ ਟੁੱਟ ਗਈ।

ਅੱਜ ਵੀ ਅਜਿਹੀ ਸੋਚ ਦੇ ਲਗਪਗ ਹਰ ਜਗ੍ਹਾ ਦਰਸ਼ਨ ਕਰਨ ਨੂੰ ਮਿਲ ਜਾਂਦੇ ਹਨ।ਕਿਤੇ ਪ੍ਰਤੱਖ ਤੇ ਕਿਤੇ ਗੁੱਝੇ। ਲੋਕ ਪੱਖੀ ਤੇ ਆਪਣੇ ਆਪ ਨੂੰ ਸੱਚੇ ਸੁੱਚੇ ਕਹਾਉਂਦੇ ਅਦਾਰਿਆਂ ਨੂੰ ਚਲਾਉਣ ਵਾਲੇ ਵੀ ਅਜਿਹੀ ਸੋਚ ਤੋਂ ਬਚੇ ਹੋਏ ਨਹੀਂ ਹਨ। ਆਰਥਿਕ ਮੰਦਵਾੜੇ ਕਰਕੇ ਬਾਬਾ ਜੀ ਆਰਥਿਕ ਤੰਗੀ ਚ ਫਸ ਗਏ। ਬਰਕਲੀ ਤੋਂ ਵਿਦਿਆਰਥੀਆਂ ਦੇ ਖਰਚੇ ਲਈ ਡਾਲਰ ਭੇਜਣ ਦੀ ਚਿੱਠੀ ਆ ਗਈ। ਸਾਰੇ ਸਾਲ ਦੇ ਖਰਚੇ ਲਈ ਦਿੱਤੇ ਡਾਲਰ ਲਾਲਾ ਹਰਦਿਆਲ ਨੇ ਅਪਾਰਟਮੈਂਟ ਦੀ ਸਜਾਵਟ ਤੇ ਖਰਚ ਕਰ ਦਿੱਤੇ ਸਨ। ਬਾਬਾ ਜੀ ਨੇ ਦੋ ਘੋੜੇ ਗਿਰਵੀ ਰੱਖ ਕੇ ਦੋ ਸੌ ਡਾਲਰ ਵਿਦਿਆਰਥੀਆਂ ਦੇ ਖਰਚੇ ਲਈ ਭੇਜੇ। ਅਪਾਰਟਮੈਂਟ ਛੱਡ ਦਿੱਤਾ ਤੇ ਵਿਦਿਆਰਥੀਆਂ ਨੂੰ ਹੋਟਲ ਦੇ ਕਮਰਿਆਂ ਚ ਰੱਖਿਆ ਜਿਨ੍ਹਾਂ ਦਾ ਕਿਰਾਇਆ ਵਾਜਬ ਸੀ।

ਆਲੂਆਂ ਦੇ ਖ਼੍ਰੀਦਦਾਰ ਆਲੂਆਂ ਦਾ ਬਹੁਤ ਘੱਟ ਭਾਅ ਦੇ ਰਹੇ ਸਨ। ਫਾਰਮ ਦੇ ਸ਼ੇਅਰ ਧਾਰਕ ਪ੍ਰੋ. ਤੇਜਾ ਸਿੰਘ ਅਤੇ ਈਸ਼ਰ ਸਿੰਘ ਹੁਰਾਂ ਨੇ ਫਸਲ ਤੇ ਹੋਇਆ ਆਪਣੇ ਹਿੱਸੇ ਦਾ ਖਰਚਾ ਦੇਣੋਂ ਨਾਂਹ ਕਰ ਦਿੱਤੀ ਕਿ ਉਨ੍ਹਾਂ ਕੋਲ ਦੇਣ ਲਈ ਕੁਝ ਨਹੀਂ ਹੈ। ਬਾਬਾ ਜਵਾਲਾ ਸਿੰਘ ਤੇ ਉਨ੍ਹਾਂ ਦੇ ਕੁਝ ਸਾਥੀਆਂ ਨੇ ਫੈਸਲਾ ਕੀਤਾ ਕਿ ਉਧਾਰ ਲੈ ਕੇ ਕੰਮ ਚਲਾਇਆ ਜਾਵੇਗਾ ਅਤੇ ਵਿਦਿਆਰਥੀਆਂ ਦੇ ਖਰਚੇ ਵਾਸਤੇ ਦੇਸ਼ ਪ੍ਰੇਮੀ ਵਤਨੀ ਭਰਾਵਾਂ ਤੱਕ ਪਹੁੰਚ ਕੀਤੀ ਜਾਵੇ।

ਇਨ੍ਹਾਂ ਦਿਨਾਂ ਚ ਵੈਨਕੂਵਰ (ਕਨੇਡਾ) ਤੋਂ ਖਾਲਸਾ ਦੀਵਾਨ ਸੁਸਾਇਟੀ ਦੇ ਭਾਈ ਭਾਗ ਸਿੰਘ ਅਤੇ ਭਾਈ ਬਲਵੰਤ ਸਿੰਘ ਦੀ ਚਿੱਠੀ ਮਿਲੀ ਜਿਸ ਚ ਉਨ੍ਹਾਂ ਕਨੇਡਾ ਅਤੇ ਅਮਰੀਕਾ ਚ ਵਸਦੇ ਹਿੰਦੋਸਤਾਨੀਆਂ ਦੀਆਂ ਮੁਸ਼ਕਲਾਂ ਬਾਰੇ ਜਾਣੂੰ ਕਰਵਾਉਣ ਬਾਰੇ ਇੰਗਲੈਂਡ ਅਤੇ ਹਿੰਦੋਸਤਾਨ ਡੈਪੂਟੇਸ਼ਨ ਭੇਜਣ ਦੀ ਸਲਾਹ ਕਰਨ ਲਈ ਬਾਬਾ ਜਵਾਲਾ ਸਿੰਘ ਨੂੰ ਸੱਦਿਆ। ਬਾਬਾ ਜੀ ਨੰਦ ਸਿੰਘ ਸੀਹਰਾ ਨੂੰ ਨਾਲ ਲਿਜਾਣ ਲਈ ਬਰਕਲੀ ਪਹੁੰਚ ਗਏ। ਵਿਕਟੋਰੀਆ ਤੋਂ 150 ਡਾਲਰ, ਪੋਰਟਲੈਂਡ ਤੋਂ 25 ਡਾਲਰ, ਵੈਨਕੂਵਰ ਤੋਂ 100 ਡਾਲਰ ਉਗਰਾਹੇ।ਪੋਰਟਲੈਂਡ ਅਤੇ ਵੈਨਕੂਵਰ ਚ ਬਾਬਾ ਜੀ ਨੂੰ ਸਕਾਲਰਸ਼ਿਪ ਝਗੜੇ ਵਾਲੀ ਗੱਲ ਲੋਕਾਂ ਨੂੰ ਸਮਝਾਉਣੀ ਪਈ।

ਲਾਹੌਰ ਸਾਜ਼ਿਸ਼ ਕੇਸ ਵਿੱਚ ਗ਼ਦਰ ਅਖ਼ਬਾਰ ਦੇ ਪਹਿਲੇ ਅੰਕ ਵਿੱਚੋਂ ਹਵਾਲਾ ਦਿੱਤਾ ਗਿਆ ਹੈ ਜਿਹੜਾ ਇਸ ਵਜੀਫ਼ਾ ਸਕੀਮ ਨਾਲ ਜੋੜਿਆ ਗਿਆ ਹੈ। ਗ਼ਦਰ ਅਖਬਾਰ ਵਿਚ 'ਸਾਡਾ ਨਾਓਂ ਤੇ ਸਾਡਾ ਕੰਮ' ਸਿਰਲੇਖ ਹੇਠ ਛਪੇ ਲੇਖ 'ਚ ਆਉਂਦਾ ਹੈੜ.. ਸਾਨਫਰਾਂਸਿਸਕੋ ਵਿੱਚ ਜੁਗਾਂਤਰ ਆਸ਼ਰਮ ਬਣਾਇਆ ਹੈ। ਏਸ ਆਸ਼ਰਮ ਵਿੱਚ ਅਖ਼ਬਾਰ ਛਪਦਾ ਹੈ।ਕਿਤਾਬਾਂ ਭੀ ਛਪਣਗੀਆਂ।ਜਵਾਨ ਪ੍ਰਚਾਰਕ ਤਿਆਰ ਕੀਤੇ ਜਾਂਦੇ ਹਨ ਅਤੇ ਗ਼ਦਰ ਪਾਰਟੀ ਦੀ ਤਿਆਰੀ ਦਾ ਕੰਮ ਆਰੰਭ ਦਿੱਤਾ ਹੈ।

ਗ਼ਦਰੀਆਂ 'ਤੇ ਚੱਲੇ ਲਾਹੌਰ ਸਾਜਿਸ਼ ਕੇਸ ਅਤੇ ਸਪਲੀਮੈਂਟਰੀ ਕੇਸ ਵਿੱਚ ਕਈ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਗ਼ਦਰ ਪਾਰਟੀ ਦੇ ਇਨਕਲਾਬੀਆਂ ਨੇ ਜਨਤਾ ਖਾਸ ਕਰ ਪੇਂਡੂਆਂ ਅਤੇ ਵਿਦਿਆਰਥੀਆਂ ਨੂੰ ਆਪਣੇ ਨਾਲ ਰਲਾਉਣ ਦਾ ਪੂਰਾ ਯਤਨ ਕੀਤਾ।

ਹੋਣ ਵਾਲੇ ਇਨਕਲਾਬ 'ਚ ਵਿਦਿਆਰਥੀਆਂ ਤੋਂ ਮਦੱਦ ਲੈਣੀ ਗ਼ਦਰ ਪਾਰਟੀ ਦੇ ਪ੍ਰੋਗਰਾਮ ਦਾ ਸ਼ੁਰੂ ਤੋਂ ਹਿੱਸਾ ਸੀ। ਜਵਾਲਾ ਸਿੰਘ ਨੇ ਅਮਰੀਕਾ 'ਚ ਵਜੀਫ਼ੇ ਸਥਾਪਤ ਕੀਤੇ। ਸੋਹਣ ਸਿੰਘ ਭਕਨਾ ਨੇ ਮਿੰਟਗੁੰਮਰੀ ਜੇਲ੍ਹ ਦੇ ਇੱਕ ਕਰਮਚਾਰੀ ਨੂੰ ਇਹੋ ਪ੍ਰੇਰਣਾ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਨੌਜਵਾਨਾਂ ਨੂੰ ਅਮਰੀਕਾ ਅਤੇ ਜਰਮਨੀ ਜਾ ਕੇ ਹਥਿਆਰ ਅਤੇ ਡਾਇਨਾਮਾਈਟ ਬਣਾਉਣਾ ਸਿੱਖਣ ਦੀ ਪ੍ਰੇਰਣਾ ਕਰੇ।ਬੰਤਾ ਸਿੰਘ ਅਤੇ ਇੱਛਰਾ ਸਿੰਘ ਨੇ ਸੰਤ ਰਣਧੀਰ ਸਿੰਘ (ਨਾਰੰਗਵਾਲ) ਦਾ ਨਾਮ ਤਜਵੀਜ਼ ਕੀਤਾ ਕਿ ਉਹ ਯੋਗ ਨੌਜਵਾਨਾਂ ਦੀ ਦੱਸ ਪਾ ਸਕਣਗੇ ਜਿਹਨਾਂ ਨੂੰ ਅਮਰੀਕਾ ਅਤੇ ਜਰਮਨੀ ਤੋਂ ਬੰਬ ਅਤੇ ਬੰਦੂਕਾਂ ਬਣਾਉਣੀਆਂ ਸਿੱਖਣ ਲਈ ਭੇਜਿਆ ਜਾਵੇ ਤੇ ਵਾਪਸ ਆ ਕੇ ਉਹ ਅੰਗਰੇਜ਼ ਸਰਕਾਰ ਨੂੰ (ਭਾਰਤ 'ਚੋਂ) ਕੱਢ ਸਕਣ। ਕਿਸੇ ਮੁਸਲਮਾਨ ਦੇ ਇਸ ਵਜੀਫੇ 'ਤੇ ਅਮਰੀਕਾ ਨਾ ਆਉਣ 'ਤੇ ਨਵਾਬ ਖਾਂ ਦੀ ਗਦਰੀ ਨੇਤਾਵਾਂ ਨਾਲ ਅਣਬਣ ਹੋ ਗਈ ਸੀ।ਗ਼ਦਰੀਆਂ ਦੇ ਮਾਂਡਲੇ ਸਾਜਿਸ਼ ਕੇਸ ਵਿੱਚ ਨਵਾਬ ਖਾਂ ਨੇ ਗਵਾਹੀ ਦਿੱਤੀ, ....ਇਸਤੋਂ ਬਾਅਦ ਮੇਰੇ ਅਤੇ ਹਰਦਿਆਲ 'ਚ ਜਵਾਲਾ ਸਿੰਘ ਦੇ ਵਜੀਫ਼ਿਆਂ ਨੂੰ ਲੈ ਕੇ ਮਤ-ਭੇਦ ਪੈਦਾ ਹੋ ਗਿਆ। ਮੈਂ ਸੋਚਿਆ ਕਿ ਉਹ (ਹਰਦਿਆਲ) ਮੁਸਲਮਾਨਾਂ ਨਾਲ ਨਿਆਂਕਾਰੀ ਸਲੂਕ ਨਹੀਂ ਸੀ ਕਰਦਾ। ਸਿੱਟੇ ਵਜੋਂ ਮੈਂ ਗ਼ਦਰ ਐਸੋਸੀਏਸ਼ਨ ਛੱਡ ਦਿੱਤੀ ਅਤੇ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ।ਮੈਂ ਗ਼ਦਰ ਐਸੋਸੀਏਸ਼ਨ ਨਾਲੋਂ ਆਪਣਾ ਨਾਤਾ ਤੋੜ ਲਿਆ। ਇਹ ਜੁਲਾਈ 1913 'ਚ ਵਾਪਰਿਆ। ਮਗਰੋਂ ਮੈਂ ਅਗਸਤ ਵਿੱਚ ਸੈਕਰਾਮੈਂਟੋ ਚਲਾ ਗਿਆ। ਦਸੰਬਰ 1913 'ਚ ਮੈਨੂੰ ਪਤਾ ਲੱਗਾ ਕਿ ਗ਼ਦਰ ਛਪ ਗਿਆ..... ਫਰਵਰੀ 1914 'ਚ ਸੈਕਰਾਮੈਂਟੋ ਵਿੱਚ ਗ਼ਦਰੀਆਂ ਦੀ ਮੀਟਿੰਗ ਹੋਈ, ਜਦੋਂ ਮੈਂ ਪਹੁੰਚਿਆ ਤਾਂ ਮੌਲਵੀ ਅਬਦੁੱਲਾ ਮਿਲਗਾਨੀ ਭਾਸ਼ਣ ਦੇ ਰਿਹਾ ਸੀ। ਹਰਦਿਆਲ ਆ ਕੇ ਮੇਰੇ ਕੋਲ ਬਹਿ ਕੇ ਗੱਲਾਂ ਕਰਨ ਲੱਗਾ। ਉਸਨੇ ਕਿਹਾ ਕਿ ਮੈਨੂੰ (ਨਵਾਬ ਖਾਂ ਨੂੰ) ਜਵਾਲਾ ਸਿੰਘ ਦੇ ਵਜੀਫ਼ਿਆਂ ਸੰਬੰਧੀ ਉਸ (ਹਰਦਿਆਲ) ਬਾਰੇ ਸ਼ੱਕ ਨਹੀਂ ਕਰਨਾ ਚਾਹੀਦਾ। ਮੈਂ ਉਸਦਾ ਭਾਈਵਾਲ ਬਣਨੋਂ ਇਨਕਾਰ ਕਰ ਦਿੱਤਾ। ਉਸਨੇ ਮੈਨੂੰ ਕਿਹਾ ਕਿ ਉਹ ਹਿੰਦੂਆਂ ਅਤੇ ਮੁਸਲਮਾਨਾਂ ਦਾ ਸਾਂਝਾ ਮਿੱਤਰ ਹੈ। ਅਪਲੈਂਡ 'ਚ ਸੋਹਣ ਸਿੰਘ (ਭਕਨਾ) ਮੇਰੇ ਕੋਲ ਪ੍ਰੇਰਿਤ ਕਰਨ ਲਈ ਆਇਆ ਕਿ ਮੈਂ ਉਸ ਨਾਲ ਮਿਲ ਜਾਵਾਂ ਅਤੇ ਮੁਸਲਮਾਨਾਂ ਨੂੰ ਪ੍ਰੇਰਿਤ ਕਰਨ ਕਿ ਓਹ ਉਸ ਨਾਲ ਮਿਲ ਜਾਣ ਅਤੇ ਮੈਨੂੰ ਪ੍ਰੇਰਿਤ ਕਰਨ ਲਈ ਕਿ ਮੈਂ ਹਰਦਿਆਲ ਨਾਲ ਮੁੜ ਮਿਲ ਜਾਵਾਂ। ਮੈਂ ਗ਼ਦਰ ਪਾਰਟੀ ਨਾਲ ਜੁੜਣ ਤੋਂ ਇਨਕਾਰ ਕਰ ਦਿੱਤਾ.....। ਔਕਸਨਾਰਡ 'ਚ ਗ਼ਦਰੀਆਂ ਦੀ ਮੀਟਿੰਗ 'ਚ ਭਗਵਾਨ ਸਿੰਘ ਅਤੇ ਬਰਕਤ ਉੱਲਾ ਨੇ ਭਾਸ਼ਣ ਦਿੱਤੇ। .... ਮੀਟਿੰਗ ਤੋਂ ਬਾਅਦ ਉਸੇ ਸ਼ਾਮ ਮੈਂ ਬਰਕਤ ਉੱਲਾ ਨੂੰ ਮਿਲ ਕੇ ਕੁਝ ਮਸਲਿਆਂ 'ਤੇ ਗੱਲਬਾਤ ਕੀਤੀ। ਮੈਂ ਉਸ ਨੂੰ ਸਈਦ ਮੁਹੰਮਦ ਦੇ ਮਾਮਲੇ ਬਾਰੇ ਯਾਦ ਕਰਵਾਇਆ ਅਤੇ ਕਿਹਾ ਕਿ ਹਿੰਦੂਆਂ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਸਈਅਦ ਮੁਹੰਮਦ ਉਹਨਾਂ ਪੰਜਾਂ ਲੜਕਿਆਂ 'ਚੋਂ ਇੱਕ ਸੀ ਜਿਹਨਾਂ ਨੂੰ ਜਵਾਲਾ ਸਿੰਘ ਨੇ ਅਮਰੀਕਾ ਆਉਣ ਦੇ ਅਤੇ ਉਥੇ ਪੜ੍ਹਣ ਦੇ ਯੋਗ ਹੋਣ ਲਈ ਵਜੀਫ਼ਾ ਦੇਣ ਦਾ ਵਾਅਦਾ ਕੀਤਾ ਸੀ।ਉਹ ਅਮਰੀਕਾ ਗਿਆ ਪਰ ਉਸ ਨੂੰ ਵਜੀਫ਼ਾ ਨਹੀਂ ਦਿੱਤਾ ਗਿਆ ਸੀ। ਜਿਹੜੇ ਪੰਜ ਲੜਕਿਆਂ ਨੂੰ ਵਜੀਫ਼ਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਇਹ ਉਹਨਾਂ ਚੋਂ ਇੱਕੋ ਇੱਕ ਮੁਸਲਮਾਨ ਸੀ। ਮੈਂ ਉਸ ਨੂੰ ਵਜੀਫ਼ਾ ਨਾ ਦੇਣ ਲਈ ਹਰਦਿਆਲ ਨੂੰ ਜਿੰਮੇਵਾਰ ਠਹਿਰਾਇਆ....।"

ਪਰ ਇਥੇ ਇਹ ਵੀ ਵਿਚਾਰਨ ਯੋਗ ਹੈ ਕਿ ਲਾਹੌਰ ਸਾਜਿਸ਼ ਕੇਸ ਵਿੱਚ ਬਾਬਾ ਜਵਾਲਾ ਸਿੰਘ ਠੱਠੀਆਂ ਬਾਰੇ ਫੈਸਲੇ 'ਚ ਜੱਜਾਂ ਨੇ ਲਿਖਿਆ ਕਿ ਨਵਾਬ ਖਾਂ ਜਵਾਲਾ ਸਿੰਘ ਨਾਲ ਦੁਸ਼ਮਣੀ ਰੱਖਦਾ ਸੀ ਕਿਉਂਕਿ ਉਸ (ਜਵਾਲਾ ਸਿੰਘ) ਨੇ ਉਸ ਸਾਲ ਕਿਸੇ ਵੀ ਮੁਸਲਮਾਨ ਨੂੰ ਵਜੀਫ਼ਾ ਨਹੀਂ ਦਿੱਤਾ। ਉਸਨੇ ਨਵਾਬ ਖਾਂ ਦੇ ਖਾਸ ਚਹੇਤੇ ਨੂੰ ਸਕਾਲਰਸ਼ਿਪ ਦੇ ਯੋਗ ਨਹੀਂ ਸਮਝਿਆ।

ਨਵਾਬ ਖਾਂ ਬਰਤਾਨਵੀ ਸੂਹੀਏ ਵਿਲੀਅਮ ਹਾਪਕਿਨਸਨ ਦਾ ਤਨਖਾਹਦਾਰ ਏਜੰਟ ਸੀ ਜੋ ਗ਼ਦਰੀਆਂ 'ਚ ਸ਼ਾਮਿਲ ਹੋ ਗਿਆ ਸੀ। ਇਸਦੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਇਹ ਤਾਂ ਪਹਿਲਾਂ ਤੋਂ ਹੀ ਸੀ. ਆਈ. ਡੀ. ਲਈ ਕੰਮ ਕਰਦਾ ਸੀ।ਇਸਨੇ ਅਮਰੀਕਾ 'ਚ ਹਿੰਦੂ ਸਿੱਖਾਂ ਪ੍ਰਤੀ ਮੁਸਲਮਾਨਾਂ ਦੇ ਦਿਮਾਗਾਂ 'ਚ ਜ਼ਹਿਰ ਘੋਲਿਆ ਸੀ। ਗ਼ਦਰੀ ਇਨਕਲਾਬੀਆਂ ਨੂੰ ਬਹੁਤ ਜ਼ਿਆਦਾ ਨੁਕਸਾਨ ਇਸਦੀਆਂ ਗਵਾਹੀਆਂ ਕਰਕੇ ਹੋਇਆ ਸੀ।

ਕੁੱਲ ਕਿੰਨੇ ਵਿਦਿਆਰਥੀ ਇਸ ਵਜੀਫ਼ੇ 'ਤੇ ਅਮਰੀਕਾ 'ਚ ਪੜ੍ਹਣ ਆਏ ਇਸ ਬਾਰੇ ਵੱਖ-ਵੱਖ ਸਰੋਤਾਂ ਤੋਂ ਮਿਲਦੀ ਜਾਣਕਾਰੀ ਆਪਸ ਵਿੱਚ ਮੇਲ ਨਹੀਂ ਖਾਂਦੀ। ਗ਼ਦਰ ਪਾਰਟੀ ਦੇ ਮੋਢੀ ਸੰਤ ਬਾਬਾ ਵਸਾਖਾ ਸਿੰਘ ਦਦੇਹਰ ਪੰਜ, ਕਰਤਾਰ ਸਿੰਘ ਦੁੱਕੀ ਲਤਾਲਾ ਚਾਰ ਪੰਜਾਬੀ ਨੌਜਵਾਨ, 12 ਮਈ 1912 ਨੂੰ 'ਦੀ ਸਾਨ ਫਰਾਂਸਿਸਕੋ ਕਾਲ' ਅਖ਼ਬਾਰ ਦੀ ਖ਼ਬਰ ਅਨੁਸਾਰ ਛੇ, ਪ੍ਰੋ. ਹਰੀਸ਼ ਕੇ. ਪੁਰੀ ਅਨੁਸਾਰ ਛੇ, ਗਿਆਨੀ ਕੇਸਰ ਸਿੰਘ ਦੇ ਵੱਡ ਆਕਾਰੀ ਨਾਵਲ 'ਹਥਿਆਰਬੰਦ ਇਨਕਲਾਬ' ਦੇ ਪੰਨਾ 192, 193 'ਤੇ ਨੰਦ ਸਿੰਘ ਸੀਹਰਾ, ਯੂ. ਆਰ. ਕੌਕੂਟਨਰ, ਐਸ. ਸ਼ਰਮਾ, ਮੁਹੰਮਦ, ਹੈਨਰੀ ਐਡਵਰਡ ਪਾਂਡੀਅਨ ਅਤੇ ਗੋਬਿੰਦ ਬਿਹਾਰੀ ਲਾਲ ਇਹਨਾਂ ਛੇਆਂ ਦੇ ਬਰਕਲੀ ਯੂਨੀਵਰਸਿਟੀ ਵਿੱਚ ਦਾਖ਼ਲ ਹੋਣ ਬਾਰੇ ਲਿਖਿਆ ਹੈ।

ਪ੍ਰਸਿੱਧ ਗਦਰੀ ਦੇਸ਼ ਭਗਤ ਸੰਤ ਬਾਬਾ ਵਸਾਖਾ ਸਿੰਘ ਦਦੇਹਰ ਆਪਣੀ ਆਤਮ ਕਥਾ ਵਿੱਚ ਲਿਖਦੇ ਹਨ –

ਸੰਨ ਉਨੀ ਸੌ ਯਾਰਾਂ ਦੇ ਚੜ੍ਹਦਿਆਂ ਹੀ,
ਸੇਵਾ ਕੀਤੀ ਜੋ ਦਿਆ ਬਤਾ ਵੀਰੋ
ਜੁਆਲਾ ਸਿੰਘ ਨੇ ਪੰਜ ਵਜੀਫ਼ੇ ਦਿੱਤੇ,
ਮੁਲਕੋਂ ਲਏ ਸੀ ਪੰਜ ਮੰਗਵਾ ਵੀਰੋ
ਵਿੱਚ ਬਰਕਲੀ ਉਹਨਾਂ ਨੂੰ ਜਗ੍ਹਾ ਦਿੱਤੀ,
ਬੰਦੋਬਸਤ ਸੀ ਦਿਆ ਕਰਾ ਵੀਰੋ
ਨੰਦ ਸਿੰਘ ਜੀ ਉਹਨਾਂ ਵਿੱਚ ਲੈਕ ਸੀ,
ਉਸਨੂੰ ਦਿਆਂ ਪ੍ਰਧਾਨ ਬਣਾ ਵੀਰੋ
ਕੱਠਾ ਕਰਕੇ ਬੰਦੋ ਸੀ ਬਸਤ ਸਾਰਾ,
ਵਿੱਚ ਬਰਕਲੀ ਦਿਆ ਟਿਕਾ ਵੀਰੋ
ਲੱਗੇ ਵਿੱਦਿਆ ਪੜ੍ਹਣ ਪ੍ਰੇਮ ਸੇ ਜੀ,
ਕੰਮ ਸੇਵਾ ਦਾ ਛਿੜਿਆ ਸੀ ਆ ਵੀਰੋ
ਲੱਗੀ ਖਿੜਣ ਗੁਲਜ਼ਾਰ ਸੀ ਹੋਰ ਸੰਤੋ,
ਪੋਹ ਸਤਵੀਂ ਨੇੜੇ ਗਈ ਆ ਵੀਰੋ।

ਬਾਬਾ ਜਵਾਲਾ ਸਿੰਘ ਦੀ ਆਪਣੀ ਹੱਥ ਲਿਖਤ ਮੁਤਾਬਕ ਏਧਰ ਪ੍ਰੋਫੈਸਰ ਪੋਪ, ਮਿਸਜ ਪੋਪ, ਲਾਲਾ ਹਰਦਿਆਲ, ਪ੍ਰੋਫੈਸਰ ਤੇਜਾ ਸਿੰਘ ਚਾਰੇ ਕਮੇਟੀ ਕਰਕੇ ਅਰਜੀਆਂ ਵਿੱਚੋਂ ਕਾਂਟ ਛਸਾਂਟ ਕੀਤੀ ਤੇ ਛੇ ਵਿਦਿਆਰਥੀਆਂ ਦੀਆਂ ਅਰਜੀਆਂ ਮਨਜੂਰ ਕੀਤੀਆਂ ਗਈਆਂ। ਏਕ ਮਦਰਾਸ ਕਾਲਜ ਦਾ ਵਿਦਿਆਰਥੀ ਸ਼ਰਮਾ ਬ੍ਰਾਹਮਣ ਲੜਕਾ, ਦੂਸਰਾ ਬੰਬਈ ਕਾਲਜ ਇੰਦੇਰੀ (ਅੰਧੇਰੀ) ਦਾ ਸਰਦਾਰ ਨੰਦ ਸਿੰਘ ਸੀਹਰਾ, ਤੀਸਰਾ ਪੂਨਾ ਫਰਗੂਸਨ ਕਾਲਜ ਦਾ ਕੋਕਟੂਨਰ ਹਿੰਦੂ ਮਰਹੱਟਾ, ਚੌਥਾ ਸਿੰਧ ਹੈਦਰਾਬਾਦ ਦਾ ਗਿਆਨ ਸਿੰਘ ਸਿੰਧੀ, ਪੰਜਵਾਂ ਲਾਹੌਰ ਡਾਕਟਰੀ ਕਾਲਜ ਦਾ ਮੂਲ ਸਿੰਘ, ਛੇਵਾਂ ਗੋਬਿੰਦ ਬੇਹਾਰੀ ਲਾਲ ਦੇਲੀ (ਦਿੱਲੀ) ਇਹ ਛੇਆਂ ਦੀਆਂ ਅਰਜੀਆਂ ਮਨਜੂਰ ਕੀਤੀਆਂ ਗਈਆਂ ਤੇ ਏਕ ਵਜੀਫਾ ਪ੍ਰੋਫੈਸਰ ਪੋਪ ਨੇ ਸਾਡੀ ਮੱਦਤ ਵਾਸਤੇ ਦਿੱਤਾ। ਏਹ ਲੜਕਾ ਮਦਰਾਸ ਦਾ ਸੀ ਤੇ ਇਸਾਈ ਸੀ। ਏਸ ਦਾ ਨਾਮ ਪਾਂਡੀਆ ਸੀ। ਇਹਨਾ ਨੂੰ ਖਵਰ ਭੇਜੀ ਗਈ ਤੇ ਇਹਨਾਂ ਵਿੱਚੋਂ ਚਾਰ ਲੜਕੇ ਆਏ ਨੰਦ ਸਿੰਘ, ਸ਼ਰਮਾ, ਕੋਕਟਨੂਰ ਤੇ ਗੋਬਿੰਦ ਬੇਹਾਰੀ ਬਾਕੀ ਮੂਲਾ ਸਿੰਘ ਤੇ ਗਿਆਨ ਸਿੰਘ ਰਹਿ ਗਏ। ਮਲੂਮ ਐਸਾ ਹੁੰਦਾ ਹੈ ਕਿ ਗਵਰਨਮੈਂਟ ਨੇ ਕੁਛ ਉਹਨਾ ਨੂੰ ਧਮਕੀ ਦਿੱਤੀ ਹੋਵੇਗੀ ਜੋ ਨਹੀਂ ਆ ਸਕੇ ਮਗਰ ਗਿਆਨ ਸਿੰਘ ਜਪਾਨ ਵਿੱਚੋਂ ਆਕੇ ਮੁੜ ਗਿਆ ਸੀ ਤੇ ਏਕ ਸਾਨੂੰ ਚਿੱਠੀ ਭੇਜ ਗਿਆ ਸੀ ਕਿ ਮੇਰਾ ਵਜੀਫਾ ਕਿਸੇ ਦੂਸਰੇ ਨੂੰ ਨਹੀਂ ਦੇਣਾ। ਮੈਂ ਕੁਛ ਕਾਰਣ ਕਰਕੇ ਵਾਪਸ ਚਲਿਆ ਗਿਆ ਹਾਂ। ਨਾਮਲੂਮ ਕੀ ਬਾਤ ਸੀ।ਆਖਰ ਉਪਰਲੇ ਚਾਰੇ ਵਿਦਿਆਰਥੀ ਆ ਗਏ ਤੇ ਬਰਕਲੀ ਏਕ ਘਰ ਕਿਰਾਏ ਲੈਕਰ ਉਸ ਵਿੱਚ ਉਹਨਾ ਦੇ ਰਹਣ ਦਾ ਬੰਦੋਬਸਤ ਕੀਤਾ ਗਿਆ..।

ਨੰਦ ਸਿੰਘ ਸੀਹਰਾ (ਫਿਲੌਰ) ਨੇ ਗ਼ਦਰ ਪਾਰਟੀ ਦੇ ਕੰਮਾਂ ਚ ਹਿੱਸਾ ਲਿਆ। ਕਨੇਡਾ ਅਤੇ ਅਮਰੀਕਾ ਵਿਚਲੇ ਹਿੰਦੋਸਤਾਨੀਆਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਹਿੰਦੋਸਤਾਨ ਤੋਂ ਪਰਿਵਾਰ ਲਿਆਉਣ ਚ ਆ ਰਹੀ ਦਿੱਕਤ ਬਾਰੇ ਹਿੰਦੋਸਤਾਨ ਅਤੇ ਇੰਗਲੈਂਡ ਚ ਭਾਈ ਨਰਾਇਣ ਸਿੰਘ ਅਤੇ ਭਾਈ ਬਲਵੰਤ ਸਿੰਘ ਖੁਰਦਪੁਰ ਨਾਲ ਡੈਪੂਟੇਸ਼ਨ ਲੈ ਕੇ ਆਏ।ਅਮਰੀਕਾ ਵਿੱਚ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਚ ਸ਼ਮੂਲੀਅਤ ਕੀਤੀ। ਮਿਲਵਾਕੀ ਦੀ ਮਾਰਕੁਇਟ ਯੁਨੀਵਰਸਿਟੀ ਤੋਂ 1924 'ਚ ਪੀ.ਐਚ.ਡੀ ਡਿਗਰੀ ਲਈ ਤੇ ਕਈ ਸਾਲ ਫੋਰਡ ਮੋਟਰ ਕੰਪਨੀ ਚ ਕੰਮ ਕੀਤਾ।

ਗੋਬਿੰਦ ਬਿਹਾਰੀ ਲਾਲ ਦਾ ਜਨਮ 9 ਅਕਤੂਬਰ 1889 ਨੂੰ ਬੀਕਾਨੇਰ ਰਿਆਸਤ ਦੇ ਗਵਰਨਰ ਬਿਸ਼ਨ ਦਾਸ ਦੇ ਘਰ ਸ਼੍ਰੀਮਤੀ ਜੱਗੀ ਦੇਵੀ ਦੀ ਕੁੱਖੋਂ ਦਿੱਲੀ ਚ ਹੋਇਆ।ਲਾਲਾ ਹਰਦਿਆਲ ਦੀ ਪਤਨੀ ਦਾ ਚਚੇਰਾ ਭਰਾ ਸੀ। ਅਮਰੀਕਾ ਵਿੱਚ ਗ਼ਦਰੀਆਂ 'ਤੇ ਚੱਲੇ ਮੁਕੱਦਮੇ ਹਿੰਦੂ-ਜਰਮਨ ਸਾਜ਼ਿਸ਼ ਕੇਸ ਵਿੱਚ 10 ਮਹੀਨਿਆਂ ਦੀ ਸਜ਼ਾ ਹੋਈ। ਇਹ ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਮਹਿੰਗਾ ਅਤੇ ਸਭ ਤੋਂ ਲੰਬਾ ਸਮਾਂ ਚੱਲਣ ਵਾਲਾ ਕੇਸ ਸੀ। ਸਾਨ ਫਰਾਂਸਿਸਕੋ ਐਗਜ਼ਾਮੀਨਰ ਅਖਬਾਰ ਚ ਸਾਇੰਸ ਐਡੀਟਰ ਦਾ ਕੰਮ ਕੀਤਾ, 1937 'ਚ ਪੁਲਿਜ਼ਰ ਪੁਰਸਕਾਰ ਜਿੱਤਿਆ, ਭਾਰਤ ਸਰਕਾਰ ਨੇ 1969 ਚ ਸਾਹਿਤ ਅਤੇ ਸਿੱਖਿਆ ਲਈ ਪਦਮ ਭੂਸ਼ਨ ਅਤੇ 1973 'ਚ ਆਜ਼ਾਦੀ ਸੰਗਰਾਮ ਚ ਹਿੱਸਾ ਲੈਣ ਲਈ ਤਾਮਰ ਪੱਤਰ ਦੇ ਕੇ ਸਨਮਾਨਤ ਕੀਤਾ। ਪੰਜ ਹੋਰ ਪੁਰਸਕਾਰਾਂ ਦਾ ਵਿਜੇਤਾ ਇਹ ਆਜ਼ਾਦੀ ਘੁਲਾਟੀਆ 1 ਅਪ੍ਰੈਲ 1982 ਨੂੰ ਸਦੀਵੀ ਵਿਛੋੜਾ ਦੇ ਗਿਆ।

ਇੱਥੇ ਸਵਾਲ ਪੈਦਾ ਹੁੰਦਾ ਏ ਕਿ ਕੀ ਕਾਰਣ ਸਨ ਜਿਨ੍ਹਾਂ ਕਰਕੇ ਬਾਬਾ ਜਵਾਲਾ ਸਿੰਘ ਵਿਰੁੱਧ ਅਮਰੀਕਾ ਵਿੱਚ ਜੋਰਦਾਰ ਮੁਹਿੰਮ ਚਲਾਈ, ਆਰਥਿਕ ਤੰਗੀ ਹੋਣ ਤੇ ਫਸਲ ਤੇ ਹੋਇਆ ਆਪਣੇ ਹਿੱਸੇ ਦਾ ਖਰਚਾ ਨਹੀਂ ਦਿੱਤਾ, ਗੁਰੂਦੁਆਰਾ ਕਮੇਟੀ ਚੋਂ ਕੱਢਿਆ ਅਤੇ ਗੁਰੂਦੁਆਰੇ ਆਉਣ ਤੇ ਹਮਲਾ ਕਰਨ ਤੱਕ ਦਾ ਸੋਚਿਆ ਅਤੇ ਫਿਰ ਬਾਬਾ ਜਵਾਲਾ ਸਿੰਘ ਨੂੰ ਭਰੋਸੇ ਚ ਲੈ ਕੇ ਕੋਰੇ ਕਾਗਜ਼ ਤੇ ਦਸਤਖਤ ਕਰਵਾਕੇ ਪ੍ਰੋ. ਤੇਜਾ ਸਿੰਘ ਨੇ ਖੁਦ ਉਸ ਕਾਗਜ 'ਤੇ ਮੁਆਫੀਨਾਮਾ ਲਿਖ ਕੇ ਗੁਰੂਦੁਆਰਾ ਕਮੇਟੀ ਨੂੰ ਦੇ ਦਿੱਤਾ?

ਇੱਕ ਗੱਲ ਸਾਫ ਹੈ ਕਿ ਬਾਬਾ ਜਵਾਲਾ ਸਿੰਘ ਠੱਠੀਆਂ ਗਦਰ ਪਾਰਟੀ ਦੇ ਦਿਮਾਗ ਸਨ ਜਿਨ੍ਹਾਂ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਗਦਰ ਪਾਰਟੀ ਦੇ ਨੀਤੀ ਘਾੜਿਆਂ ਨੇ ਧਰਮ ਨੂੰ ਹਰ ਇੱਕ ਮੈਂਬਰ ਦਾ ਨਿੱਜੀ ਮਸਲਾ ਮੰਨਿਆਂ ਸੀ ਅਤੇ ਨੌਜਵਾਨ ਪ੍ਰਚਾਰਕ ਤਿਆਰ ਕਰਨ ਦਾ ਸਿਧਾਂਤ ਬਾਬਾ ਜਵਾਲਾ ਸਿੰਘ ਠੱਠੀਆਂ ਜੀ ਤੋਂ ਲਿਆ ਸੀ।


# ਭਾਰਤੀ ਲੋਕਾਂ ਨੂੰ ਕਿੱਧਰ ਨੂੰ ਕੌਣ ਤੇ ਕਿਉਂ ਲਿਜਾਇਆ ਜਾ ਰਿਹਾ ਹੈ? ਹੇਠ ਲਿਖੀਆਂ ਗੱਲਾਂ ਤੋਂ ਇਹ ਸਪੱਸ਼ਟ ਹੋ ਜਾਵੇਗਾ

ਅਟੱਲ ਬਿਹਾਰੀ ਦੇ ਯੁੱਗ ਵਿੱਚ ਉਸ ਸਮੇਂ ਦੇ ਸਿੱਖਿਆ ਮੰਤਰੀ ਸ੍ਰੀ ਮੁਰਲੀ ਮਨੋਹਰ ਜੋਸੀ ਜੀ ਨੇ ਜੋਤਿਸ਼ ਨੂੰ ਸਕੂਲੀਂ ਸਿਲੇਬਸ ਵਿੱਚ ਪੜਾਉਣ ਦਾ ਯਤਨ ਕੀਤਾ ਸੀ। ਉਸ ਤੋਂ ਬਾਅਦ ਕਾਂਗਰਸ ਸਰਕਾਰ ਨੇ ਇੱਕ ਸੰਤ ਦੇ ਕਹਿਣ ਤੇ ਧਰਤੀ ਥੱਲਿਉ ਦੱਬਿਆ ਖਜ਼ਾਨਾ ਕੱਢਣ ਲਈ ਸਮੁੱਚੇ ਪੁਰਾਤਵ ਵਿਭਾਗ ਦੇ ਅਫਸਰਾਂ ਨੂੰ ਖੁਦਾਈ ਕਰਨ ਲਾ ਦਿੱਤਾ। ਅੱਜ ਦੀ ਮੋਦੀ ਸਰਕਾਰ ਕਦੇ ਤਾਂ ਸਰਸਵਤੀ ਨਦੀ ਨੂੰ ਲੱਭਣ ਤੁਰ ਪੈਂਦੀ ਹੈ ਕਰੋੜਾਂ ਦੇ ਬਜਟ ਇਸ ਗੱਲ ਲਈ ਬਰਬਾਦ ਕਰ ਦਿੱਤੇ ਜਾਂਦੇ ਹਨ। ਕਦੇ ਸੰਜੀਵਨੀ ਬੂਟੀ ਲੱਭਣਾ ਸ਼ੁਰੂ ਕਰ ਦਿੰਦੀ ਹੈ। ਕਦੇ ਰਾਮ ਸੇਤੂ ਦੇ ਪੱਥਰ ਤੇ ਪੁਲਾਂ ਦੀ ਚਰਚਾ ਛੇੜ ਦਿੱਤੀ ਜਾਂਦੀ ਹੈ। ਗੰਗਾ ਦੀ ਸਫ਼ਾਈ ਲਈ ਇੱਕ ਪੂਰਾ ਮੰਤਰਾਲਿਆ ਅਰਬਾਂ ਰੁਪਏ ਦਾ ਬਜਟ ਦੇ ਕੇ ਬਣਾ ਦਿੱਤਾ ਜਾਂਦਾ ਹੈ। ਡਾਕਖਾਨਿਆਂ ਵਿੱਚ ਸਸਤੇ ਰੇਟਾਂ ਤੇ ਗੰਗਾਜਲ ਦੀ ਸਪਲਾਈ ਯਕੀਨੀ ਬਣਾਈ ਜਾਂਦੀ ਹੈ। ਗਊਸ਼ਾਲਾਵਾਂ ਵਿੱਚ ਗਊਆਂ ਦੀ ਸੰਭਾਲ ਲਈ ਟੈਕਸ ਜਨਤਾ ਤੇ ਲਾਏ ਜਾ ਰਹੇ ਹਨ।

ਗੱਲਾਂ ਇੱਥੇ ਹੀ ਖ਼ਤਮ ਨਹੀਂ ਹੁੰਦੀਆਂ। ਭਾਰਤ ਹਿੰਦੂ ਬਹੁ ਗਿਣਤੀ ਵਾਲਾ ਦੇਸ਼ ਹੈ। ਹਿੰਦੂ ਜਜਬਾਤਾਂ ਨੂੰ ਟੁੰਬਣ ਲਈ ਰਮਾਇਣ ਵਿੱਚ ਲਿਖੀਆਂ ਕਲਪਿਤ ਗੱਲਾਂ ਉੱਤੇ ਗਰੀਬ ਭਾਰਤ ਦੀ ਗਰੀਬ ਜਨਤਾਂ ਦੇ ਅਰਬਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ। ਵਿਦੇਸ਼ਾਂ ਵਿੱਚ ਵਸਦੇ ਲੱਖਾਂ ਭਾਰਤੀਆਂ ਨੂੰ ਸਰਕਾਰ ਦੀਆਂ ਗੈਰ ਵਿਗਿਆਨਕ ਹਰਕਤਾਂ ਕਾਰਨ ਉੱਥੋਂ ਦੇ ਸਥਾਨਕ ਸ਼ਹਿਰੀਆਂ ਅੱਗੇ ਸ਼ਰਮਸਾਰ ਹੋਣਾ ਪੈ ਰਿਹਾ ਹੈ, ਮੋਦੀ ਸਰਕਾਰ ਬਾਰੇ ਤਰਾਂ ਤਰਾਂ ਦੇ ਲਤੀਫਿਆ ਕਾਰਨ ਉਹਨਾ ਨੂੰ ਮਜਾਕ ਦੇ ਪਾਤਰ ਬਣਨਾ ਪੈ ਰਿਹਾ ਹੈ।

ਭਾਰਤੀ ਟੈਲੀਵੀਯਨ ਦੇ ਇਤਿਹਾਸ ਵਿੱਚ ਜਿੰਨੀਆਂ ਗੈਰ ਵਿਗਿਆਨਿਕ ਘਟਨਾਵਾਂ ਅੱਜ ਦੇ ਮੋਦੀ ਯੁੱਗ ਵਿੱਚ ਵਿਖ-ਾਈਆਂ ਜਾ ਰਹੀਆਂ ਹਨ ਕਦੇ ਵੀ ਵਿਖਾਈਆਂ ਨਹੀਂ ਗਈਆਂ ਸਨ। ਅਨੇਕਾਂ ਚੈਨਲ ਦਿਨ ਰਾਤ ਜਨਤਾ ਨੂੰ ਅੰਧ ਵਿਸਵਾਸ਼ ਹੀ ਪਰੋਸ ਰਹੇ ਹਨ। ਵਿਗਿਆਨਕ ਉਪਲਬਧੀ ਦੇ ਉਦਘਾਟਨਾਂ ਸਮੇਂ ਵੀ ਸਿਰਫ਼ ਹਿੰਦੂ ਮੰਤਰਾਂ ਦੇ ਹਵਨ ਕਰਕੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੀ. ਜੇ. ਪੀ. ਦੀਆਂ ਸਰਕਾਰਾਂ ਵਾਲੇ ਰਾਜਾਂ 'ਚ ਸਕੂਲੀ ਸਿਲੇਬਸਾਂ ਵਿੱਚ ਤਿੰਨ ਹਜ਼ਾਰ ਸਾਲ ਪਹਿਲਾਂ ਲਿਖੀ ਗਈ ਗੀਤਾਂ ਪੜਾ ਕੇ ਵਿਦਿਆਰਥੀਆਂ ਨੂੰ ਪਹਿਲੀ ਸਦੀ ਵਿੱਚ ਲਗਾਇਆ ਜਾ ਰਿਹਾ ਹੈ। ਜਾਤਪਾਤ ਤੇ ਧਰਮਾਂ ਦੇ ਵਖਰੇਵਿਆਂ ਨੂੰ ਉਤਸਾਹਿਤ ਕਰਕੇ ਲੋਕਾਂ ਨੂੰ ਲੜਾਇਆ/ਮਰਵਾਇਆ ਜਾ ਰਿਹਾ ਹੈ। ਦੂਸਰੇ ਪਾਸੇ ਭਾਰਤੀ ਹਵਾਈ ਫੌਜ ਦੇ 29 ਫੌਜੀ ਅਫਸਰਾਂ ਸਮੇਤ ਗੁੰਮ ਹੋਏ ਜਹਾਜ਼ ਨੂੰ ਲੱਭਣ ਲਈ ਜੋਤਿਸ਼ੀਆਂ ਦੀ ਬਜਾਏ ਅਮਰੀਕਾ ਤੋਂ ਮੱਦਦ ਲਈ ਜਾ ਰਹੀ ਹੈ।

ਉਪਰੋਕਤ ਸਾਰੀਆਂ ਘਟਨਾਵਾਂ ਦਾ ਜਦੋਂ ਵੀ ਅਸੀਂ ਵਿਗਿਆਨਕ ਵਿਸ਼ਲੇਸ਼ਣ ਕਰਾਂਗੇ ਤਾਂ ਸਾਨੂੰ ਇੱਕ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗੀ ਕਿ ਮੋਦੀ ਸਰਕਾਰ ਸਭ ਕੁਝ ਜਾਣਦੇ ਹੋਏ ਵੀ ਜਾਣ ਬੁਝ ਕੇ ਲੋਕਾਂ ਨੂੰ ਅੰਧਵਿਸ਼ਵਾਸਾਂ ਵਿੱਚ ਪਾ ਰਹੀ ਹੈ। ਇਸ ਪਾਸੇ ਕੰਮ ਕਰਦੀ ਮਾਨਸਿਕਤਾ ਵੀ ਸਾਫ਼ ਝਲਕਦੀ ਹੈ ਕਿ ਉਹ ਇਹ ਸਾਰਾ ਕੁੱਝ ਇਸ ਲਈ ਕਰ ਰਹੇ ਸਨ ਕਿ ਹਿੰਦੂ ਬਹੁਸੰਮਤੀ ਨੂੰ ਆਪਣੇ ਨਾਲ ਲਾਮਬੰਦ ਕਰਦੇ ਉਹ ਕੁਝ ਹੋਰ ਸਮੇਂ ਲਈ ਰਾਜ ਭਾਗ ਦੇ ਮਾਲਕ ਬਣੇ ਰਹਿਣ। ਪਰ ਮੋਦੀ ਸਰਕਾਰ ਨੂੰ ਇੱਕ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਲੋਕਾਂ ਨੂੰ ਲੰਮੇ ਸਮੇਂ ਲਈ ਬੇਵਕੂਫ ਨਹੀਂ ਬਣਾਇਆ ਜਾ ਸਕਦਾ ਹੈ। 21ਵੀਂ ਸਦੀ ਦੇ ਯੁੱਗ ਵਿੱਚ ਛੇਤੀ ਹੀ ਲੋਕ ਚੇਤਨਾ ਜਾਗ ਰਹੀ ਹੈ ਤੇ ਲੋਕਾਂ ਦੇ ਵੱਡੇ ਕਾਫਲੇ ਜਥੇਬੰਦ ਹੋ ਕੇ ਲਾਲ ਕਿਲੇ ਵੱਲ ਨੂੰ ਜ਼ਰੂਰ ਕਦਮ ਵਧਾਉਣ



ਮੇਘ ਰਾਜ ਮਿੱਤਰ
+91-98887-87440

## ਹਰ ਬੰਦਾ ਮਿੱਟੀ ਏ



ਜ਼ਾਤਾਂ-ਪਾਤਾਂ ਦੀ ਦੁਨੀਆਂ ਨੇ, ਕਿਉਂ ਡੌਂਡੀ ਪਿੱਟੀ ਏ,
ਜਦ ਪਤਾ ਹੈ ਸੱਭ ਨੂੰ ਦੁਨੀਆਂ ਦਾ, ਹਰ ਬੰਦਾ ਮਿੱਟੀ ਏ।
ਜ਼ਾਤਾਂ-ਪਾਤਾਂ ਦੀ.........

ਮਿੱਟੀਓਂ ਉਪਜਿਆ, ਮਿੱਟੀ ਮਿਲ ਜਾਣਾ,
ਝੂਠੀ ਚੌਧਰ ਦਾ ਕਿਉਂ ਪਹਿਨਦੇ ਬਾਣਾ,
ਗ਼ਰੀਬ ਵੀ ਮਰਨਾ, ਅਮੀਰ ਵੀ ਮਰਨਾ,
ਕੋਈ ਨਾ ਬਚਿਆ ਰਾਜਾ ਤੇ ਰਾਣਾ,
ਧਰਮਰਾਜ ਵੱਲੋਂ ਸੱਭਨਾਂ ਤਾਈਂ, ਆਉਂਦੀ ਚਿੱਠੀ ਏ।
ਜ਼ਾਤਾਂ-ਪਾਤਾਂ ਦੀ......

ਮੈਂ-ਮੇਰੀ ਦਾ ਰੌਲ਼ਾ ਪਾਉਣਾ, ਕਿਸਨੇ ਸਿਖਾ ਦਿੱਤਾ,
ਨੌਕਰ-ਮਾਲਕ ਦਾ ਝਗੜਾ ਦੱਸੋ, ਕਿਸਨੇ ਪੁਆ ਦਿੱਤਾ?
ਮਾਲਕੀ ਵਾਲੀ ਸੇਵਕਾਂ ਨੇ,
ਕਿਉਂ ਮਦਰਾ ਪੀਤੀ ਏ?
ਜ਼ਾਤਾਂ-ਪਾਤਾਂ ਦੀ......

ਆਪਣੇ ਆਪਨੂੰ ਦੂਜੇ ਤੋਂ, ਹਰ ਕੋਈ ਏ ਮੰਨਦਾ ਵੱਡਾ,
ਮੈਂ-ਮੇਰੀ ਦਾ ਬਲਦ ਦੇਖੋ, ਏਥੇ ਖਿੱਚ ਰਿਹਾ ਏ ਗੱਡਾ,
ਅੰਦਰਲਾ ਮਨ ਟਟੋਲ ਕੇ ਦੇਖੋ,
ਭਰਿਆ ਨਾਲ ਪਲੀਤੀ ਏ।
ਜ਼ਾਤਾਂ-ਪਾਤਾਂ ਦੀ......

ਹਿੰਦੂ, ਮੁਸਲਿਮ, ਸਿੱਖ, ਈਸਾਈ,
ਸੱਭ ਨੂੰ ਮੌਤ ਨੇ ਫ਼ਾਹੀ ਪਾਈ,
ਬਾਣੀ ਦੇ ਵਿਚ ਗੁਰੂਆਂ-ਪੀਰਾਂ ਵੀ,
ਬੰਦੇ ਨੂੰ ਇਹੀਓ ਗੱਲ ਸਮਝਾਈ,
ਵਿੰਗੀ ਹੋ ਗਈ ਫਿਰ ਤੋਂ, ਪੂਛ ਜੋ ਸਿੱਧੀ ਕੀਤੀ ਏ।
ਜ਼ਾਤਾਂ-ਪਾਤਾਂ ਦੀ......

ਹਰ ਪਾਸੇ ਇਹੀਓ ਬਣੀਆਂ ਰੀਤਾਂ,
ਟੈਨਸ਼ਨਾਂ ਨਾਲ ਬੰਦੇ ਦੀਆਂ ਪ੍ਰੀਤਾਂ,
ਗੋਰ (ਕਬਰ) ਨਿਮਾਣੀ ਘਰ ਹੈ ਪਰਸ਼ੋਤਮ,
ਗੁਰੂਆਂ-ਪੀਰਾਂ ਵੀ ਜ਼ਿਕਰ ਇਹੀਓ ਕੀਤਾ,
ਫਿਰ ਵੀ ਬੰਦੇ ਨੇ ਨਾ ਛੱਡੀ, ਆਪਣੀ ਬਦਨੀਤੀ ਏ।
ਜ਼ਾਤਾਂ-ਪਾਤਾਂ ਦੀ......।

**ਪਰਸ਼ੋਤਮ ਲਾਲ ਸਰੋਏ**
91-92175-44348

## ਬੰਸਰੀ



ਬੁੱਕਲ 'ਚ ਅੱਗ
ਲਈ ਬੈਠੇ ਨੇ ਲੋਕ
ਲਾਟਾਂ ਹੋਣ
ਨਿੱਤ ਉੱਚੀਆਂ
ਮੱਘ ਰਹੇ ਨੇ ਲੋਕ
ਰਣਖੇਤਰ 'ਚ
ਜਾਣ ਦੀ ਲੋੜ ਨਹੀਂ ਏ
ਸਮਾਜਿਕ ਮਾਧਿਅਮ ਹੈ ਕੋਲ
ਵਟਸਅਪ
ਫੇਸਬੁੱਕ
ਟਵਿੱਟਰ
ਸਨੈਂਪਚੈਟ
ਇੰਸਟਗ੍ਰਾਮ
ਫੇਸਟਾਈਮ
ਟੈਲੀਗ੍ਰਾਮ
ਕੁਝ ਵੀ ਵਰਤੋ
ਤੇ ਅੱਗ ਉਗਲੋ
ਜੰਗਲ ਦੀ ਅੱਗ
ਵਾਰਾਂ ਫੈਲ ਜਾਵੇਗੀ
ਮਾਰੂ ਪ੍ਰਭਾਵ ਬੜੇ ਨੇ
ਰਾਜਨੀਤਿਕ ਭਾਵਨਾਵਾਂ ਭੜਕਾਉਂਦੇ ਨੇ
ਧਾਰਮਿਕ ਭਾਵਨਾਵਾਂ ਭੜਕਾਉਂਦੇ ਨੇ
ਜਾਤ-ਪਾਤ ਦਾ ਪਾੜਾ ਵਧਾਉਂਦੇ ਨੇ
ਅਸ਼ਲੀਲਤਾ ਵਧਾਉਂਦੇ ਨੇ
ਚੋਣ ਦੰਗੇ ਕਰਵਾਉਂਦੇ ਨੇ
ਘਟੀਆ ਇਸ਼ਤਿਹਾਰਬਾਜ਼ੀ ਕਰਦੇ ਨੇ
ਤਸਵੀਰ ਵਿਗਾੜ ਦਿਖਾਉਂਦੇ ਨੇ
ਘੱਲੂਘਾਰੇ ਹੋਈ ਜਾਂਦੇ ਨੇ
ਸੰਸਾਰ ਜਲ ਰਿਹਾ ਏ
ਸਮਾਜਿਕ ਮਾਧਿਅਮ
ਬੰਸਰੀ ਵਜਾ ਰਿਹਾ ਏ।

**- ਪ੍ਰਮਿੰਦਰ ਸਿੰਘ ਪ੍ਰਵਾਨਾ**
510-781-0487

## ਪ੍ਰਵਾਸੀਆਂ ਨੂੰ ਪੁਕਾਰ!



ਖਾਤਰ ਰਿਜ਼ਕ ਪ੍ਰਦੇਸ ਜਾ ਵੱਸਿਉਂ ਜੀ
ਦੇਸ ਪੁਰਖਿਆਂ ਵਾਲ਼ਾ ਪੁਕਾਰਦਾ ਏ।

ਧਰਤਿ ਪੌਣ ਤੇ ਪਾਣੀ ਪਲੀਤ ਹੋ ਗਏ
ਨਾਗ ਨਸ਼ਿਆਂ ਦਾ ਕਹਿਰ ਗੁਜ਼ਾਰਦਾ ਏ।

ਪਾਏ ਪੂਰਨੇ ਗਦਰੀਆਂ ਬਾਬਿਆਂ ਜੋ
ਉਹੀ ਫੇਰ ਇਤਿਹਾਸ ਚਿਤਾਰਦਾ ਏ।

ਹਾਕਮ ਲਾਹੁਣ ਲਈ ਕਰੋ ਜੀ ਕਮਰਕੱਸੇ
ਹੈਂਕੜ ਵਿਚ ਜੋ ਪਿਆ ਫੁੰਕਾਰਦਾ ਏ।

ਝਾੜੂ ਪਕੜ 'ਸਫਾਈਆਂ' ਲਈ ਜੁੱਟ ਜਾਵੇ
ਜੰਮਣ-ਭੋਇੰ ਨੂੰ ਜਿਹੜਾ ਪਿਆਰਦਾ ਏ।

ਮੈਨੂੰ ਮੁਕਤ ਕਰਵਾਉ ਲੁਟੇਰਿਆਂ ਤੋਂ
ਦੁਖੀ ਹੋਇਆ ਪੰਜਾਬ ਵੰਗਾਰਦਾ ਏ।

**- ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# ਲਾਮਿਸਾਲ ਸਾਕੇ ਵਰਤਾਏ ਬੀਰ-ਬਹਾਦਰ ਜਿੰਦਾਂ ਨੇ

ਅਦਾ ਹੂਆ ਹੈ ਕੁਛ ਰਹਿਮਤ ਹੂਈ ਤੇਰੀ।
ਦੋ ਰਹੇ ਗਏ ਹੈ ਬਾਕੀ ਦੋ ਭੀ ਫਿਦਾ ਕਰੂੰਗਾ। ਰਹਿਮਤ ਤੇਰੀ ਕਾ ਮਾਲਿਕ ਤਬ ਸ਼ੁਕਰ ਅਦਾ ਕਰੂੰਗਾ।

ਆਖਰ ਜਦ ਲੱਖਾਂ ਵੈਰੀਆਂ ਅਤੇ ਉਨ੍ਹਾਂ ਦੇ ਸਿਰਕੱਢ ਜਰਨੈਲਾਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਪੰਜਾਂ ਪਿਆਰਿਆਂ ਚੋਂ ਗੁਰੂ ਦੇ ਤਿੰਨ ਪਿਆਰੇ, ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਿੰਘ ਸਮੇਤ 40 ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਸਿੰਘਾਂ ਨੇ ਗੁਰੂ ਖਾਲਸੇ ਦੇ ਰੂਪ ਵਿੱਚ ਗੁਰੂ ਜੀ ਨੂੰ ਪੰਥ ਦੇ ਭਲੇ ਲਈ ਔਖੇ ਵੇਲੇ ਗੜ੍ਹੀ ਛੱਡਣ ਦਾ ਹੁਕਮ ਕੀਤਾ ਤਾਂ ਗੁਰੂ-ਖਾਲਸੇ ਦਾ ਹੁਕਮ ਸਿਰ ਮੱਥੇ ਤੇ ਮੰਨ ਕੇ ਗੁਰੂ ਜੀ ਯੁੱਧ ਨੀਤੀ ਵਰਤਦੇ ਹੋਏ, ਵੈਰੀ ਨੂੰ ਭੁਲੇਖਾ ਪੌਣ ਲਈ, ਆਪਣੀ ਥਾਂ ਭਾਈ ਸੰਗਤ ਸਿੰਘ ਦੇ ਸਿਰ ਕਲਗੀ ਤੋੜਾ ਸਜਾ ਗਏ, ਜਿਸ ਦੀ ਸ਼ਕਲ ਵੀ ਗੁਰੂ ਜੀ ਨਾਲ ਮਿਲਦੀ ਸੀ। ਗੁਰੂ ਜੀ ਅਤੇ ਨਾਲ ਜਾਣ ਵਾਲੇ ਸਿੱਖ ਰਾਤ ਵੇਲੇ, ਜਦ ਵੈਰੀ ਨਸ਼ੇ ਅਤੇ ਥਕਾਵਟ ਦੀ ਨੀਂਦ ਵਿੱਚ ਸਨ, ਇੱਕੋ ਸਮੇਂ ਚਾਰ ਤਰਫੋਂ ਤਾੜੀਆਂ ਮਾਰਦੇ ਹਰਨ ਹੋ ਗਏ। ਵੈਰੀ ਦਲ ਵਿੱਚ ਹਲਚਲ ਮੱਚ ਗਈ ਅਤੇ ਉਹ ਉਭੜਵਾਹੇ ਆਪਣਿਆਂ ਨੂੰ ਹੀ ਵੱਢੀ ਗਏ। ਆਖਰ ਗੜ੍ਹੀ ਵਿੱਚ ਬਚੇ ਸਿੰਘ ਭਾ. ਸੰਗਤ ਸਿੰਘ ਨਾਲ ਮੈਦਾਨੇ ਜੰਗ ਵਿੱਚ ਕੁੱਦ ਕੇ, ਅਨੇਕਾਂ ਵੈਰੀਆਂ ਦੇ ਸਿਰ ਖਰਬੂਜੇ ਵਾਂਗ ਕੱਟਦੇ ਹੋਏ ਸ਼ਹੀਦ ਹੋ ਗਏ। ਜਦੋਂ ਭਾ. ਸੰਗਤ ਸਿੰਘ ਦਾ ਸੀਸ ਵੈਰੀਆਂ ਨੂੰ ਜੰਗੇ ਮੈਦਾਨ ਚੋਂ ਮਿਲਿਆ ਤਾਂ ਉਹ ਖੁਸ਼ੀਆਂ ਵਿੱਚ ਭੰਗੜੇ ਪੌਣ ਲੱਗੇ ਕਿ ਅੱਜ ਅਸੀਂ ਸਿੱਖਾਂ ਦੇ ਗੁਰੂ ਗੋਬਿੰਦ ਸਿੰਘ ਨੂੰ ਮਾਰ ਮੁਕਾਇਆ ਹੈ ਪਰ ਜਦ ਛਾਣਬੀਣ ਕੀਤੀ ਗਈ ਤਾਂ ਉਹ ਹੱਥ ਮਲਦੇ ਹੀ ਰਹਿ ਗਏ। ਏਨੇ ਨੂੰ ਗੁਰੂ ਸਾਹਿਬ ਮਾਛੀਵਾੜੇ ਜੰਗਲ ਵਿੱਚ ਪਹੁੰਚ ਕੇ, ਥੱਕੇ ਹੋਣ ਕਰਕੇ ਟਿੰਡ ਦਾ ਸਰਹਾਣਾ ਲਾ ਸੌਂ ਗਏ। ਓਧਰ ਤਾਰਿਆਂ ਦੀ ਸੇਧ ਉੱਤੇ ਭਾ. ਦਯਾ ਸਿੰਘ, ਭਾ. ਧਰਮ ਸਿੰਘ ਅਤੇ ਭਾ. ਮਾਨ ਸਿੰਘ ਵੀ ਜਗਲੋ-ਜੰਗਲੀ ਗੁਰੂ ਦੀ ਭਾਲ ਕਰਦੇ ਹੋਏ ਗੁਰੂ ਜੀ ਨੂੰ ਜਾ ਮਿਲੇ। ਇੱਥੇ ਹੀ ਸੇਵਾ ਦਾ ਮੌਕਾ ਜਾਣ ਗੁਰੂ ਜੀ ਦੇ ਸੇਵਕ ਭਾਈ ਪੰਜਾਬਾ ਤੇ ਗੁਲਾਬਾ ਜਾਨ ਤਲੀ ਤੇ ਰੱਖ ਕੇ ਗੁਰੂ ਜੀ ਨੂੰ ਆਪਣੇ ਘਰ ਲੈ ਗਏ।

ਓਧਰ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੁਰੂ ਘਰ ਦੇ ਲੰਬੇ ਸਮੇਂ ਦੇ ਰਸੋਈਏ ਗੰਗੂ ਦੇ ਘਰ ਪਹੁੰਚ ਗਏ ਸਨ। ਜਦ ਗੰਗੂ ਦੇ ਘਰ ਰਾਤ ਵੇਲੇ ਥਕਾਵਟ ਕਾਰਨ ਮਾਤਾ ਜੀ ਅਤੇ ਛੋਟੇ ਬੱਚੇ ਗੂੜੀ ਨੀਂਦ ਸੌਂ ਗਏ ਤਾਂ ਪਾਪੀ ਗੰਗੂ ਦਾ ਮਨ ਬੇਈਮਾਨ ਹੋ ਗਿਆ ਅਤੇ ਮਾਤਾ ਜੀ ਦੇ ਸਿਰਹਾਣਿਓਂ ਕੀਮਤੀ ਮੋਹਰਾਂ ਵਾਲੀ ਥੈਲੀ ਖਿਸਕਾ ਲਈ। ਜਦ ਸਵੇਰੇ ਮਾਤਾ ਗੁਜਰੀ ਜੀ ਨੇ ਪੁੱਛਿਆ ਵੇ ਗੰਗਿਆ ਥੈਲੀ ਕਿੱਥੇ ਹੈ? ਤਾਂ ਇਸ ਨੇ ਉਲਟਾ ਮਾਤਾ ਜੀ ਨੂੰ ਹੀ ਬੁਰਾ ਭਲਾ ਬੋਲਣਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਮੈਨੂੰ ਚੋਰ ਸਮਝਦੇ ਹੋ? ਇਉਂ ਗੁੱਸੇ ਵਿੱਚ ਆਏ ਨੀਚ ਬ੍ਰਾਹਮਣ ਨੇ, ਲਾਲਚ ਵਿੱਚ ਆ ਕੇ ਕਿ ਜੇ ਮੈਂ ਹਕੂਮਤ ਨੂੰ ਗੁਰੂ ਦੇ ਬੱਚੇ ਫੜਾ ਦਿਆਂ ਤਾਂ ਵੱਡਾ ਇਨਾਮ ਪਾਵਾਂਗਾ, ਇਸ ਬਦਨੀਤ ਨਾਲ ਲਾਗਲੇ ਥਾਣੇ ਮੋਰਿੰਡੇ ਵਿਖੇ ਜਾ ਇਤਲਾਹ ਦਿੱਤੀ। ਗੰਗੂ ਬ੍ਰਾਹਮਣ ਨਮਕ ਹਰਾਮੀ ਨਿਕਲਿਆ, ਗੁਰੂ ਦੇ ਬੱਚਿਆਂ ਅਤੇ ਮਾਤਾ ਜੀ ਨੂੰ ਮੋਰਿੰਡੇ ਥਾਣੇ ਫੜਾ ਦਿੱਤਾ। ਮੋਰਿੰਡੇ ਦੇ ਕੋਤਵਾਲ ਨੇ ਆਪਣੇ ਸਿਪਾਹੀਆਂ ਸਮੇਤ ਗੰਗੂ ਦੀ ਸੂਹ ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਸੂਬਾ ਸਰਹੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ। ਸੂਬਾ ਵਜ਼ੀਰ ਖਾਂ ਫੁੱਲਿਆ ਨਹੀਂ ਸੀ ਸਮਾ ਰਿਹਾ ਕਿ ਹੁਣ *ਗੁਰੂ* ਦੇ ਬੱਚੇ ਮੇਰੇ ਕਬਜ਼ੇ ਵਿੱਚ ਆ ਜਾਣ ਕਰਕੇ ਮੈਂ ਔਰੰਗਜ਼ੇਬ ਨੂੰ ਮੂੰਹ ਦਿਖਾਉਣ ਯੋਗਾ ਹੋ ਗਿਆ ਹਾਂ। ਮਾਤਾ ਗੁਜ਼ਰੀ ਅਤੇ ਬੱਚਿਆਂ ਨੂੰ ਠੰਡੇ ਬੁਰਜ਼ ਵਿੱਚ ਕੈਦ ਕਰ ਦਿਤਾ ਗਿਆ। ਓਧਰ ਗੁਰੂ ਦੇ ਪ੍ਰੇਮੀ ਭਾਈ ਮੋਤੀ ਮਹਿਰੇ ਨੇ ਜਾਨ ਹੂਲ ਕੇ ਮਾਤਾ ਜੀ ਅਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਦੁੱਧ ਪਿਆਉਣ ਦੀ ਸੇਵਾ ਕੀਤੀ। ਮਾਤਾ ਗੁਜ਼ਰੀ ਜਿਨ੍ਹਾਂ ਉੱਤੇ ਅਨੇਕ ਮੁਸੀਬਤਾਂ ਗੁਜ਼ਰੀਆਂ ਸਨ ਐਸੇ ਭਿਆਨਕ ਸਮੇਂ ਵੀ ਘਬਰਾਏ ਨਹੀਂ ਸਗੋਂ ਅਕਾਲ ਦੇ ਭਾਣੇ ਵਿੱਚ ਰਹਿੰਦਿਆਂ, ਪੋਤਿਆਂ ਨੂੰ ਉਨ੍ਹਾਂ ਦੇ ਪੜਦਾਦਾ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਅਤੇ ਦਾਦਾ ਗੁਰੂ ਤੇਗ਼ ਬਹਾਦਰ ਵੱਲੋਂ ਵਰਤਾਏ ਸਾਕੇ ਅਤੇ ਕੁਰਬਾਨੀ ਦੀਆਂ ਸਾਖੀਆਂ ਸੁਣਾਂਦੇ ਰਹੇ ਕਿ ਬੱਚਿਓ! ਡੋਲਣਾ ਨਹੀਂ ਤੁਹਾਡਾ ਵਿਰਸਾ ਬੜਾ ਮਹਾਂਨ ਹੈ। ਗੁਰੂ ਪੁੱਤਰਾਂ ਨੇ ਕਿਹਾ ਮਾਤਾ ਜੀ ਤੁਸੀਂ ਫਿਕਰ ਨਾਂ ਕਰੋ ਧਰਮ ਹੇਤ ਸਾਡੀ ਜਾਨ ਵੀ ਚਲੀ ਜਾਵੇ ਡੋਲਾਂਗੇ ਨਹੀਂ-
ਧੰਨ ਭਾਗ ਹਮਰੇ ਹੈ ਮਾਈ। ਧਰਮ ਹੇਤ ਤਨ ਜੇ ਕਰ ਜਾਈ।
(ਗੁਰ ਸ਼ੋਭਾ ਕਵੀ ਸੈਨਾਪਤੀ)
ਮਾਤਾ ਜੀ ਪੋਤਿਆਂ ਦੇ ਅਜਿਹੇ ਬੋਲ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਅਸ਼ੀਰਵਾਦ ਦਿੱਤੀ।

ਅਗਲੇ ਦਿਨ ਬੱਚਿਆਂ ਨੂੰ ਸੂਬਾ ਸਰਹਿੰਦ ਨਵਾਬ ਵਜ਼ੀਰ ਖਾਂ ਕੋਲ ਪੇਸ਼ ਕਰਨ ਲਈ ਸੂਬੇ ਦੇ ਸਿਪਾਹੀ ਲੈ ਗਏ। ਬੱਚਿਆਂ ਕੀ ਦੇਖਿਆ ਕਚਹਿਰੀ ਦਾ ਵੱਡਾ ਦਰਵਾਜਾ ਬੰਦ ਕਰ ਦਿੱਤਾ ਗਿਆ ਹੈ ਤੇ ਨਿੱਕੀ ਜਿਹੀ ਬਾਰੀ ਖੁੱਲ੍ਹੀ ਹੈ, ਦੇ ਅੰਦਰ ਜਾਣ ਸਮੇਂ ਝੁਕਣਾ ਪੈਣਾ ਹੈ। ਹੋਣਹਾਰ ਬੱਚੇ ਜ਼ਾਲਮਾਂ ਦੀ ਚਾਲ ਸਮਝ ਗਏ ਅਤੇ ਬਿਨਾ ਸੀਸ ਝੁਕਾਏ ਪਹਿਲਾਂ ਪੈਰ ਅੰਦਰ ਕਰ, ਸੂਬੇ ਦੀ ਕਚਹਿਰੀ ਵਿੱਚ ਦਾਖਲ ਹੋਏ ਅਤੇ ਪਹੁੰਚਦਿਆਂ ਹੀ ਗੱਜ ਵੱਜ ਕੇ ਫਤਿਹ ਬੁਲਾਈ- ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਿਹ॥ ਸਾਰੀ ਕਚਹਿਰੀ ਗੂੰਜ ਉੱਠੀ ਇਹ ਦੇਖ ਸੂਬੇ ਸਮੇਤ ਸਾਰੇ ਦਰਬਾਰੀ ਅਤੇ ਲੋਕ ਹੱਕੇ ਬੱਕੇ ਰਹਿ ਗਏ! ਸੂਬਾ ਵਜ਼ੀਰ ਖਾਂ ਬਹਾਦਰ ਬੱਚਿਆਂ ਨੂੰ ਪੁਚਕਾਰ ਕੇ ਕਹਿਣ ਲੱਗਾ ਅਜੇ ਤੁਸੀਂ ਜਵਾਨੀ ਦੇ ਸੁਖ ਭੋਗਣੇ ਹਨ ਇਸ ਲਈ ਇਸਲਾਮ ਕਬੂਲ ਲਓ, ਤੁਹਾਡੀ ਜਾਨ ਬਚ ਜਾਵੇਗੀ, ਤੁਹਾਡੇ ਵਿਆਹ ਚੰਗੇ ਘਰਾਂ ਵਿੱਚ ਕਰ, ਰਾਜ ਭਾਗ ਦਿੱਤੇ ਜਾਣਗੇ। ਸਾਹਿਬਜ਼ਾਦੇ ਬੋਲੇ ਲਾਲਚ ਤੇ ਮੌਤ ਦੇ ਡਰਾਵੇ ਨਾਲ ਧਰਮ ਨਹੀਂ ਬਦਲੀਦਾ, ਇਹ ਧੱਕੇਸ਼ਾਹੀ ਹੈ। ਅਸੀਂ ਗੁਰੂ ਨਾਨਕ ਸਾਹਿਬ ਜੀ ਵੱਲੋਂ ਦਿੱਤਾ ਸਰਬਸਾਂਝਾ ਧਰਮ ਨਹੀਂ ਬਦਲਾਂਗੇ ਸਾਨੂੰ ਕੋਈ ਲਾਲਚ ਜਾਂ ਡਰਾਵਾ ਧਰਮ ਤੋਂ ਡੁਲਾ ਨਹੀਂ ਸਕਦਾ। ਅਸੀਂ ਉਸ ਗੁਰੂ ਦੇ ਬੱਚੇ ਹਾਂ ਜੋ ਦੂਜਿਆਂ ਦਾ ਵੀ ਧਰਮ ਬਚਾਉਂਦਾ ਹੈ। ਸੂਬੇ ਨੇ ਕਾਜ਼ੀ ਨੂੰ ਕਿਹਾ, ਸੁਣ ਲਿਆ ਜੇ ਇਨ੍ਹਾਂ ਦਾ ਗੁਸਤਾਖੀ ਭਰਿਆ ਜਵਾਬ! ਇਨ੍ਹਾਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਕਾਜ਼ੀ ਨੇ ਜਵਾਬ ਦਿੱਤਾ ਸ਼ਰ੍ਹਾ ਮਸੂਮਾਂ ਅਤੇ ਬੇਗੁਨਾਹਾਂ ਨੂੰ ਸਜਾ ਦੀ ਇਜ਼ਾਜਤ ਨਹੀਂ ਦਿੰਦੀ, ਇਸ ਲਈ ਬਾਪ ਦੇ ਜ਼ੁਰਮ ਦੀ ਸਜਾ ਬੱਚਿਆਂ ਨੂੰ ਨਹੀਂ ਦਿੱਤੀ ਜਾ ਸਕਦੀ। ਕਾਜ਼ੀ ਤੋਂ ਇਹ ਸੁਣ ਕੇ ਵਜ਼ੀਰ ਖਾਂ ਬੜਾ ਹੈਰਾਨ ਹੋਇਆ ਕਿ ਹੈਂ ਆਪਣੇ ਧਰਮ ਉੱਤੇ ਇਨ੍ਹਾਂ ਨੂੰ ਕਿਨ੍ਹਾ ਫਕਰ ਹੈ! ਕਹਿੰਦੇ ਹਨ ਕਿ ਨਵਾਬ ਬੱਚਿਆਂ ਨੂੰ ਛੱਡਣ ਲਈ ਸੋਚ ਹੀ ਰਿਹਾ ਸੀ ਕਿ ਏਨੇ ਨੂੰ ਸਰਕਾਰ ਦਾ ਝੋਲੀ ਚੁੱਕ ਦੀਵਾਨ ਸੁੱਚਾ (ਝੂਠਾ) ਨੰਦ ਬੋਲ ਉੱਠਿਆ ਬੱਚਿਓ! ਜੇ ਤੁਹਾਨੂੰ ਛੱਡ ਦਿੱਤਾ ਜਾਏ ਤਾਂ ਕਿੱਥੇ ਜਾਓਗੇ ਅਤੇ ਕੀ ਕਰੋਗੇ? ਸਾਹਿਬਜ਼ਾਦੇ ਬੋਲੇ ਜੰਗਲਾਂ ਵਿੱਚ ਜਾ ਕੇ ਸਿੱਖ ਸੂਰਮਿਆਂ ਨੂੰ ਇਕੱਠੇ ਕਰਾਂਗੇ ਅਤੇ ਜ਼ਾਲਮ ਸਰਕਾਰ ਨਾਲ ਜੰਗ ਕਰਾਂਗੇ। ਝੂਠਾ ਨੰਦ ਕਹਿਣ ਲੱਗਾ ਤੁਹਾਡਾ ਬਾਪ ਮਾਰਿਆ ਗਿਆ ਹੈ ਜਿਦ ਛੱਡੋ ਅਤੇ ਨਵਾਬ ਦਾ ਕਹਿਣਾ ਮੰਨ ਲਓ ਤਾਂ ਦੋਵੇ ਸਾਹਿਬਜ਼ਾਦੇ ਗਰਜ ਕੇ ਬੋਲੇ ਝੂਠ ਨਾਂ ਬੋਲੋ! ਸਾਨੂੰ ਤੁਹਾਡੀ ਨਸੀਹਤ ਦੀ ਲੋੜ ਨਹੀਂ, ਜਦ ਤੱਕ ਜ਼ਾਲਮ ਰਾਜ ਖਤਮ ਨਹੀਂ ਹੋ ਜਾਂਦਾ ਅਸੀਂ ਜ਼ੁਲਮ ਖਿਲਾਫ ਲੜਾਈ ਜਾਰੀ ਰੱਖਾਂਗੇ। ਇਹ ਦਲੇਰੀ ਭਰੇ ਬਚਨ ਸੁਣ ਕੇ ਬੁੜ ਬੁੜ ਕਰਦਾ ਦੀਵਾਨ ਝੂਠਾ ਨੰਦ ਸੂਬੇ ਕੋਲ ਆ ਬੋਲਿਆ ਕਿ ਨਵਾਬ ਸਾਹਿਬ ਸੱਪ ਨੂੰ ਮਾਰਨਾ ਅਤੇ ਉਸ ਦੇ ਬੱਚਿਆਂ ਨੂੰ ਪਾਲਣਾ ਕਿਧਰ ਦਾ ਚੰਗਾ ਹੈ?
ਨੀਕੇ ਬਾਲਕ ਮਤ ਤੁਮ ਜਾਣੋ। ਨਾਗੋਂ ਕੇ ਇਹ ਪੂਤ ਪਛਾਣੋ।ਤੁਮਰੇ ਹਾਥ ਆਜ ਯਹ ਆਏ। ਕਰੋ ਖਤਮ ਆਪੇ ਮਨ ਭਾਏ।

ਸੂਬੇ ਨੇ ਬੜੇ ਧਿਆਨ ਨਾਲ ਸੁਣਿਆਂ। ਜਦ ਸੂਬੇ, ਕਾਜ਼ੀ ਅਤੇ ਬੇਈਮਾਨ ਦੀਵਾਨ ਦੀ ਗੱਲ ਚੱਲ ਰਹੀ ਸੀ ਤਾਂ ਦੋਵੇਂ ਬਹਾਦਰ ਬੱਚੇ ਬੜੀ ਬੇਪ੍ਰਵਾਹੀ ਨਾਲ ਨਿਡਰ ਹੋ, ਆਪਸ ਵਿੱਚ ਗੱਲਾਂ ਬਾਤਾਂ ਕਰਦੇ, ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਤੇ ਹੱਸ ਰਹੇ ਸਨ। ਦਰਬਾਰੀ ਅਤੇ ਹੋਰ ਲੋਕ ਹੈਰਾਨ ਹੋ ਰਹੇ ਸਨ ਕਿ ਬੱਚੇ ਬੜੇ ਅਣਖੀ ਹਨ ਇਨ੍ਹਾਂ ਨੂੰ ਮੌਤ ਦਾ ਭੋਰਾ ਵੀ ਡਰ ਨਹੀਂ। ਨਵਾਬ ਨੇ ਵੀ *ਝੂਠਾ ਨੰਦ* ਦੀ ਗੱਲ ਤੇ ਅਸਰ ਕਰਕੇ ਕਾਜ਼ੀ ਨੂੰ ਕਿਹਾ ਇਨ੍ਹਾਂ ਨੂੰ ਛੱਡਣਾ ਠੀਕ ਨਹੀਂ, ਇਹ ਆਪਣੇ ਬਾਪ ਵਾਂਗ ਬਗਾਵਤ ਦਾ ਝੰਡਾ ਖੜ੍ਹਾ ਕਰਨਗੇ। ਆਖਰ ਕਾਜ਼ੀ ਵੀ ਧਰਮ ਤੋਂ ਡੋਲਿਆ ਅਤੇ ਬਾਗੀ ਬੱਚਿਆਂ ਨੂੰ ਜਿੰਦੇ ਨੀਹਾਂ ਵਿੱਚ ਚਿਣਨ ਦਾ ਫਤਵਾ ਦੇ, ਨਵਾਬ ਵਜ਼ੀਰ ਖਾਂ ਨੂੰ ਇਹ ਸਲਾਹ ਦਿੱਤੀ ਕਿ ਇਨ੍ਹਾਂ ਨੂੰ ਨਵਾਬ ਮਲੇਰਕੋਟਲੇ ਦੇ ਹਵਾਲੇ ਕਰ ਦਿਓ ਕਿਉਂਕਿ ਇਨ੍ਹਾਂ ਦੇ ਗੁਰੂ ਪਿਤਾ ਨੇ ਨਵਾਬ ਮਲੇਰਕੋਟਲਾ ਦੇ ਭਰਾ ਨੂੰ ਲੜਾਈ ਵਿੱਚ ਮਾਰ ਦਿੱਤਾ ਸੀ। ਮਲੇਰਕੋਟਲੇ ਨਵਾਬ ਨੂੰ ਹੋਰ ਭੜਕਾਇਆ ਕਿ ਤੁਹਾਡੇ ਭਰਾ ਨੂੰ ਗੁਰੂ ਨੇ ਮਾਰ ਦਿੱਤਾ ਸੀ ਹੁਣ ਮੌਕਾ ਹੈ ਤੁਸੀਂ ਬਦਲਾ ਲੈ ਲਓ। ਇਹ ਸੁਣ ਕੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ ਹੌਕਾ ਭਰ ਕੇ ਕਹਿਣ ਲੱਗਾ ਕਿ ਇਹ ਭਾਰੀ ਜ਼ਲਮ ਹੈ। ਮੇਰਾ ਭਰਾ ਤਾਂ ਲੜਾਈ ਵਿੱਚ ਲੜਦਾ ਮਾਰਿਆ ਗਿਆ ਸੀ ਪਰ ਇਨ੍ਹਾਂ ਮਸੂਮਾਂ ਦਾ ਕੀ ਕਸੂਰ ਹੈ? ਇਉਂ *ਆਹ ਦਾ ਨਾਹਰਾ* ਮਾਰਦਾ ਹੋਇਆ ਨਵਾਬ ਮਲੇਰਕੋਟਲਾ ਸੂਬੇ ਦੀ ਕਚਹਿਰੀ ਚੋਂ ਬਾਹਰ ਨਿਕਲ ਗਿਆ। ਇਧਰ ਨਵਾਬ ਵਜ਼ੀਰ ਖਾਂ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਦੋਹਾਂ ਗੁਸਤਾਖ ਬੱਚਿਆਂ ਨੂੰ ਠੰਡੇ ਬੁਰਜ ਵਿੱਚ ਘੱਲ ਕੇ, ਫੌਰਨ ਜ਼ਲਾਦਾਂ ਦਾ ਬੰਦੋਬਸਤ ਕੀਤਾ ਜਾਵੇ। ਸਾਹਿਬਜ਼ਾਦੇ ਦਾਦੀ ਮਾਤਾ ਕੋਲ ਪਹੁੰਚੇ ਅਤੇ ਸਾਰੀ ਗਲਬਾਤ ਸੁਣਾਈ ਤਾਂ ਮਾਤਾ ਜੀ ਨੇ ਬੱਚਿਆਂ ਨੂੰ ਘੁੱਟ ਗਲੇ ਲਗਾ ਕੇ ਕਿਹਾ ਬੱਚਿਓ ਤੁਸੀਂ ਮਹਾਨ ਹੋ! ਧਰਮ ਨਹੀ ਹਾਰਿਆ ਗੁਰੂ ਘਰ ਦੀ ਇਜ਼ਤ ਰੱਖ ਵਿਖਾਈ ਹੈ। ਦੂਜੇ ਦਿਨ ਬੱਚਿਆਂ ਨੂੰ ਮੁੜ ਸੂਬੇ ਦੀ ਕਚਹਿਰੀ ਪੇਸ਼ ਕੀਤਾ ਗਿਆ। ਸੂਬੇ ਨੇ ਪੁੱਛਿਆ ਕਿ ਤੁਹਾਡਾ ਕੀ ਇਰਾਦਾ ਹੈ? ਦੀਨ ਕਬੂਲ ਹੈ ਜਾਂ ਮੌਤ। ਦੋਵੇਂ ਸ਼ੇਰ ਬੱਚੇ ਨਿਧੜਕ ਬੋਲੇ ਮਰਦਾਵੀਂ ਮੌਤ! ਓਧਰ ਜਦ ਕੋਈ ਜਲਾਦ ਇਹ ਪਾਪ ਕਰਨ ਲਈ ਤਿਆਰ ਨਾਂ ਹੋਇਆ ਤਾਂ ਦਿੱਲੀ ਤੋਂ ਸੂਬੇ ਸਰਹੰਦ ਦੀ ਕਚਹਿਰੀ ਵਿੱਚ ਪੇਸ਼ੀ ਭੁਗਤਾਉਣ ਲਈ ਲਿਆਂਦੇ ਜ਼ਲਾਦ ਸ਼ਾਸ਼ਲ ਅਤੇ ਬਾਸ਼ਲ ਬੇਗ ਇਸ ਸ਼ਰਤ ਉੱਪਰ ਇਹ ਕਾਰਾ ਕਰਨ ਨੂੰ ਤਿਆਰ ਹੋ ਗਏ ਕਿ ਉਨ੍ਹਾਂ ਨੂੰ ਮੁਕੱਦਮੇ ਚੋਂ ਬਰੀ ਕੀਤਾ ਜਾਵੇ, ਐਸਾ ਹੀ ਕੀਤਾ ਗਿਆ। ਜਦ ਜਲਾਦ ਆ ਗਏ ਤੇ ਕੰਬਦੇ ਹੱਥਾਂ ਨਾਲ ਦੀਵਾਰ ਦੀਆਂ ਇੱਟਾਂ ਇਧਰ-ਓਧਰ ਰੱਖਣ ਲੱਗੇ ਤਾਂ ਨਿੱਕੀਆਂ ਜਿੰਦਾਂ ਵੱਡੇ ਸਾਕੇ ਵਰਤਾਉਣ ਵਾਲੇ ਭੁਝੰਗੀ ਬੋਲੇ ਓ ਜ਼ਲਾਦੋ! ਜਲਦੀ ਕਰੋ ਮੁਗਲ ਰਾਜ ਦਾ ਖਾਤਮਾਂ ਕਰਦੇ ਹੋਏ ਪਾਪਾਂ ਦੀ ਦੀਵਾਰ ਹੋਰ ਉੱਚੀ ਕਰੋ। ਇਹ ਕਹਿ ਦੋਨੋਂ ਰੱਬੀ ਰਜ਼ਾ ਵਿੱਚ ਮਗਨ ਹੋ ਗਏ। ਅੱਲ੍ਹਾ ਯਾਰ ਖਾਂ ਲਿਖਦਾ ਹੈ ਕਿ ਨੀਹਾਂ ਵਿੱਚ ਚਿਣੇ ਜਾ ਰਹੇ ਗੁਰੂ ਦੇ ਬੀਰ ਸਪੁੱਤਰ ਬੜੀ ਖੁਸ਼ੀ ਵਿੱਚ ਕਹੇ ਰਹੇ ਸਨ-
ਹਮ ਜਾਨ ਦੇਕੇ ਔਰੋਂ ਕੀ ਜਾਨ ਬਚਾ ਚਲੇ। ਸਿੱਖੀ ਕੀ ਨੀਂਵ ਕੋ ਸਰੋਂ ਪਰ ਉਠਾ ਚਲੇ।
ਗੱਦੀ ਸੇ ਤਾਜ਼ੋ-ਤਖਤ ਬਸ ਕੌਮ ਪਾਏਗੀ। ਦੁਨੀਆਂ ਮੇਂ ਜ਼ਾਲਮੋਂ ਕਾ ਨਿਸ਼ਾਂ ਤੱਕ ਮਿਟਾਏਗੀ।

ਆਖਰ 27 ਦਸੰਬਰ 1704 ਈ. ਨੂੰ ਬੜੀ ਬੇਦਰਦੀ ਨਾਲ ਮਸੂਮ ਬੱਚੇ ਕਤਲ ਕੀਤੇ ਗਏ ਅਤੇ ਮਾਤਾ ਜੀ ਨੂੰ ਵੀ ਠੰਡੇ ਬੁਰਜ ਵਿੱਚ ਸ਼ਹੀਦ ਕੀਤਾ ਗਿਆ। ਇਹ ਵਹਿਸ਼ੀ-ਆਨਾਂ ਜੁਲਮ ਦੇਖ ਕੇ ਲੋਗ ਕਹਿ ਰਹੇ ਸਨ ਕਿ ਹੁਣ ਜ਼ਾਲਮ ਮੁਗਲ ਰਾਜ ਦੀਆਂ ਜੜਾਂ ਪੁੱਟੀਆਂ ਜਾਣਗੀਆਂ। ਦਿਨ 28 ਦਸੰਬਰ ਨੂੰ ਗੁਰੂ ਘਰ ਦੇ ਸ਼ਰਧਾਲੂ ਦੀਵਾਨ ਟੋਡਰ ਮੱਲ ਖੱਤਰੀ ਨੇ ਮਹਿੰਗੀ ਜ਼ਮੀਨ ਖਰੀਦ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਸਸਕਾਰ ਕੀਤੇ ਜਿੱਥੇ ਗੁਰਦੁਆਰਾ ਜੋਤੀ ਸਰੂਪ ਸਥਿਤ ਹੈ। ਹਿੰਦੀ ਦੇ ਮਹਾਂਨ ਕਵੀ ਮੈਥਲੀ ਸ਼ਰਨ ਗੁਪਤਾ ਨੇ ਆਪਣੇ ਮਹਾਂਕਾਵਿ *ਭਾਰਤ-ਭਾਰਤੀ* ਵਿੱਚ ਇਸ ਘਟਨਾਂ ਨੂੰ ਇਉਂ ਬਿਆਨ ਕੀਤਾ ਹੈ-
ਜਿਸ ਕੁਲ ਕੌਮ ਜਾਤ ਕੇ ਬੱਚੇ ਦੇ ਸਕਤੇ ਹੈਂ ਯੂੰ ਬਲੀਦਾਨ।
ਵਰਤਮਾਨ ਕੁਛ ਭੀ ਹੋ ਭਵਿਸ਼ ਹੈ ਉਸ ਕਾ ਬੜਾ ਮਹਾਨ।

ਪਾਠਕ ਜਨੋ! ਏਨੀ ਛੋਟੀ ਉੱਮਰ ਦੇ ਸ਼ਹੀਦਾਂ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਛੋਟੇ ਬੱਚਿਆਂ ਨੇ ਵੱਡੇ ਬਜ਼ੁਰਗਾਂ ਵਾਲੇ ਕਾਰਨਾਮੇ ਕਰ ਦਿਖਾਏ। ਇਸ ਲਈ ਅਸੀਂ ਉਨ੍ਹਾਂ ਨੂੰ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਕਹਿ ਕੇ ਯਾਦ ਕਰਦੇ ਹਾਂ। ਗੁਰੂ ਜੀ ਦੇ ਧਰਮ ਯੁੱਧ ਦੇ ਚਾਅ ਨੂੰ ਦੇਖ ਕੇ ਪੰਜਾਬ ਦੇ ਲੋਕਾਂ ਵਿੱਚ ਏਨੀ ਜ਼ੁਰਅਤ ਭਰ ਗਈ ਕਿ ਉਹ ਗੁਰੂ ਪੰਥ ਤੋਂ ਆਪਾ ਨਿਛਾਵਰ ਕਰਨ ਲਈ ਤਿਆਰ ਹੋ ਗਏ। ਇਹ ਸੀ ਲਾਮਿਸਾਲ ਸਾਕੇ ਬੀਰ ਬਹਾਦਰ ਜਿੰਦਾਂ ਦੇ, ਜਿਨ੍ਹਾਂ ਬਾਰੇ ਇਸ ਲੇਖ ਵਿੱਚ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਪਾਠਕ ਜਨੋ! ਦੇਖੋ ਭਰ ਜਵਾਨੀ ਅਤੇ ਬਚਪਨ ਵਿੱਚ ਗੁਰੂ ਕੇ ਲਾਲ ਧਰਮ, ਅਣਖ ਅਤੇ ਇਜ਼ਤ ਆਬਰੂ ਖਾਤਰ ਗੁਰੂ ਪੰਥ ਦਾ ਕੌਮੀ ਮਹਿਲ ਉਸਾਰਨ ਲਈ ਹੱਸ-ਹੱਸ ਕੁਰਬਾਨ ਹੋ ਗਏ, ਜ਼ਾਲਮ ਮੁਗਲੀਆ ਸਰਕਾਰ ਦੀ ਈਨ ਨਹੀਂ ਮੰਨੀ ਪਰ ਅੱਜ ਦੇ ਨਕਲੀ ਬਾਬੇ ਉਨ੍ਹਾਂ ਬੀਰ ਬਹਾਦਰ ਬਾਬਿਆਂ ਦੀਆਂ ਅਸਲੀ ਯਾਦਗਾਰਾਂ ਉੱਤੇ ਬਦਨੀਤੀ ਦਾ ਕੁਹਾੜਾ ਚਲਾ ਕੇ ਅਸਲੀ ਨਾਮੋਂ-ਨਿਸ਼ਾਨ ਹੀ ਮਿਟਾਈ ਜਾ ਰਹੇ ਹਨ। ਸਿੱਖ ਪੰਥ ਨੂੰ ਫੌਰੀ ਇਧਰ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਇਹ ਸਰਕਾਰਾਂ ਦੇ ਵੋਟ ਬੈਂਕ ਲਈ ਪ੍ਰਮੋਟ ਕੀਤੇ ਹੋਏ ਨਕਲੀ ਬਾਬੇ ਸ਼ਹੀਦਾਂ ਦੀਆਂ ਅਸਲੀ ਯਾਦਾਂ ਦਾ ਪੁਰਜਾ-ਪੁਰਜਾ ਕੱਟ ਦੇਣਗੇ ਅਤੇ ਸਿੱਖ ਸਿਧਾਂਤਾਂ ਨੂੰ ਬਦਨੀਤੀ ਦੀਆਂ ਨੀਹਾਂ ਵਿੱਚ ਚਿਣਦੇ ਹੋਏ ਉਨ੍ਹਾਂ ਉੱਪਰ ਬ੍ਰਾਹਮਣਵਾਦ, ਮਿਥਿਹਾਸ ਅਤੇ ਪਾਖੰਡਵਾਦ ਦਾ ਗਿਲਾਫ ਚੜ੍ਹਾ ਦੇਣਗੇ। ਜਰਾ ਸੋਚੋ! ਜੇ ਛੋਟੀ ਉੱਮਰ ਵਿੱਚ ਸਾਹਿਬਜ਼ਾਦੇ ਸੁਚੇਤ ਸਨ ਤਾਂ ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਲੈ ਕੇ ਅਜੋਕੇ ਬ੍ਰਾਹਮਣ ਅਤੇ ਸੰਤ-ਬਾਬਾਵਾਦ ਤੋਂ ਸੁਚੇਤ ਹੋਣਾ ਚਾਹੀਦਾ ਹੈ। ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਉਨ੍ਹਾਂ ਬੀਰ ਬਹਾਦਰ ਗੁਰੂ ਕੇ ਲਾਲਾਂ ਨੂੰ ਕਿ ਅਸੀਂ ਵੀ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਬੀਰ ਗਾਥਾਵਾਂ ਪੜ੍ਹਾ-ਸੁਣਾ ਕੇ ਯੂਨੀਵਰਸਲ ਸਿੱਖ ਧਰਮ ਦੇ ਵਿਰਸੇ ਨਾਲ ਜੋੜੀਏ ਤਾਂ ਕਿ ਸਾਡੇ ਬੱਚੇ ਵੀ ਸਿੱਖੀ ਸਿਧਾਂਤਾਂ ਦੇ ਧਾਰਨੀ, ਮਾਡਲ ਅਤੇ ਪ੍ਰਚਾਰਕ ਬਣ ਕੇ, ਸਿੱਖ ਕੌਮ ਦਾ ਸਿਰ ਉੱਚਾ ਕਰ ਸਕਣ। ਐਸੀਆਂ ਬੀਰ ਬਹਾਦਰ ਜਿੰਦਾਂ ਨੂੰ ਕੋਟਿ ਕੋਟਿ ਪ੍ਰਨਾਮ!

# A & S

## Auto Repair & Services

### Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hay-ward, CA 94544



Prop: Jasbir Singh Takhar
510-755-2132

Harmandeep Singh



# TANDOOR
## Indian Restaurant

### 27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days
11 AM to 10 PM

Contact Us:
Ph. 510-885-1212
Fax. 510-885-1532



# L.A. MERCHANDISE

## Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES


CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-338-5511

Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS




**ਸਾਡੀ ਸਪੈਸ਼ਲਟੀ**

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com